






PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 21 ਅਗਸਤ ਤੋਂ 27 ਅਗਸਤ, 2025 | Email :- editor@punjabstar.com, Vo. 20. Issue:1199


## ਕੈਨੇਡਾ ਦੀ ਇਤਿਹਾਸਕ ਜ਼ਿਮਨੀ ਚੋਣ 'ਚ ਪੌਇਲੀਐਵ ਜੇਤੂ

### ਸੰਸਦ 'ਚ ਪ੍ਰਧਾਨ ਮੰਤਰੀ ਨੂੰ ਘੇਰਨ ਲਈ ਤਿਆਰ ਬਰ ਤਿਆਰ





ਕੈਲਗਰੀ (ਬਲਜਿੰਦਰ ਸੇਖਾ): ਕੰਜ਼ਰਵੇਟਿਵ ਪਾਰਟੀ ਦੇ ਆਗੂ ਪਿਅਰੇ ਪੌਇਲੀਐਵ ਨੇ ਐਲਬਰਟਾ ਦੀ ਜ਼ਿਮਨੀ ਚੋਣ ਵਿਚ ਜਿੱਤ ਦਰਜ ਕਰਦਿਆਂ ਹਾਊਸ ਆਫ਼ ਕਾਮਨਜ਼ ਵਿਚ ਮੁੜ ਆਪਣੀ ਸੀਟ ਪੱਕੀ ਕਰ ਲਈ। ਬੈਟਲ ਰਿਵਰ-ਕ੍ਰੋਅਫੁਟ ਪਾਰਲੀਮਾਨੀ ਹਲਕੇ ਦਾ ਚੋਣ ਨਤੀਜਾ ਪਿਅਰੇ ਪੌਇਲੀਐਵ ਵਾਸਤੇ ਵੱਖਰੀ ਖੁਸ਼ੀਆਂ ਲੈ ਕੇ ਆਇਆ ਜਿਨ੍ਹਾਂ ਨੂੰ ਆਮ ਚੋਣਾਂ ਦੌਰਾਨ ਕੰਜ਼ਰਵੇਟਿਵ ਪਾਰਟੀ ਦੀ ਹਾਰ ਅਤੇ ਕਾਰਲਟਨ ਹਲਕੇ ਤੋਂ ਆਪਣੀ ਹਾਰ ਦਾ ਦੂਹਰਾ ਝਟਕਾ ਲੱਗਾ ਸੀ। ਕੈਮਰੋਜ਼ ਵਿਖੇ ਜੇਤੂ ਭਾਸ਼ਣ ਦੌਰਾਨ ਟੋਰੀ ਆਗੂ ਨੇ ਆਪਣੀ ਪਤਨੀ, ਸਾਬਕਾ ਐਮ.ਪੀ. ਡੈਮੀਅਨ ਕੁਰੇਕ ਅਤੇ ਬੈਟਲ ਰਿਵਰ-ਕ੍ਰੋਅਫੁਟ ਹਲਕੇ ਦੇ ਲੋਕਾਂ ਦਾ ਸ਼ੁਕਰੀਆ ਅਦਾ ਕੀਤਾ। ਉਨ੍ਹਾਂ ਕਿਹਾ, ''ਇਸ ਖਿਤੇ ਦੇ ਲੋਕਾਂ ਨੂੰ ਨੇੜਿਉਂ ਹੋ ਕੇ ਜਾਣਨ ਦਾ ਮੌਕਾ ਮਿਲਿਆ ਹੈ ਅਤੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।''

ਦੱਸ ਦੇਈਏ ਕਿ ਪਿਅਰ ਪੌਇਲੀਐਵ ਨੇ ਭਾਵੇਂ ਜ਼ਿਮਨੀ ਚੋਣ ਵਿਚ ਜਿੱਤ ਰਾਹੀਂ ਇਕ ਅੜਿੱਕਾ ਪਾਰ ਕਰ ਲਿਆ ਹੈ ਪਰ ਦੂਜਾ ਵੱਡਾ ਅੜਿੱਕਾ ਬਾਕੀ ਸਫਾ 2 'ਤੇ

## ਅਫ਼ਗ਼ਾਨਿਸਤਾਨ 'ਚ ਦਰਦਨਾਕ ਸੜਕ ਹਾਦਸੇ 'ਚ 79 ਮੌਤਾਂ

### ਮਰਨ ਵਾਲਿਆਂ 'ਚ 19 ਬੱਚੇ ਵੀ ਸ਼ਾਮਲ



(ਪੰਜਾਬ ਸਟਾਰ ਬਿਊਰੋ)

ਅਫ਼ਗ਼ਾਨਿਸਤਾਨ ਤੋਂ ਬੁਰੀ ਖ਼ਬਰ ਆ ਰਹੀ ਹੈ। ਇਥੇ 79 ਅਫ਼ਗ਼ਾਨੀਆਂ ਦੀ ਭਿਆਨਕ ਬੱਸ ਹਾਦਸੇ ਵਿੱਚ ਮੌਤ ਹੋ ਗਈ। ਜਾਣਕਾਰੀ ਦੇ ਮੁਤਾਬਕ ਮਰਨ ਵਾਲਿਆਂ ਵਿੱਚ 19 ਬੱਚੇ ਵੀ ਸ਼ਾਮਲ ਹਨ। ਅਫਗਾਨਿਸਤਾਨ ਦੇ ਗ੍ਰਹਿ ਮੰਤਰਾਲੇ ਦੇ ਬੁਲਾਰੇ ਅਬਦੁਲ ਮਤੀਨ ਕਾਨੀ ਨੇ ਕਿਹਾ ਕਿ ਇਹ ਹਾਦਸਾ ਉਸ ਸਮੇਂ ਹੋਇਆ ਜਦੋਂ ਬੱਸ ਈਰਾਨ ਤੋਂ ਵਾਪਸ ਆ ਰਹੀ ਸੀ। ਅਬਦੁਲ ਮਤੀਨ ਕਾਨੀ ਨੇ ਕਿਹਾ ਕਿ ਹਾਦਸੇ ਵਿੱਚ ਦੋ ਲੋਕ ਵੀ ਜ਼ਖਮੀ ਹੋਏ ਹਨ। ਉਨ੍ਹਾਂ ਕਿਹਾ ਕਿ ਇਹ ਹਾਦਸਾ ਮੰਗਲਵਾਰ ਰਾਤ ਨੂੰ ਸਥਾਨਕ ਸਮੇਂ ਅਨੁਸਾਰ ਰਾਤ 8:30 ਵਜੇ ਦੇ ਕਰੀਬ ਹੇਰਾਤ ਸੂਬੇ ਵਿੱਚ ਵਾਪਰਿਆ। ਬੱਸ ਇੱਕ ਟਰੱਕ ਅਤੇ ਇੱਕ ਮੋਟਰਸਾਈਕਲ ਨਾਲ ਟਕਰਾ ਗਈ, ਜਿਸ ਕਾਰਨ ਭਾਰੀ ਅੱਗ ਲੱਗ ਗਈ ਅਤੇ ਕਈ ਲੋਕਾਂ * ਬਾਕੀ ਸਫਾ 2 'ਤੇ

## ਪਾਕਿਸਤਾਨ 'ਚ ਮੌਨਸੂਨ ਕਾਰਨ ਹੁਣ ਤੱਕ 657 ਮੌਤਾਂ

### ਬੁਨੇਰ ਤੇ ਸ਼ਾਂਗਲਾ ਜ਼ਿਲ੍ਹਿਆਂ 'ਚ 150 ਲਾਪਤਾ



(ਪੰਜਾਬ ਸਟਾਰ ਬਿਊਰੋ)

ਪਾਕਿਸਤਾਨ ਵਿੱਚ ਜੂਨ ਮਹੀਨੇ ਦੇ ਅਖੀਰ ਤੋਂ ਲੈ ਕੇ ਹੁਣ ਤੱਕ ਮੀਂਹ ਨਾਲ ਸਬੰਧਤ ਘਟਨਾਵਾਂ ਵਿੱਚ ਘੱਟੋ-ਘੱਟ 657 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਲਗਪਗ 1,000 ਹੋਰ ਵਿਅਕਤੀ ਜ਼ਖਮੀ ਹੋ ਗਏ। ਮੀਡੀਆ ਨਾਲ ਗੱਲਬਾਤ ਦੌਰਾਨ ਕੌਮੀ ਆਫ਼ਤ ਪ੍ਰਬੰਧਨ ਅਥਾਰਿਟੀ (ਐੱਨਡੀਐੱਮਏ) ਦੇ ਤਰਜਮਾਨ ਤੱਯਬ ਸ਼ਾਹ ਨੇ ਕਿਹਾ ਕਿ 22 ਅਗਸਤ ਤੱਕ ਮੌਨਸੂਨ ਦਾ ਭਾਰੀ ਮੀਂਹ ਜਾਰੀ ਰਹਿਣ ਦੀ ਸੰਭਾਵਨਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਸਤੰਬਰ ਵਿੱਚ ਦੇਸ਼ 'ਚ ਹੋਰ ਮੀਂਹ ਪੈਣ ਦੀ ਸੰਭਾਵਨਾ ਹੈ।

ਸ਼ਾਹ ਨੇ ਕਿਹਾ ਕਿ ਇਸ ਸਾਲ ਮੌਨਸੂਨ ਦੀ ਬਾਰਸ਼ ਪਿਛਲੇ ਸਾਲ ਨਾਲੋਂ 50 ਤੋਂ 60 ਫੀਸਦ ਜ਼ਿਆਦਾ ਹੋਈ ਹੈ। ਇਸ ਸਾਲ ਮੌਨਸੂਨ ਸੀਜ਼ਨ ਹਾਲ ਦੇ ਸਾਲਾਂ ਵਿੱਚ ਸਭ ਤੋਂ ਵੱਧ ਤਬਾਹੀ ਵਾਲਾ ਰਿਹਾ ਹੈ। ਐੱਨਡੀਐੱਮਏ ਅਨੁਸਾਰ, 26 ਜੂਨ ਤੋਂ ਪਾਕਿਸਤਾਨ ਵਿੱਚ ਮੀਂਹ ਨਾਲ ਸਬੰਧਤ ਘਟਨਾਵਾਂ 'ਚ 657 ਵਿਅਕਤੀਆਂ ਦੀ ਮੌਤ ਹੋਈ ਹੈ। ਮ੍ਰਿਤਕਾਂ ਵਿੱਚ 171 ਬੱਚੇ, 94 ਔਰਤਾਂ ਅਤੇ 392 ਪੁਰਸ਼ ਸ਼ਾਮਲ ਹਨ। * ਬਾਕੀ ਸਫਾ 2 'ਤੇ

## ਅਮਰੀਕਾ 'ਚ ਕੰਮ ਤੇ ਨਾਗਰਿਕਤਾ ਚਾਹੁਣ ਵਾਲਿਆਂ ਦੀ ਹੁਣ ਹੋਵੇਗੀ 'ਅਮਰੀਕਾ ਵਿਰੋਧੀ' ਜਾਂਚ



(ਪੰਜਾਬ ਸਟਾਰ ਬਿਊਰੋ)


ਅਮਰੀਕਾ 'ਚ ਰਹਿਣ ਅਤੇ ਕੰਮ ਕਰਨ ਲਈ ਕਾਨੂੰਨੀ ਰਸਤਾ ਲੱਭਣ ਵਾਲੇ ਪ੍ਰਵਾਸੀਆਂ ਦੀ ਹੁਣ 'ਅਮਰੀਕਾ ਵਿਰੋਧੀ' ਹੋਣ ਲਈ ਜਾਂਚ ਕੀਤੀ ਜਾਵੇਗੀ। ਅਥਾਰਟੀਆਂ ਦੇ ਇਸ ਨਵੇਂ ਪ੍ਰਗਟਾਵੇ ਮਗਰੋਂ ਅਫ਼ਸਰਾਂ ਦੇ ਹੱਥ 'ਚ ਬਹੁਤ ਜ਼ਿਆਦਾ ਤਾਕਤ ਪ੍ਰਦਾਨ ਕਰਨ ਦੀਆਂ ਚਿੰਤਾਵਾਂ ਪੈਦਾ ਹੋ ਗਈਆਂ ਹਨ ਕਿ ਜਿਸ ਨਾਲ ਉਹ ਕਿਸੇ ਵੀ ਕਾਰਨ ਵਿਦੇਸ਼ੀਆਂ ਨੂੰ ਰੋਕ ਸਕਣਗੇ।

ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ ਨੇ ਕਿਹਾ ਕਿ ਅਧਿਕਾਰੀ ਹੁਣ ਇਸ ਗੱਲ ਉਤੇ ਵਿਚਾਰ ਕਰਨਗੇ ਕਿ * ਬਾਕੀ ਸਫਾ 2 'ਤੇ

## ਟਰੰਪ ਨੇ ਰੂਸ-ਯੂਕਰੇਨ ਜੰਗ ਖ਼ਤਮ ਕਰਨ ਲਈ ਭਾਰਤ 'ਤੇ ਪਾਬੰਦੀਆਂ ਲਗਾਈਆਂ: ਵ੍ਹਾਈਟ ਹਾਊਸ

(ਪੰਜਾਬ ਸਟਾਰ ਬਿਊਰੋ)

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਰੂਸ ਅਤੇ ਯੂਕਰੇਨ ਦਰਮਿਆਨ ਚੱਲ ਰਹੀ ਜੰਗ ਨੂੰ ਖ਼ਤਮ ਕਰਨ ਲਈ ਭਾਰਤ 'ਤੇ ਪਾਬੰਦੀਆਂ ਲਗਾਈਆਂ ਹਨ। ਇਹ ਜਾਣਕਾਰੀ ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲਿਨ ਲੈਵਿਟ ਨੇ ਦਿੱਤੀ। ਲੈਵਿਟ ਨੇ ਦੱਸਿਆ ਕਿ ਟਰੰਪ ਨੇ ਭਾਰਤ 'ਤੇ ਕੁੱਲ 50 ਫੀਸਦ ਟੈਕਸ ਲਗਾਏ ਹਨ, ਜਿਸ ਵਿੱਚ ਰੂਸੀ ਤੇਲ ਦੀ ਖਰੀਦ ਕਾਰਨ ਲਗਾਇਆ 25ਫੀਸਦੀ ਜੁਰਮਾਨਾ ਵੀ ਸ਼ਾਮਲ ਹੈ। ਇਹ ਟੈਰਿਫ 27 ਅਗਸਤ ਤੋਂ ਲਾਗੂ ਹੋਣਗੇ। ਮੰਗਲਵਾਰ ਨੂੰ ਪ੍ਰੈੱਸ ਬ੍ਰੀਫਿੰਗ ਦੌਰਾਨ ਲੈਵਿਟ ਨੇ ਕਿਹਾ ਕਿ ਟਰੰਪ ਨੇ ਲਗਪਗ * ਬਾਕੀ ਸਫਾ 2 'ਤੇ



## ਬਰੈਂਪਟਨ 'ਚ ਭਾਰਤੀ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ, ਦੂਜਾ ਜ਼ਖ਼ਮੀ



(ਪੰਜਾਬ ਸਟਾਰ ਬਿਊਰੋ)

ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿੱਚ ਅਣਪਛਾਤਿਆਂ ਨੇ ਘਰ ਵਿਚ ਦਾਖ਼ਲ ਹੋ ਕੇ ਭਾਰਤੀ ਮੂਲ ਦੇ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਹੈ। ਇਸ ਦੌਰਾਨ ਇੱਕ ਹੋਰ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਿਆ, ਜੋ ਹਸਪਤਾਲ ਵਿਚ ਜ਼ੇਰੇ ਇਲਾਜ ਹੈ। ਮਾਰੇ ਗਏ ਨੌਜਵਾਨ ਦੀ ਪਛਾਣ ਸੋਨੂੰ ਚੱਠਾ ਵਜੋਂ ਕੀਤੀ ਗਈ ਹੈ। ਜ਼ਖ਼ਮੀ ਹੋਇਆ ਵਿਅਕਤੀ ਵੀ ਭਾਰਤੀ ਹੈ, ਪਰ ਉਸ ਦੇ ਨਾਂਅ ਦੀ ਅਜੇ ਪੁਸ਼ਟੀ ਨਹੀਂ ਹੋਈ। ਉਧਰ ਘਟਨਾ ਤੋਂ ਕੁਝ ਘੰਟੇ ਬਾਅਦ ਬਿਸ਼ਨੋਈ ਗਰੁੱਪ ਵੱਲੋਂ ਇਸ ਕਤਲ ਦੀ ਜ਼ਿੰਮੇਵਾਰੀ ਲੈਣ ਦਾ ਦਾਅਵਾ ਕੀਤਾ ਗਿਆ ਹੈ, ਪਰ ਖ਼ਬਰ ਲਿਖੇ ਜਾਣ ਤੱਕ ਇਸ ਦੀ ਪੁਸ਼ਟੀ ਨਹੀਂ ਹੋ ਸਕੀ।

ਘਟਨਾ ਬਾਰੇ ਜਾਣਕਾਰੀ ਦਿੰਦੇ ਹੋਏ ਪੀਲ ਪੁਲੀਸ ਦੇ ਬੁਲਾਰੇ * ਬਾਕੀ ਸਫਾ 2 'ਤੇ

## ਅਮਰੀਕਾ ਨੇ ਵਿਦਿਆਰਥੀਆਂ ਨੂੰ ਦਿੱਤਾ ਵੱਡਾ ਝਟਕਾ !

### 6 ਹਜ਼ਾਰ ਤੋਂ ਵੱਧ ਵਿਦਿਆਰਥੀਆਂ ਦੇ ਵੀਜ਼ੇ ਕੀਤੇ ਰੱਦ



(ਪੰਜਾਬ ਸਟਾਰ ਬਿਊਰੋ)

ਅਮਰੀਕਾ ਨੇ 6 ਹਜ਼ਾਰ ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀ ਵੀਜ਼ੇ ਰੱਦ ਕਰ ਦਿੱਤੇ ਹਨ। ਰੱਦ ਕੀਤੇ ਗਏ ਵੀਜ਼ਿਆਂ ਵਿੱਚੋਂ 4 ਹਜ਼ਾਰ ਵਿਦਿਆਰਥੀ ਅਪਰਾਧਾਂ ਵਿੱਚ ਸ਼ਾਮਿਲ ਸਨ, ਜਿਸ ਕਾਰਨ ਇਹ ਸਖ਼ਤ ਕਦਮ ਚੁੱਕਿਆ ਗਿਆ ਹੈ। ਇਸ ਦੇ ਨਾਲ ਹੀ ਕੁਝ ਦੇ ਵੀਜ਼ੇ ਖਤਮ ਹੋ ਗਏ ਸਨ ਅਤੇ ਉਹ ਉਸ ਤੋਂ ਬਾਅਦ ਵੀ ਅਮਰੀਕਾ ਵਿੱਚ ਰਹਿ ਰਹੇ ਸਨ।

ਰਿਪੋਰਟਾਂ ਦੇ ਅਨੁਸਾਰ, 6,000 ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਗਏ ਹਨ। ਜਾਂਚ ਵਿੱਚ ਪਾਇਆ ਗਿਆ ਹੈ ਕਿ ਉਨ੍ਹਾਂ ਵਿੱਚੋਂ ਕੁਝ ਨੇ ਕਾਨੂੰਨ ਤੋੜਿਆ, ਕੁਝ ਆਪਣੇ ਵੀਜ਼ੇ ਦੀ ਮਿਆਦ ਪੁੱਗਣ ਤੋਂ ਬਾਅਦ ਵੀ ਰੁਕੇ, ਜਦੋਂ ਕਿ ਕੁਝ ਅੱਤਵਾਦ ਸਮੇਤ ਗੰਭੀਰ ਅਪਰਾਧਾਂ ਵਿੱਚ ਸ਼ਾਮਿਲ ਸਨ। * ਬਾਕੀ ਸਫਾ 2 'ਤੇ

## ਅਮਰੀਕਾ 'ਚੋਂ ਸੈਂਕੜੇ ਪੰਜਾਬੀ ਡਰਾਈਵਰ ਹੋਣਗੇ ਡਿਪੋਰਟ

* ਟਰੱਕ ਸਟੌਪਸ ਅਤੇ ਵੇਇੰਗ ਸਟੇਸ਼ਨਾਂ 'ਤੇ ਇੰਮੀਗ੍ਰੇਸ਼ਨ ਕਾਰਵਾਈ
* 3 ਮੌਤਾਂ ਲਈ ਜ਼ਿੰਮੇਵਾਰ ਹਰਜਿੰਦਰ ਸਿੰਘ ਕਰ ਕੇ ਮਾਮਲਾ ਭਖਿਆ



ਸਟੌਕਟਨ (ਪੰਜਾਬ ਸਟਾਰ ਬਿਊਰੋ) : ਅਮਰੀਕਾ ਵਿਚ ਸੈਂਕੜੇ ਪੰਜਾਬੀ ਟਰੱਕ ਡਰਾਈਵਰਾਂ ਦੀ ਹੁਣ ਖ਼ੈਰ ਨਹੀਂ ਜਿਨ੍ਹਾਂ ਨੂੰ ਫੜ-ਫੜ ਕੇ ਡਿਪੋਰਟ ਕਰਨ ਦੀ ਤਿਆਰੀ ਇੰਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਵਾਲਿਆਂ ਨੇ ਕਰ ਲਈ ਹੈ। ਜੀ ਹਾਂ, ਤਿੰਨ ਮੌਤਾਂ ਦੇ ਜ਼ਿੰਮੇਵਾਰ ਹਰਜਿੰਦਰ ਸਿੰਘ ਦਾ ਮਾਮਲਾ ਪੂਰੀ ਤਰ੍ਹਾਂ ਭਖ ਚੁੱਕਾ ਹੈ ਅਤੇ ਆਈਸ ਦੇ ਨਾਕੇ ਟਰੱਕ ਵੇਇੰਗ ਸਟੇਸ਼ਨਾਂ ਯਾਨੀ ਕੰਡਿਆਂ 'ਤੇ ਲੱਗਣੇ ਸ਼ੁਰੂ ਹੋ ਗਏ ਹਨ * ਬਾਕੀ ਸਫਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਉ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888-864-3131



Jasbir Singh Hundal
Registered Credit Counsellor
www.MakeMeDebtFree.ca
416-502-3100
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਪੰਜਾਬ ਕੌਨਕਲੇਵ: ਦੂਜਾ ਸਲਾਨਾ ਸਮਾਗਮ 22 ਅਗਸਤ ਨੂੰ ਮਿਸੀਸਾਗਾ ਵਿੱਚ




ਸਟਾਰ ਨਿਊਜ਼:- ਪੰਜਾਬ ਕੌਨਕਲੇਵ 22 ਅਗਸਤ ਨੂੰ ਮਿਸੀਸਾਗਾ ਦੇ ਟੈਰਸ ਆਨ ਦਾ ਗ੍ਰੀਨ ਵਿਖੇ ਹੋਣ ਜਾ ਰਿਹਾ ਹੈ। ਇਹ ਜਾਣਕਾਰੀ ਪੰਜਾਬ ਕੌਨਕਲੇਵ ਦੇ ਫਾਊਂਡਰ ਅਤੇ ਉੱਘੇ ਜਰਨਲਿਸਟ ਕੰਵਰ ਸੰਧੂ ਵਲੋਂ ਦਿੱਤੀ ਗਈ ਹੈ। ਸਾਲ 2024 ਵਿੱਚ ਉਨ੍ਹਾਂ ਵਲੋਂ ਪੰਜਾਬ ਕੌਨਕਲੇਵ ਦੀ ਸ਼ੁਰੂਆਤ ਕੀਤੀ ਗਈ ਸੀ। ਇਸ ਸਾਲ ਦੂਜਾ ਪੰਜਾਬ ਕੌਨਕਲੇਵ ਕਾਰਵਾਇਆ ਜਾ ਰਿਹੈ ਹੈ। ਕੰਵਰ ਸੰਧੂ ਮੁਤਾਬਿਕ ਉਨ੍ਹਾਂ ਵਲੋਂ ਇਹ ਉੱਦਮ ਇਸ ਲਈ ਕੀਤਾ ਗਿਆ ਕਿ ਜਿਹੜੇ ਪਰਵਾਸੀ ਪੰਜਾਬ ਦਾ ਦਰਦ ਮਹਿਸੂਸ ਕਰਦੇ ਹਨ ਉਨ੍ਹਾਂ ਨਾਲ ਮਿਲਕੇ ਇੱਕ ਸਾਂਝਾ ਉਪਰਾਲਾ ਕੀਤਾ ਜਾਵੇ ਜਿਸ ਨਾਲ ਪੰਜਾਬ ਦੀ ਬਹਿਤਰੀ ਲਈ ਕੁੱਝ ਕੀਤਾ ਜਾ ਸਕੇ।

ਕੰਵਰ ਸੰਧੂ ਹੁਣਾ ਦੱਸਿਆ ਕਿ ਇਸ ਸਾਲ ਦੇ ਪੰਜਾਬ ਕੌਨਕਲੇਵ ਵਿੱਚ ਕਨੂੰਨ ਅਤੇ ਵਿਵਸਥਾ, ਆਮ ਲੋਕਾਂ ਦੀ ਸੁਰੱਖਿਆ, ਟ੍ਰਾਂਸਪੋਰਟੇਸ਼ਨ/ ਇਨਫ੍ਰਾਸਟ੍ਰਕਚਰ, ਸਿਹਤ ਸੇਵਾਵਾਂ, ਦੰਦਾ ਦੀ ਸੰਭਾਲ ਵਰਗੇ ਵਿਸ਼ਿਆਂ 'ਤੇ ਚਰਚਾ ਹੋਵੇਗੀ। ਕੈਨੇਡਾ ਅਤੇ ਪੰਜਾਬ ਵਿੱਚ ਇਨ੍ਹਾਂ ਸਾਰੇ ਮੁੱਦਿਆਂ ਨੂੰ ਕਿਵੇਂ ਦੇਖਿਆ ਜਾਂਦਾ ਹੈ। ਕੀ ਇੱਕ ਦੂਜੇ ਦੇਸ਼ ਤੋਂ ਇਨ੍ਹਾਂ ਵਿੱਚ ਸੁਧਾਰ ਲਈ ਕੁੱਝ ਸਿੱਖਿਆ ਜਾ ਸਕਦਾ ਇਸ ਸਬੰਧੀ ਵਿਸਥਾਰ ਵਿੱਚ ਵਿਚਾਰ ਚਰਚਾ ਹੋਵੇਗੀ। ਇਸ ਸਾਲ ਦੇ ਪੰਜਾਬ ਕੌਨਕਲੇਵ ਦੇ ਵਿਸ਼ੇਸ਼ ਮਹਿਮਾਨ ਅਤੇ ਬੁਲਾਰੇ ਹੋਣਗੇ, ਸੈਕਟਰੀ ਆਫ ਸਟੇਟ ਮਾਣਯੋਗ ਰੂਬੀ ਸਹੋਤਾ, ਉਨਟੇਰੀਓ ਦੇ ਟ੍ਰਾਂਸਪੋਰਟੇਸ਼ਨ ਮੰਤਰੀ ਮਾਣਯੋਗ ਪ੍ਰਭਮੀਤ ਸਰਕਾਰੀਆ, ਰੌਇਲ ਕਾਲਜ ਆਫ ਡੈਂਟਲ ਸਰਜਨਜ਼ ਆਫ ਉਨਟੈਰੀਓ ਦੇ ਪ੍ਰਧਾਨ ਡਾ ਹਰਿੰਦਰ ਸੰਧੂ। ਜੇਕਰ ਤੁਸੀਂ ਵੀ ਇਸ ਸਮਾਗਮ ਵਿੱਚ ਹਿੱਸਾ ਲੈਣਾ ਚਾਹੁੰਦੇ ਹੋ ਤਾਂ ਕੰਵਰ ਸੰਧੂ ਹੁਣਾ ਨਾਲ ਸੰਪਰਕ ਕਰ ਸਕਦੇ ਹੋ +91 97795 80011 ਇਹ ਉਨ੍ਹਾਂ ਦਾ ਵਟਸਐਪ ਨੰਬਰ ਹੈ।

# ਡਾ.ਦਵਿੰਦਰ ਸਿੰਘ ਲੱਧੜ ਬੰਦਾ ਬਹਾਦੁਰ ਫਾਊਂਡੇਸ਼ਨ ਦੇ ਕੌਮਾਂਤਰੀ ਸਰਪਰਸਤ ਨਿਯੁਕਤ



ਟੋਰਾਂਟੋ, (ਬਲਜਿੰਦਰ ਸੇਖਾ) : ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਉਂਡੇਸ਼ਨ, ਲੁਧਿਆਣਾ (ਪੰਜਾਬ) ਦੇ ਪਰਧਾਨ ਕ੍ਰਿਸ਼ਨ ਕੁਮਾਰ ਬਾਵਾ, ਜੋ ਕਿ ਅੱਜਕੱਲ ਕਨੇਡਾ ਦੌਰੇ ਤੇ ਹਨ, ਨੇ ਡਾ ਦਵਿੰਦਰ ਸਿੰਘ ਲੱਧੜ (ਸਲਾਹਕਾਰ, ਚਾਂਸਲਰ ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ, ਬਠਿੰਡਾ, ਪੰਜਾਬ) ਨੂੰ ਨਵਪ੍ਰਕਾਸ਼ਤ ਪੁਸਤਕ ' ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ' ਦੇ ਲੋਕਾਰਪਣ ਸਮਾਗਮ ਮੌਕੇ, ਸੰਸਥਾ ਦਾ ਕੌਮਾਂਤਰੀ ਸਰਪ੍ਰਸਤ ਨਿਯੁਕਤ ਕੀਤਾ ਹੈ। ਸਮਾਗਮ ਵਿੱਚ ਕਨੇਡਾ ਅਤੇ ਵਿਦੇਸ਼ਾਂ ਤੋਂ ਆਏ ਲੇਖਕਾਂ, ਬੁੱਧੀਜੀਵੀਆਂ, ਕਵੀਆਂ, ਅਤੇ ਸਮਾਜਸੇਵੀਆਂ ਨੇ ਹਾਜਰੀ ਭਰੀ। ਇਸ ਮੌਕੇ ਡਾ ਲੱਧੜ ਨੇ ਬਾਵਾ ਅਤੇ ਉਨ੍ਹਾਂ ਦੀ ਵੱਡਮੁੱਲੀ ਸੰਸਥਾ ਦਾ ਧੰਨਵਾਦ ਕੀਤਾ ਅਤੇ ਹਰ ਸੰਭਵ ਢੰਗ ਨਾਲ ਕਨੇਡਾ ਦੀ ਧਰਤੀ ਤੇ ਸੰਸਥਾ ਦੀਆਂ ਗਤੀਵਿਧੀਆਂ ਨੂੰ ਸਹਿਯੋਗ ਮੁਹੱਈਆ ਕਰਨ ਅਤੇ ਇਸ ਨਾਲ ਵਿਦਵਾਨਾਂ ਨੂੰ ਜੋੜਨ ਦਾ ਭਰੋਸਾ ਦਿਵਾਇਆ। ਸਮੁੱਚੇ ਭਾਈਚਾਰੇ ਵਿੱਚ ਡਾ ਲੱਧੜ ਦੇ ਸਰਪ੍ਰਸਤ ਬਨਣ ਦੀ ਖੁਸ਼ੀ ਦੀ ਲਹਿਰ ਹੈ। ਉਨ੍ਹਾਂ ਨੂੰ ਦੇਸ਼ਾਂ ਵਿਦੇਸ਼ਾਂ ਤੋਂ ਮਿੱਤਰ ਪਿਆਰਿਆਂ ਵਲੋਂ ਵਧਾਈ ਸੰਦੇਸ਼ ਅਤੇ ਫੁੱਲਾਂ ਦੇ ਗੁਲਦਸਤੇ ਮਿਲ ਰਹੇ ਹਨ।

# ਮਾਊਂਟੇਨ ਐਸ਼ ਸੀਨੀਅਰਜ਼ ਕਲੱਬ ਨੇ ਕੈਨੇਡਾ ਦਿਵਸ ਅਤੇ ਬਹੁ-ਸੱਭਿਆਚਾਰਕ ਪ੍ਰੋਗਰਾਮ




ਮਾਊਂਟੇਨ ਐਸ਼ ਸੀਨੀਅਰਜ਼ ਕਲੱਬ ਨੇ 16 ਅਗਸਤ, ਸ਼ਨੀਵਾਰ ਨੂੰ ਕੈਨੇਡਾ ਦਿਵਸ ਅਤੇ ਬਹੁ-ਸੱਭਿਆਚਾਰਕ ਪ੍ਰੋਗਰਾਮ ਮਨਾਇਆ। ਜਿਸ ਵਿੱਚ ਮੇਅਰ ਸ੍ਰੀ ਪੈਟ੍ਰਿਕ ਬ੍ਰਾਊਨ ਅਤੇ ਫੈਡਰਲ ਅਤੇ ਪ੍ਰੋਵਿੰਸ਼ੀਅਲ ਦੇ ਸਾਰੇ ਚੁਣੇ ਹੋਏ ਮੈਂਬਰਾਂ ਨੇ ਹਿੱਸਾ ਲਿਆ। ਸਾਰੇ ਉਮਰ ਵਰਗਾਂ ਲਈ ਖੇਡਾਂ ਕਰਵਾਈਆਂ ਗਈਆਂ ਅਤੇ ਇਨਾਮ ਦਿੱਤੇ ਗਏ। ਪੰਜਾਬੀ ਗਾਇਕਾ ਊਸ਼ਾ ਕਿਰਨ ਦੁਆਰਾ ਪੰਜਾਬੀ ਲੋਕ ਗੀਤ ਅਤੇ ਬੋਲੀਆਂ ਪੇਸ਼ ਕੀਤੀਆਂ ਗਈਆਂ। ਦੁਪਹਿਰ 1 ਵਜੇ ਤੋਂ ਸ਼ਾਮ 7 ਵਜੇ ਤੱਕ ਦਰਸ਼ਕਾਂ ਦੁਆਰਾ ਚਾਹ ਅਤੇ ਕੋਲਡ ਡਰਿੰਕਸ ਦੇ ਨਾਲ ਸਨੈਕਸ, ਮਿਠਾਈਆਂ ਦਾ ਆਨੰਦ ਮਾਣਿਆ ਗਿਆ।

ਕਲੱਬ ਦੇ ਪ੍ਰਧਾਨ ਚਰਨਜੀਤ ਸਿੰਘ ਢਿੱਲੋਂ ਨੇ ਸਾਰੇ ਮਹਿਮਾਨਾਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ।

# ਬਜ਼ੁਰਗ ਸਿੱਖ ਟੈਕਸੀ ਡਰਾਈਵਰਾਂ ਉਤੇ ਹੋਏ ਹਮਲੇ ਦੇ ਦੋਸ਼ ਵਿਚ ਤਿੰਨ ਗ੍ਰਿਫ਼ਤਾਰ

ਵੋਲਵਰਹੈਂਪਟਨ ਰੇਲਵੇ ਸਟੇਸ਼ਨ ਦੇ ਬਾਹਰ ਹੋਏ ਭਿਆਨਕ ਹਮਲੇ ਵਿਚ ਦੋ ਬਜ਼ੁਰਗ ਸਿੱਖ ਟੈਕਸੀ ਡਰਾਈਵਰਾਂ ਦੇ ਜ਼ਖ਼ਮੀ ਹੋਣ ਤੋਂ ਬਾਅਦ ਤਿੰਨ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸ਼ੁਕਰਵਾਰ, 15 ਅਗੱਸਤ ਨੂੰ ਵਾਪਰੀ ਇਸ ਘਟਨਾ ਦੌਰਾਨ 60 ਅਤੇ 70 ਸਾਲ ਦੀ ਉਮਰ ਦੇ ਡਰਾਈਵਰਾਂ ਉਤੇ ਹਮਲਾ ਕੀਤਾ ਗਿਆ ਸੀ। ਇਕ ਵਿਅਕਤੀ ਦੀ ਪੱਗ ਉਤਾਰ ਦਿਤੀ ਗਈ, ਜਿਸ ਤੋਂ ਬਾਅਦ ਉਸ ਨੂੰ ਜ਼ਮੀਨ ਉਤੇ ਡਿੱਗਦੇ ਵੇਖਿਆ ਜਾ ਸਕਦਾ ਹੈ। ਹੁਣ ਬ੍ਰਿਟਿਸ਼ ਟਰਾਂਸਪੋਰਟ ਪੁਲਿਸ (ਬੀਟੀਪੀ) ਨੇ ਇਸ ਮਾਮਲੇ 'ਚ ਇਕ 17 ਸਾਲ ਦੇ ਲੜਕੇ ਅਤੇ 19 ਅਤੇ 25 ਸਾਲ ਦੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਨੂੰ ਹਿਰਾਸਤ 'ਚ ਲੈ ਲਿਆ ਗਿਆ ਅਤੇ ਬਾਅਦ 'ਚ ਜ਼ਮਾਨਤ ਉਤੇ ਰਿਹਾਅ ਕਰ ਦਿਤਾ ਗਿਆ। ਇਸ ਘਟਨਾ ਨੂੰ ਨਸਲੀ ਤੌਰ ਉਤੇ ਗੰਭੀਰ ਮੰਨਿਆ ਜਾ ਰਿਹਾ ਹੈ।

# ਪੇਜ ਇੱਕ ਦੀ ਬਾਕੀ

## ਕੈਨੇਡਾ ਦੀ ਇਤਿਹਾਸਕ...

ਹਾਲੇ ਬਾਕੀ ਹੈ ਜੋ ਅਗਲੇ ਸਾਲ ਕੰਜ਼ਰਵੇਟਿਵ ਪਾਰਟੀ ਦੀ ਕੌਮੀ ਕਨਵੈਨਸ਼ਨ ਦੌਰਾਨ ਸਾਹਮਣੇ ਆਵੇਗਾ। ਚੋਣਾਂ ਵਿਚ ਹਾਰ ਦੇ ਮੱਦੇਨਜ਼ਰ ਕੰਜ਼ਰਵੇਟਿਵ ਪਾਰਟੀ ਇਸ ਗੱਲ ਦੀ ਸਮੀਖਿਆ ਕਰੇਗੀ ਕਿ ਪਾਰਟੀ ਦੀ ਵਾਗਡੋਰ ਪੌਇਲੀਐਵ ਦੇ ਹੱਥਾਂ ਵਿਚ ਹੀ ਰਹੇ ਜਾਂ ਨਵੇਂ ਸਿਰੇ ਤੋਂ ਆਗੂ ਚੁਣਿਆ ਜਾਵੇ। ਦੂਜੇ ਪਾਸੇ ਬੈਟਲ ਰਿਵਰ-ਕ੍ਰੋਅਫੁਟ ਹਲਕੇ ਦੀ ਇਤਿਹਾਸਕ ਚੋਣ ਹਾਰ ਦਾ ਮੂੰਹ ਦੇਖਣ ਵਾਲੇ 200 ਤੋਂ ਵੱਧ ਉਮੀਦਵਾਰਾਂ ਵਿਚੋਂ ਕੋਈ ਵੀ ਮੀਡੀਆ ਸਾਹਮਣੇ ਨਹੀਂ ਆਇਆ। ਕੈਨੇਡਾ ਦੇ ਕਿਸੇ ਇਕ ਪਾਰਲੀਮਾਨੀ ਹਲਕੇ ਵਿਚ ਸਭ ਤੋਂ ਵੱਧ ਉਮੀਦਵਾਰਾਂ ਦਾ ਪਿਛਲਾ ਰਿਕਾਰਡ ਕਾਰਲਟਨ ਵਿਚ ਹੀ ਬਣਿਆ ਜਿਥੇ 91 ਉਮੀਦਵਾਰ ਮੈਦਾਨ ਵਿਚ ਸਨ ਅਤੇ ਪੌਇਲੀਐਵ ਚੋਣ ਹਾਰ ਗਏ। ਔਟਵਾ ਦੇ ਨਾਲ ਲਗਦੇ ਕਾਰਲਟਨ ਹਲਕੇ ਤੋਂ 20 ਸਾਲ ਐਮ.ਪੀ. ਰਹਿਣ ਦੇ ਬਾਵਜੂਦ ਇਸ ਵਾਰ ਹਲਕੇ ਦੇ ਲੋਕਾਂ ਨੇ ਲਿਬਰਲ ਪਾਰਟੀ ਦੇ ਨਵੇਂ ਨਕੋਰ ਉਮੀਦਵਾਰ 'ਤੇ ਜ਼ਿਆਦਾ ਭਰੋਸਾ ਪ੍ਰਗਟਾਇਆ।

### ਆਮ ਚੋਣਾਂ ਦੌਰਾਨ ਕਾਰਲਟਨ ਹਲਕੇ ਤੋਂ ਮਿਲੀ ਸੀ ਹਾਰ

ਬੈਟਲ ਰਿਵਰ-ਕ੍ਰੋਅਫੁਟ ਹਲਕੇ ਦੀ ਜਿੱਤ ਮਗਰੋਂ ਪਿਅਰੇ ਪੌਇਲੀਐਵ ਸੰਸਦ ਵਿਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਸਿੱਧੇ ਸਵਾਲ ਕਰ ਸਕਣਗੇ ਜਦਕਿ ਹੁਣ ਤੱਕ ਉਹ ਪ੍ਰੈਸ ਕਾਨਫ਼ਰੰਸਾਂ ਰਾਹੀਂ ਆਪਣੀ ਰਾਏ ਜ਼ਾਹਰ ਕਰ ਸਕਣਗੇ। ਪੌਇਲੀਐਵ ਦਾ ਦੋਸ਼ ਹੈ ਕਿ ਮਾਰਕ ਕਾਰਨੀ ਦੇ ਪ੍ਰਧਾਨ ਮੰਤਰੀ ਬਣਨ ਮਗਰੋਂ ਕੈਨੇਡਾ ਨੂੰ 63 ਅਰਬ ਡਾਲਰ ਦਾ ਨੁਕਸਾਨ ਹੋ ਚੁੱਕਾ ਹੈ। ਟੋਰੀ ਆਗੂ ਨੇ ਦਾਅਵਾ ਕੀਤਾ ਕਿ ਕੈਨੇਡਾ ਵਾਲਿਆਂ ਨੂੰ ਸੁਰੱਖਿਅਤ ਇਲਾਕਿਆਂ ਵਿਚ ਕਿਫਾਇਤੀ ਘਰ ਅਤੇ ਖੁਰਾਕੀ ਵਸਤਾਂ ਖਰੀਦਣ ਦੇ ਸਮਰੱਥ ਬਣਾਉਣ ਲਈ ਉਹ ਕਿਸੇ ਵੀ ਪਾਰਟੀ ਨਾਲ ਕੰਮ ਕਰਨ ਵਾਸਤੇ ਤਿਆਰ ਹਨ।

## ਅਫ਼ਗ਼ਾਨਿਸਤਾਨ 'ਚ ਦਰਦਨਾਕ...

ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਹ ਧਿਆਨ ਦੇਣ ਯੋਗ ਹੈ ਕਿ ਈਰਾਨ ਅਤੇ ਪਾਕਿਸਤਾਨ ਉਨ੍ਹਾਂ ਵਿਦੇਸ਼ੀ ਲੋਕਾਂ ਨੂੰ ਬਾਹਰ ਕੱਢ ਰਹੇ ਹਨ, ਜੋ ਉਨ੍ਹਾਂ ਦੇ ਅਨੁਸਾਰ ਉੱਥੇ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹਨ। ਪਿਛਲੇ ਕੁਝ ਮਹੀਨਿਆਂ ਵਿੱਚ, ਲਗਭਗ 18 ਲੱਖ ਅਫਗਾਨੀਆਂ ਨੂੰ ਈਰਾਨ ਤੋਂ ਜ਼ਬਰਦਸਤੀ ਦੇਸ਼ ਨਿਕਾਲਾ ਦਿੱਤਾ ਗਿਆ ਹੈ। ਇਸ ਸਾਲ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ, 1,84,459 ਲੋਕਾਂ ਨੂੰ ਪਾਕਿਸਤਾਨ ਤੋਂ ਅਤੇ 5,000 ਤੋਂ ਵੱਧ ਲੋਕਾਂ ਨੂੰ ਤੁਰਕੀ ਤੋਂ ਦੇਸ਼ ਨਿਕਾਲਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ, ਲਗਭਗ 10,000 ਅਫਗਾਨ ਕੈਦੀਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਹੈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਪਾਕਿਸਤਾਨ ਤੋਂ ਹਨ। ਤਾਲਿਬਾਨ ਨੇ ਜੁਲਾਈ ਵਿੱਚ ਅਫਗਾਨਾਂ ਨੂੰ ਵੱਡੇ ਪੱਧਰ 'ਤੇ ਕੱਢਣ ਲਈ ਗੁਆਂਢੀ ਦੇਸ਼ਾਂ ਦੀ ਆਲੋਚਨਾ ਕੀਤੀ ਸੀ।

## ਪਾਕਿਸਤਾਨ 'ਚ ਮੌਨਸੂਨ...

ਇਸ ਤੋਂ ਇਲਾਵਾ 929 ਹੋਰ ਵਿਅਕਤੀ ਜ਼ਖ਼ਮੀ ਹੋਏ ਹਨ। ਖ਼ੈਬਰ ਪਖ਼ਤੂਨਖ਼ਵਾ ਸਭ ਤੋਂ ਵੱਧ ਪ੍ਰਭਾਵਿਤ ਪ੍ਰਾਂਤ ਹੈ, ਜਿੱਥੇ 390 ਵਿਅਕਤੀਆਂ ਦੀ ਮੌਤ ਹੋਈ ਹੈ। ਮ੍ਰਿਤਕਾਂ ਵਿੱਚ 288 ਪੁਰਸ਼, 59 ਬੱਚੇ ਅਤੇ 43 ਔਰਤਾਂ ਸ਼ਾਮਲ ਹਨ।

ਖੈਬਰ ਪਖ਼ਤੂਨਖਵਾ ਸੂਬਾਈ ਆਫ਼ਤ ਪ੍ਰਬੰਧਨ ਅਥਾਰਿਟੀ (ਪੀਡੀਐੱਮਏ) ਦੇ ਡਾਇਰੈਕਟਰ ਜਨਰਲ ਅਸਫੰਦਯਾਰ ਖੱਟਕ ਨੇ ਐਤਵਾਰ ਨੂੰ ਇੱਕ ਪ੍ਰੈਸ ਕਾਨਫ਼ਰੰਸ ਦੌਰਾਨ ਕਿਹਾ ਕਿ ਬੁਨੇਰ ਅਤੇ ਸ਼ਾਂਗਲਾ ਜ਼ਿਲ੍ਹਿਆਂ ਤੋਂ ਲਗਪਗ 150 ਵਿਅਕਤੀ ਲਾਪਤਾ ਹਨ। ਅਧਿਕਾਰੀਆਂ ਮੁਤਾਬਕ, ਬੁਨੇਰ ਵਿੱਚ ਬੱਦਲ ਫਟਣ ਕਾਰਨ ਆਏ ਹੜ੍ਹਾਂ ਵਿੱਚ ਵਿਆਹ ਦੀ ਤਿਆਰੀ ਕਰ ਰਹੇ ਪਰਿਵਾਰ ਦੇ 21 ਮੈਂਬਰਾਂ ਸਣੇ 84 ਵਿਅਕਤੀ ਮਾਰੇ ਗਏ। ਖੱਟਕ ਨੇ ਕਿਹਾ ਕਿ ਬਚਾਅ ਕਾਰਜ ਜਾਰੀ ਹਨ ਅਤੇ ਰਾਹਤ ਕਾਰਜਾਂ ਵਿੱਚ ਸੂਬਾ ਸਰਕਾਰ ਦੀ ਮਦਦ ਲਈ ਹਥਿਆਰਬੰਦ ਬਲਾਂ ਦੇ ਪੰਜ ਹੈਲੀਕਾਪਟਰ ਤਾਇਨਾਤ ਕੀਤੇ ਹੋਏ ਹਨ। ਸੂਬਾ ਸਰਕਾਰ ਨੇ ਰਾਹਤ ਕਾਰਜਾਂ ਲਈ 1.5 ਅਰਬ ਪਾਕਿਸਤਾਨੀ ਰੁਪਏ ਜਾਰੀ ਕੀਤੇ ਹਨ।

## ਅਮਰੀਕਾ 'ਚ ਕੰਮ ਤੇ...

ਗ੍ਰੀਨ ਕਾਰਡ ਵਰਗੇ ਲਾਭਾਂ ਲਈ ਬਿਨੈਕਾਰ ਨੇ ਅਮਰੀਕਾ ਵਿਰੋਧੀ, ਅੱਤਵਾਦੀ ਜਾਂ ਯਹੂਦੀ ਵਿਰੋਧੀ ਵਿਚਾਰਾਂ ਦਾ ਸਮਰਥਨ ਕੀਤਾ ਹੈ ਜਾਂ ਨਹੀਂ। ਯੂ. ਐਸ. ਸੀ. ਆਈ. ਐਸ. ਦੇ ਬੁਲਾਰੇ ਮੈਥਿਊ ਟ੍ਰੈਗੇਸਰ ਨੇ ਇਕ ਬਿਆਨ ਵਿਚ ਕਿਹਾ ਕਿ ਅਮਰੀਕਾ ਦਾ ਲਾਭ ਉਨ੍ਹਾਂ ਲੋਕਾਂ ਨੂੰ ਨਹੀਂ ਦਿਤਾ ਜਾਣਾ ਚਾਹੀਦਾ ਜੋ ਦੇਸ਼ ਨੂੰ ਨਫ਼ਰਤ ਕਰਦੇ ਹਨ ਅਤੇ ਅਮਰੀਕਾ ਵਿਰੋਧੀ ਵਿਚਾਰਧਾਰਾ ਨੂੰ ਉਤਸ਼ਾਹਤ ਕਰਦੇ ਹਨ।

ਉਨ੍ਹਾਂ ਕਿਹਾ, ''ਅਮਰੀਕਾ ਵਿਚ ਰਹਿਣ ਅਤੇ ਕੰਮ ਕਰਨ ਸਮੇਤ ਇਮੀਗ੍ਰੇਸ਼ਨ ਲਾਭ ਇਕ ਸੁਭਾਗ ਹੈ, ਅਧਿਕਾਰ ਨਹੀਂ।'' ਇਹ ਸਪੱਸ਼ਟ ਨਹੀਂ ਕੀਤਾ ਗਿਆ ਹੈ ਕਿ ਅਮਰੀਕਾ ਵਿਰੋਧੀ ਕੀ ਹੈ ਅਤੇ ਇਹ ਸਪੱਸ਼ਟ ਨਹੀਂ ਹੈ ਕਿ ਹੁਕਮ ਕਿਵੇਂ ਅਤੇ ਕਦੋਂ ਲਾਗੂ ਕੀਤੇ ਜਾਣਗੇ। ਇਮੀਗ੍ਰੇਸ਼ਨ ਪਾਬੰਦੀਆਂ ਦੀ ਵਕਾਲਤ ਕਰਨ ਵਾਲੇ ਸਮੂਹ 'ਸੈਂਟਰ ਫਾਰ ਇਮੀਗ੍ਰੇਸ਼ਨ ਸਟੱਡੀਜ਼' ਵਿਚ ਰੈਗੂਲੇਟਰੀ ਮਾਮਲਿਆਂ ਅਤੇ ਨੀਤੀ ਦੀ ਨਿਰਦੇਸ਼ਕ ਐਲਿਜ਼ਾਬੈਥ ਜੈਕਬਸ ਨੇ ਮੰਗਲਵਾਰ ਨੂੰ ਕਿਹਾ ਕਿ ਸੰਦੇਸ਼ ਇਹ ਹੈ ਕਿ ਅਮਰੀਕਾ ਅਤੇ ਇਮੀਗ੍ਰੇਸ਼ਨ ਏਜੰਸੀਆਂ ਇਮੀਗ੍ਰੇਸ਼ਨ ਫੈਸਲੇ ਲੈਂਦੇ ਸਮੇਂ ਅਮਰੀਕਾ ਵਿਰੋਧੀ ਜਾਂ ਯਹੂਦੀ ਵਿਰੋਧੀ ਪ੍ਰਤੀ ਘੱਟ ਸਹਿਣਸ਼ੀਲ ਹੋਣਗੀਆਂ।

ਜੈਕਬਸ ਨੇ ਕਿਹਾ ਕਿ ਸਰਕਾਰ ਇਸ ਬਾਰੇ ਵਧੇਰੇ ਸਪੱਸ਼ਟ ਹੋ ਰਹੀ ਹੈ0 ਕਿ ਅਧਿਕਾਰੀਆਂ ਨੂੰ ਕਿਸ ਤਰ੍ਹਾਂ ਦੇ ਵਿਵਹਾਰ ਅਤੇ ਅਭਿਆਸਾਂ ਉਤੇ ਵਿਚਾਰ ਕਰਨਾ ਚਾਹੀਦਾ ਹੈ। ਪਰ ਜ਼ੋਰ ਦੇ ਕੇ ਕਿਹਾ ਕਿ ਵਿਵੇਕ ਅਜੇ ਵੀ ਲਾਗੂ ਹੈ। ਆਲੋਚਕਾਂ ਨੂੰ ਚਿੰਤਾ ਹੈ ਕਿ ਨੀਤੀ ਸੋਧ ਅਮਰੀਕਾ ਵਿਰੋਧੀ ਸਮਝੇ ਜਾਣ ਵਾਲੇ ਵਿਚਾਰਾਂ ਬਾਰੇ ਵਧੇਰੇ ਵਿਅਕਤੀਗਤ ਵਿਚਾਰਾਂ ਦੀ ਇਜਾਜ਼ਤ ਦੇਵੇਗੀ ਅਤੇ ਕਿਸੇ ਅਧਿਕਾਰੀ ਦੇ ਨਿੱਜੀ ਪੱਖਪਾਤ ਨੂੰ ਉਸ ਦੇ ਫੈਸਲੇ ਉਤੇ ਅਸਰ ਪਾਉਣ ਦੀ ਇਜਾਜ਼ਤ ਦੇਵੇਗੀ।

## ਟਰੰਪ ਨੇ ਰੂਸ-ਯੂਕਰੇਨ...

ਚਾਰ ਸਾਲ ਤੋਂ ਚੱਲ ਰਹੀ ਇਸ ਜੰਗ ਨੂੰ ਖ਼ਤਮ ਕਰਨ ਲਈ ਬਹੁਤ ਦਬਾਅ ਪਾਇਆ ਹੈ। ਉਨ੍ਹਾਂ ਕਿਹਾ, ''ਜਿਵੇਂ ਕਿ ਤੁਸੀਂ ਦੇਖਿਆ ਹੈ, ਉਨ੍ਹਾਂ ਨੇ ਭਾਰਤ 'ਤੇ ਪਾਬੰਦੀਆਂ ਲਗਾਈਆਂ ਅਤੇ ਹੋਰ ਕਾਰਵਾਈਆਂ ਵੀ ਕੀਤੀਆਂ ਹਨ। ਉਨ੍ਹਾਂ ਇਹ ਬਹੁਤ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਇਸ ਜੰਗ ਨੂੰ ਖ਼ਤਮ ਹੁੰਦਾ ਦੇਖਣਾ ਚਾਹੁੰਦੇ ਹਨ।'' ਲੈਵਿਟ ਨੇ ਅੱਗੇ ਕਿਹਾ, ''ਰਾਸ਼ਟਰਪਤੀ ਇਸ ਜੰਗ ਨੂੰ ਜਲਦੀ ਤੋਂ ਜਲਦੀ ਖ਼ਤਮ ਕਰਨਾ ਚਾਹੁੰਦੇ ਹਨ।'' ਜ਼ਿਕਰਯੋਗ ਹੈ ਕਿ ਰੂਸ ਨੇ ਫਰਵਰੀ 2022 ਵਿੱਚ ਯੂਕਰੇਨ 'ਤੇ ਹਮਲਾ ਕੀਤਾ ਸੀ। ਇਸ ਤੋਂ ਪਹਿਲਾਂ, ਸੀਐੱਨਬੀਸੀ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ, ਅਮਰੀਕੀ ਖ਼ਜ਼ਾਨਾ ਮੰਤਰੀ ਸਕੌਟ ਬੇਸੈਂਟ ਨੇ ਭਾਰਤ 'ਤੇ ਰੂਸੀ ਤੇਲ ਨੂੰ ਮੁੜ ਵੇਚ ਕੇ ਮੁਨਾਫਾ ਕਮਾਉਣ ਦਾ ਦੋਸ਼ ਲਗਾਇਆ ਸੀ।

## ਬਰੈਂਪਟਨ 'ਚ ਭਾਰਤੀ...

ਸਾਰਾਹ ਪੈਟਨ ਨੇ ਦੱਸਿਆ ਕਿ ਉਨ੍ਹਾਂ ਨੂੰ ਦੇਰ ਰਾਤ ਕੈਸਲਮੋਰ ਸੜਕ 'ਤੇ ਹੰਬਰਵੈਸਟ ਪਾਰਕਵੇਅ ਕੋਲ ਇੱਕ ਘਰ 'ਚ ਗੋਲੀਬਾਰੀ ਹੋਣ ਦੀ ਸੂਚਨਾ ਮਿਲੀ ਸੀ। ਪੁਲੀਸ ਮੌਕੇ 'ਤੇ ਪਹੁੰਚੀ ਤਾਂ ਦੋ ਵਿਅਕਤੀ ਗੋਲੀਆਂ ਦੇ ਜ਼ਖ਼ਮਾਂ ਕਾਰਨ ਤੜਪ ਰਹੇ ਸਨ। ਇਨ੍ਹਾਂ ਵਿਚੋਂ ਇੱਕ ਦੀ ਉੱਥੇ ਹੀ ਮੌਤ ਹੋ ਗਈ। ਦੂਜੇ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ।

ਪੁਲੀਸ ਮੁਤਾਬਕ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗੋਲੀਬਾਰੀ ਮਿੱਥ ਕੇ ਕੀਤੀ ਗਈ, ਜੋ ਦੋ ਧਿਰਾਂ ਦੀ ਆਪਸੀ ਰੰਜਿਸ਼ ਜਾਪਦੀ ਹੈ। ਪੁਲੀਸ ਅਧਿਕਾਰੀ ਅਨੁਸਾਰ ਘਟਨਾ ਤੋਂ ਬਾਅਦ ਅਣਪਛਾਤੇ ਮੁਲਜ਼ਮਾਂ ਦੇ ਕਾਰ ਵਿੱਚ ਭੱਜੇ ਹੋਣ ਦੇ ਸੰਕੇਤ ਹਨ। ਪੁਲੀਸ ਨੇ ਖੇਤਰ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਕੈਮਰੇ ਖੰਗਾਲਣ ਤੇ ਘਟਨਾ ਨਾਲ ਸਬੰਧਤ ਫੁਟੇਜ ਪੁਲੀਸ ਨਾਲ ਸਾਂਝੀ ਕਰਨ ਤਾਂ ਕਿ ਮੁਲਜ਼ਮਾਂ ਦੀ ਪੈੜ ਨੱਪੀ ਜਾ ਸਕੇ।

## ਅਮਰੀਕਾ ਨੇ ਵਿਦਿਆਰਥੀਆਂ...

ਇਸ ਵਿੱਚ ਕਿਹਾ ਗਿਆ ਹੈ ਕਿ ਅੱਤਵਾਦ ਲਈ ਲਗਭਗ 200 ਤੋਂ 300 ਵੀਜ਼ੇ ਰੱਦ ਕੀਤੇ ਗਏ ਸਨ, ਇਹ ਵਿਦੇਸ਼ ਵਿਭਾਗ ਦੇ ਮੈਨੂਅਲ ਦੇ ਤਹਿਤ ਵੀਜ਼ਾ ਅਯੋਗਤਾ ਦੇ ਨਿਯਮ ਦਾ ਹਵਾਲਾ ਦਿੰਦੇ ਹੋਏ ਕੀਤਾ ਗਿਆ ਸੀ। ਅਮਰੀਕਾ ਵਿੱਚ, ਨਿਯਮਾਂ ਅਨੁਸਾਰ "ਅੱਤਵਾਦੀ ਗਤੀਵਿਧੀਆਂ ਵਿੱਚ ਸ਼ਮੂਲੀਅਤ" ਅਤੇ "ਅੱਤਵਾਦੀ ਸੰਗਠਨਾਂ ਨਾਲ ਕੁਝ ਸਬੰਧ ਹੋਣਾ" ਵੀਜ਼ਾ ਰੱਦ ਕਰਨ ਦੇ ਆਧਾਰ ਹਨ।

ਵਿਦੇਸ਼ ਵਿਭਾਗ ਨੇ ਇਹ ਨਹੀਂ ਦੱਸਿਆ ਹੈ ਕਿ ਜਿਨ੍ਹਾਂ ਵਿਦਿਆਰਥੀਆਂ ਦੇ ਵੀਜ਼ੇ ਰੱਦ ਕੀਤੇ ਗਏ ਹਨ, ਉਹ ਕਿਸ ਦੇਸ਼ ਦੇ ਹਨ। ਇਸ ਤੋਂ ਪਹਿਲਾਂ, ਅਮਰੀਕੀ ਵਿਦੇਸ਼ ਮੰਤਰੀ ਰੂਬੀਓ ਨੇ ਚੀਨੀ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾਉਣ ਲਈ ਹਮਲਾਵਰ ਹੋਣ ਦੀ ਸਹੁੰ ਖਾਧੀ ਸੀ। ਮਾਰਚ ਵਿੱਚ, ਅਮਰੀਕਾ ਦੇ ਚੋਟੀ ਦੇ ਡਿਪਲੋਮੈਟ ਨੇ ਮੀਡੀਆ ਨੂੰ ਦੱਸਿਆ ਕਿ ਉਹ ਰੋਜ਼ਾਨਾ ਵੀਜ਼ਾ ਰੱਦ ਕਰ ਰਿਹਾ ਹੈ। ਉਸਨੇ ਕਾਰਕੁਨ ਵਿਦਿਆਰਥੀਆਂ ਬਾਰੇ ਕਿਹਾ: "ਜਦੋਂ ਵੀ ਮੈਨੂੰ ਇਨ੍ਹਾਂ ਪਾਗਲ ਲੋਕਾਂ ਵਿੱਚੋਂ ਕੋਈ ਮਿਲਦਾ ਹੈ, ਮੈਂ ਉਨ੍ਹਾਂ ਦਾ ਵੀਜ਼ਾ ਖੋਹ ਲੈਂਦਾ ਹਾਂ।"

ਸਰਕਾਰ ਨੂੰ ਚਿੰਤਾ ਹੈ ਕਿ ਕੁਝ ਲੋਕ ਸਿੱਖਿਆ ਵੀਜ਼ਿਆਂ ਦੀ ਦੁਰਵਰਤੋਂ ਕਰ ਰਹੇ ਹਨ। ਇਸ ਕਾਰਨ ਕਰਕੇ, ਵੀਜ਼ਾ ਨਿਯਮਾਂ ਦੀ ਜਾਂਚ ਨੂੰ ਹੋਰ ਸਖ਼ਤ ਬਣਾਇਆ ਜਾ ਰਿਹਾ ਹੈ। ਇਨ੍ਹਾਂ ਘਟਨਾਵਾਂ ਵਿੱਚ ਨਾ ਸਿਰਫ਼ ਅਮਰੀਕੀ ਕਾਨੂੰਨਾਂ ਦੀ ਉਲੰਘਣਾ ਕੀਤੀ ਗਈ, ਸਗੋਂ ਕਾਲਜ ਕੈਂਪਸਾਂ ਅਤੇ ਆਮ ਲੋਕਾਂ ਦੀ ਸੁਰੱਖਿਆ ਨੂੰ ਵੀ ਖ਼ਤਰਾ ਪੈਦਾ ਹੋ ਗਿਆ।

## ਅਮਰੀਕਾ 'ਚੋਂ ਸੈਂਕੜੇ...

ਜਿਥੇ ਵਰਕ ਪਰਮਿਟ ਵਾਲੇ ਡਰਾਈਵਰਾਂ ਨੂੰ ਘੇਰਿਆ ਜਾਵੇਗਾ। ਸਿਰਫ਼ ਐਨਾ ਹੀ ਨਹੀਂ ਟਰੱਕ ਸਟੌਪਸ 'ਤੇ ਵੀ ਇੰਮੀਗ੍ਰੇਸ਼ਨ ਵਾਲਿਆਂ ਦੇ ਛਾਪੇ ਵੱਜਣਗੇ ਜਦਕਿ ਹਾਈਵੇਜ਼ 'ਤੇ ਜਾਂਦੇ ਟਰੱਕਾਂ ਨੂੰ ਰੋਕ ਕੇ ਚੈਕਿੰਗ ਸ਼ੁਰੂ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਪੁਆੜੇ ਦੀ ਜੜ੍ਹ ਹਰਜਿੰਦਰ ਸਿੰਘ ਦਾ ਵਰਕ ਪਰਮਿਟ ਦੱਸਿਆ ਜਾ ਰਿਹਾ ਹੈ ਅਤੇ ਟਰੰਪ ਸਰਕਾਰ ਦਾ ਦੋਸ਼ ਹੈ ਕਿ ਜੋਅ ਬਾਇਡਨ ਦੀ ਸਰਕਾਰ ਵੇਲੇ ਉਸ ਨੂੰ ਵਰਕ ਪਰਮਿਟ ਦਿਤਾ ਗਿਆ।

'ਫੌਕਸ ਨਿਊਜ਼' ਦੀ ਰਿਪੋਰਟ ਮੁਤਾਬਕ ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ ਦੀ ਤਰਜਮਾਨ ਟ੍ਰਿਸ਼ੀਆ ਮੈਕਲਾਫਲਿਨ ਨੇ ਦਾਅਵਾ ਕੀਤਾ ਹੈ ਕਿ ਡੌਨਲਡ ਟਰੰਪ ਦੇ ਪਹਿਲੇ ਕਾਰਜਕਾਲ ਵੇਲੇ 14 ਸਤੰਬਰ 2020 ਨੂੰ ਹਰਜਿੰਦਰ ਸਿੰਘ ਦਾ ਵਰਕ ਪਰਮਿਟ ਰੱਦ ਕਰ ਦਿਤਾ ਗਿਆ ਸੀ ਅਤੇ ਬਾਇਡਨ ਸਰਕਾਰ ਦੇ ਸੱਤਾ ਵਿਚ ਆਉਣ 'ਤੇ 9 ਜੂਨ 2021 ਨੂੰ ਵਰਕ ਪਰਮਿਟ ਬਹਾਲ ਕਰ ਦਿਤਾ ਗਿਆ। ਹਰਜਿੰਦਰ ਸਿੰਘ ਨੇ ਸਤੰਬਰ 2018 ਵਿਚ ਅਮਰੀਕਾ ਦਾ ਬਾਰਡਰ ਟੱਪਿਆ ਅਤੇ ਬਾਰਡਰ ਪੈਟਰੋਲ ਵਾਲਿਆਂ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਵੇਲੇ ਟਰੰਪ ਰਾਸ਼ਟਰਪਤੀ ਸਨ ਅਤੇ ਹਰਜਿੰਦਰ ਸਿੰਘ ਨੂੰ ਜਲਦ ਤੋਂ ਜਲਦ ਡਿਪੋਰਟ ਕਰਨ ਦੀ ਕਾਰਵਾਈ ਆਰੰਭ ਦਿਤੀ ਗਈ ਪਰ ਹਰਜਿੰਦਰ ਸਿੰਘ ਨੇ ਦਾਅਵਾ ਕੀਤਾ ਕਿ ਭਾਰਤ ਵਾਪਸ ਜਾਣ 'ਤੇ ਉਸ ਦੀ ਜਾਨ ਖਤਰੇ ਵਿਚ ਘਿਰ ਜਾਵੇਗੀ। ਅਮਰੀਕਾ ਦੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਨੇ ਮਾਮਲੇ ਦੀ ਡੂੰਘਾਈ ਨਾਲ ਘੋਖ ਕਰਨ ਮਗਰੋਂ ਜਨਵਰੀ 2019 ਵਿਚ 5 ਹਜ਼ਾਰ ਦੇ ਇੰਮੀਗ੍ਰੇਸ਼ਨ ਬੌਂਡ 'ਤੇ ਹਰਜਿੰਦਰ ਸਿੰਘ ਨੂੰ ਰਿਹਾਅ ਕਰ ਦਿਤਾ। ਇਸ ਮਗਰੋਂ ਇੰਮੀਗ੍ਰੇਸ਼ਨ ਅਦਾਲਤ ਦੀਆਂ ਪੇਸ਼ੀਆਂ ਦੌਰਾਨ ਹਰਜਿੰਦਰ ਸਿੰਘ ਲਗਾਤਾਰ ਹਾਜ਼ਰ ਹੁੰਦਾ ਰਿਹਾ। ਦੱਸ ਦੇਈਏ ਕਿ ਯੂ.ਐਸ. ਮਾਰਸ਼ਲਜ਼ ਨੇ ਹਰਜਿੰਦਰ ਸਿੰਘ ਨੂੰ ਕੈਲੇਫੋਰਨੀਆ ਦੇ ਸਟੌਕਟਨ ਤੋਂ ਗ੍ਰਿਫ਼ਤਾਰ ਕਰਦਿਆਂ ਗੱਡੀ ਰਾਹੀਂ ਕਤਲ ਦੇ ਤਿੰਨ ਦੋਸ਼ ਆਇਦ ਕੀਤੇ ਅਤੇ ਉਸ ਨੂੰ ਜਲਦ ਹੀ ਫਲੋਰੀਡਾ ਲਿਆਂਦਾ ਜਾ ਰਿਹਾ ਹੈ। ਹਰਜਿੰਦਰ ਸਿੰਘ ਦਾ ਕਮਰਸ਼ੀਅਲ ਡਰਾਈਵਿੰਗ ਲਾਇਸੰਸ ਵੀ ਵਿਵਾਦਾਂ ਵਿਚ ਹੈ ਅਤੇ ਟਰੰਪ ਸਰਕਾਰ ਵੱਲੋਂ ਕੈਲੇਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਜਦਕਿ ਦੂਜੇ ਪਾਸੇ ਗੈਵਿਨ ਨਿਊਸਮ ਦੇ ਦਫ਼ਤਰ ਨੇ ਦਾਅਵਾ ਕੀਤਾ ਹੈ ਕਿ ਹਰਜਿੰਦਰ ਸਿੰਘ ਨੂੰ ਡਰਾਈਵਿੰਗ ਲਾਇਸੰਸ, ਵਰਕ ਪਰਮਿਟ ਮਿਲਣ ਤੋਂ ਬਾਅਦ ਹੀ ਜਾਰੀ ਕੀਤਾ ਗਿਆ। ਉਧਰ ਅਮਰੀਕਾ ਦੀ ਗ੍ਰਹਿ ਸੁਰੱਖਿਆ ਮੰਤਰੀ ਕ੍ਰਿਸਟੀ ਨੌਇਮ ਨੇ ਕਿਹਾ ਕਿ ਤਿੰਨ ਜਣਿਆਂ ਦੀ ਜਾਨ ਬਚਾਈ ਜਾ ਸਕਦੀ ਸੀ ਜੇ ਕੈਲੇਫੋਰਨੀਆ ਸਰਕਾਰ ਫੈਡਰਲ ਇੰਮੀਗ੍ਰੇਸ਼ਨ ਕਾਨੂੰਨ ਦੀ ਪਾਲਣਾ ਕਰਦੀ। ਕ੍ਰਿਸਟੀ ਨੌਇਮ ਦੇ ਵਿਭਾਗ ਦਾ ਕਹਿਣਾ ਹੈ ਕਿ ਹਰਜਿੰਦਰ ਸਿੰਘ ਨੂੰ ਲੋਕ ਸੁਰੱਖਿਆ ਵਾਸਤੇ ਗੰਭੀਰ ਖ਼ਤਰਾ ਮੰਨਦਿਆਂ ਡਿਪੋਰਟ ਕਰਨ ਦੀ ਪ੍ਰਕਿਰਿਆ ਆਰੰਭੀ ਜਾ ਰਹੀ ਹੈ।

# ਖੰਨਾ ਦੇ ਨੌਜਵਾਨ ਉਦੈਵੀਰ ਸਿੰਘ ਦੀ ਕੈਨੇਡਾ 'ਚ ਭੇਦਭਰੇ ਹਾਲਾਤਾਂ 'ਚ ਮੌਤ



ਖੰਨਾ: ਖੰਨਾ ਦੇ ਨੇੜਲੇ ਪਿੰਡ ਭੁਮੱਦੀ ਦਾ ਰਹਿਣ ਵਾਲਾ ਨੌਜਵਾਨ ਉਦੈਵੀਰ ਸਿੰਘ ਕੈਨੇਡਾ ਵਿੱਚ ਭੇਦਭਰੇ ਹਾਲਾਤਾਂ 'ਚ ਜ਼ਿੰਦਗੀ ਗੁਆ ਬੈਠਾ। ਮਿਲੀ ਜਾਣਕਾਰੀ ਅਨੁਸਾਰ ਉਦੈਵੀਰ ਦੀ ਲਾਸ਼ ਇੱਕ ਪਾਰਕ ਵਿੱਚ ਝੂਲੇ ਦੇ ਪੋਲ ਨਾਲ ਲਟਕਦੀ ਮਿਲੀ। ਮੁੱਢਲੀ ਰਿਪੋਰਟਾਂ ਮੁਤਾਬਕ ਇਹ ਮਾਮਲਾ ਖੁਦਕੁਸ਼ੀ ਦਾ ਦੱਸਿਆ ਜਾ ਰਿਹਾ ਹੈ, ਪਰ ਹਾਲੇ ਇਸਦੀ ਅਧਿਕਾਰਕ ਪੁਸ਼ਟੀ ਨਹੀਂ ਹੋਈ। ਉਦੈਵੀਰ ਕਰੀਬ ਤਿੰਨ ਸਾਲ ਪਹਿਲਾਂ ਚੰਗੇ ਭਵਿੱਖ ਦੇ ਸੁਪਨੇ ਲੈ ਕੇ ਕੈਨੇਡਾ ਗਿਆ ਸੀ। ਪਰਿਵਾਰਕ ਸੂਤਰਾਂ ਦੇ ਅਨੁਸਾਰ ਉਥੇ ਉਹ ਕਿਸੇ ਏਜੰਟ ਦੇ ਝਾਂਸੇ ਵਿੱਚ ਫਸ ਗਿਆ। ਏਜੰਟ ਨੇ ਉਸਦੇ ਨਾਮ ਤੇ ਮਹਿੰਗੀ ਕਾਰ ਲੋਨ 'ਤੇ ਲੈ ਦਿੱਤੀ।

ਕਾਰ ਦੀਆਂ ਕਿਸ਼ਤਾਂ ਨਾ ਭਰੀਆਂ ਗਈਆਂ ਤਾਂ ਉਦੈਵੀਰ ਆਰਥਿਕ ਮੁਸ਼ਕਲਾਂ ਵਿੱਚ ਫਸਦਾ ਗਿਆ। ਦਾਅਵਾ ਕੀਤਾ ਜਾ ਰਿਹਾ ਹੈ ਕਿ ਏਜੰਟ ਵੱਲੋਂ ਲਗਾਤਾਰ ਦਬਾਅ ਪਾਉਣ ਕਾਰਨ ਉਹ ਮਾਨਸਿਕ ਤੌਰ 'ਤੇ ਤੰਗ ਆ ਗਿਆ ਤੇ ਅਖ਼ੀਰ ਖੁਦਕੁਸ਼ੀ ਕਰ ਬੈਠਾ। ਹਾਲਾਂਕਿ ਅਸਲ ਹਾਲਾਤਾਂ ਬਾਰੇ ਪਰਿਵਾਰ ਵੱਲੋਂ ਕੋਈ ਬਿਆਨ ਨਹੀਂ ਦਿੱਤਾ ਗਿਆ ਹੈ। ਇਸ ਖ਼ਬਰ ਨੇ ਪੂਰੇ ਪਿੰਡ ਭੁਮੱਦੀ ਵਿੱਚ ਸੋਗ ਦੀ ਲਹਿਰ ਦੌੜਾ ਦਿੱਤੀ ਹੈ। ਰਿਸ਼ਤੇਦਾਰ ਤੇ ਪਿੰਡ ਵਾਸੀ ਉਦੈਵੀਰ ਦੀ ਮੌਤ ਨਾਲ ਗਹਿਰੇ ਦੁੱਖ ਵਿੱਚ ਹਨ। ਪਰਿਵਾਰਕ ਮੈਂਬਰ ਵੀ ਇਸ ਸਮੇਂ ਗਮ ਵਿੱਚ ਡੁੱਬੇ ਹੋਏ ਹਨ ਅਤੇ ਕੁਝ ਵੀ ਕਹਿਣ ਦੀ ਹਾਲਤ ਵਿੱਚ ਨਹੀਂ ਹਨ। ਫਿਲਹਾਲ ਉਦੈਵੀਰ ਦੇ ਸਾਥੀ ਅਤੇ ਪਰਿਵਾਰਕ ਲੋਕ ਉਸਦੀ ਲਾਸ਼ ਨੂੰ ਪੰਜਾਬ ਲਿਆਉਣ ਲਈ ਕੋਸ਼ਿਸ਼ਾਂ ਕਰ ਰਹੇ ਹਨ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre

Best Bargain
Carpet & Flooring
Residential - Commercial - Industrial
Sale & Custom Installation done by Professionals
LAUZON Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service
WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installation
CAT Batteries 1000c Under Warranty
$550
Installation Included
MICHELIN BFGoodrich DUNLOP GOODYEAR HANKOOK Xceed AEOLUS
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਫਿਨਲੈਂਡ ਦੇ ਸੰਸਦ ਮੈਂਬਰ ਨੇ ਸੰਸਦ ਦੇ ਅੰਦਰ ਕੀਤੀ ਖ਼ੁਦਕੁਸ਼ੀ, ਗੁਰਦੇ ਦੀ ਬਿਮਾਰੀ ਤੋਂ ਸਨ ਪੀੜਤ



ਫਿਨਲੈਂਡ ਦੀ ਸੰਸਦ ਵਿਚ 30 ਸਾਲਾ ਮੈਂਬਰ ਐਮਿਲੀ ਪੈਲਟੋਨਨ ਨੇ ਖ਼ੁਦਕੁਸ਼ੀ ਕਰ ਲਈ। ਉਹ ਸੋਸ਼ਲ ਡੈਮੋਕ੍ਰੇਟਿਕ ਪਾਰਟੀ (SDP) ਦੀ ਸੰਸਦ ਮੈਂਬਰ ਸਨ। ਆਪਣੀ ਆਖਰੀ ਇੰਸਟਾਗ੍ਰਾਮ ਪੋਸਟ ਵਿੱਚ, ਪੈਲਟੋਨਨ ਨੇ ਕਿਹਾ ਸੀ ਕਿ ਉਹ ਗੁਰਦੇ ਦੀ ਬਿਮਾਰੀ ਤੋਂ ਪੀੜਤ ਹਨ। ਇਸ ਤੋਂ ਬਾਅਦ, ਉਨ੍ਹਾਂ ਨੂੰ ਇੱਕ ਹੋਰ ਬਿਮਾਰੀ ਕਾਰਨ ਸੰਸਦੀ ਕੰਮ ਤੋਂ ਛੁੱਟੀ ਲੈਣੀ ਪਈ।

ਪੈਲਟੋਨੇਨ 2023 ਦੀਆਂ ਚੋਣਾਂ ਵਿੱਚ 5747 ਵੋਟਾਂ ਪ੍ਰਾਪਤ ਕਰਕੇ ਸੰਸਦ ਮੈਂਬਰ ਬਣੇ। ਉਹ ਸੰਸਦ ਦੀਆਂ ਕੁਝ ਕਮੇਟੀਆਂ ਵਿੱਚ ਕੰਮ ਕਰਦੇ ਸਨ। ਉਹ ਜਾਰਵੇਨਪਾ ਸਿਟੀ ਕੌਂਸਲ ਦੇ ਮੈਂਬਰ ਅਤੇ ਉੱਥੋਂ ਦੇ ਸਭ ਤੋਂ ਘੱਟ ਉਮਰ ਦੇ ਬੋਰਡ ਚੇਅਰਮੈਨ ਵੀ ਸਨ। ਐਸਡੀਪੀ ਨੇਤਾ ਟਿਟੀ ਟੂਪੁਰਾਇਨੇਨ ਨੇ ਕਿਹਾ–ਅਸੀਂ ਐਮਿਲੀ ਦੀ ਮੌਤ ਤੋਂ ਬਹੁਤ ਦੁਖੀ ਹਾਂ। ਉਹ ਸਾਰਿਆਂ ਦਾ ਪਿਆਰਾ ਸੀ। ਇਹ ਦੁਖਦਾਈ ਹੈ ਕਿ ਉਹ ਇੰਨੀ ਛੋਟੀ ਉਮਰ ਵਿੱਚ ਚਲਾਣਾ ਕਰ ਗਿਆ।

ਸਾਬਕਾ ਰੱਖਿਆ ਮੰਤਰੀ ਐਂਟੀ ਕੈਕੋਨੇਨ ਨੇ X 'ਤੇ ਲਿਖਿਆ ਕਿ ਐਮਿਲੀ ਇੱਕ ਹੋਨਹਾਰ ਸੰਸਦ ਮੈਂਬਰ ਸੀ। ਉਹ ਇੱਕ ਬਹੁਤ ਹੀ ਵਧੀਆ ਅਤੇ ਦਿਆਲੂ ਵਿਅਕਤੀ ਸੀ। ਪੁਲਿਸ ਮੌਤ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ। ਪੁਲਿਸ ਅਨੁਸਾਰ, ਇਸ ਘਟਨਾ ਵਿੱਚ ਕਿਸੇ ਵੀ ਅਪਰਾਧਿਕ ਪਹਿਲੂ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀਂ ਮਿਲੀ ਹੈ।

# ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਨੇ ਮਨਾਇਆ 'ਨੱਚ ਬੱਲੀਏ –ਤੀਆਂ ਦਾ ਮੇਲਾ'



ਬਰੈਂਪਟਨ, (ਡਾ. ਝੰਡ) – ਲੰਘੇ 17 ਅਗਸਤ ਐਤਵਾਰ ਦੇ ਦਿਨ ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਵੱਲੋਂ 'ਨੱਚ ਬੱਲੀਏ –ਤੀਆਂ ਦਾ ਮੇਲਾ' ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਤੀਆਂ ਦੇ ਇਸ ਮੇਲੇ ਵਿੱਚ ਕਲੱਬ ਦੇ 100 ਤੋਂ ਵਧੀਕ ਮੈਂਬਰਾਂ ਨੇ ਬੜੇ ਜੋਸ਼ ਅਤੇ ਸ਼ੌਕ ਨਾਲ ਹਿੱਸਾ ਲੈ ਕੇ ਪੰਜਾਬੀ ਸੱਭਿਆਚਾਰ ਦੇ ਅਮੀਰ ਸੱਭਿਆਚਾਰਕ ਵਿਰਸੇ ਦਾ ਸ਼ਾਨਦਾਰ ਮੁਜ਼ਾਹਰਾ ਕੀਤਾ। ਤੀਆਂ ਦਾ ਇਹ ਸ਼ਾਨਾਂਮੱਤਾ ਮੇਲਾ ਬਰੈਂਪਟਨ ਦੇ ਪਾਲ ਪਲੈਸ਼ੀ ਰੀਕਰੀਏਸ਼ਨ ਸੈਂਟਰ ਵਿੱਚ ਮਨਾਇਆ ਗਿਆ।

ਕਲੱਬ ਦੇ ਚੇਅਰਪਰਸਨ ਗਿਆਨ ਪਾਲ ਨੇ ਕਲੱਬ ਦੇ ਮੈਂਬਰਾਂ ਦਾ ਨਿੱਘਾ ਸੁਆਗ਼ਤ ਕਰਦਿਆਂ ਕਿਹਾ, "ਤੀਆਂ ਦੇ ਇਸ ਮੇਲੇ ਵਰਗੇ ਈਵੈਂਟ ਨਾ ਕੇਵਲ ਸਾਡੀ ਮਾਣ–ਮੱਤੀ ਵਿਰਾਸਤ ਨੂੰ ਹੀ ਦਰਸਾਉਂਦੇ ਹਨ, ਬਲਕਿ ਇਹ ਸਾਨੂੰ ਇਕੱਠੇ ਹੋ ਕੇ ਖ਼ੁਸ਼ੀ ਸਾਂਝੀ ਕਰਨ ਅਤੇ ਆਪਣੇ ਸੀਨੀਅਰਾਂ ਦੇ ਮਾਣ–ਸਤਿਕਾਰ ਦੀ ਭਾਵਨਾ ਪ੍ਰਗਟ ਕਰਨ ਵਿੱਚ ਵੀ ਸਹਾਈ ਹੁੰਦੇ ਹਨ।" ਇਸ ਦੌਰਾਨ ਸਮਾਗ਼ਮ ਵਿੱਚ ਰੰਗ–ਬਰੰਗੀਆਂ ਰਵਾਇਤੀ ਪੁਸ਼ਾਕਾਂ ਵਿੱਚ ਸਜੇ ਹੋਏ ਮੈਂਬਰਾਂ ਨੇ ਗਿੱਧੇ, ਭੰਗੜੇ, ਗੀਤ– ਸੰਗੀਤ ਅਤੇ ਹਾਸੇ–ਮਜ਼ਾਖ਼ ਦੇ ਖ਼ੁਸ਼ਗਵਾਰ ਮਾਹੌਲ ਦਾ ਖ਼ੂਬ ਅਨੰਦ ਮਾਣਿਆਂ। ਈਵੈਂਟ ਦਾ ਕੇਂਦਰ–ਬਿੰਦੂ ਬਣੀ ਰਹੀ ਊਰਜਾ ਨਾਲ ਭਰਪੂਰ ਜਿਓਤੀ ਨੇ ਸਰੋਤਿਆਂ ਨੂੰ ਸਾਰਾ ਸਮਾਂ ਮਨੋਰੰਜਨ ਦੀਆਂ ਵੱਖ–ਵੱਖ ਵੰਨਗੀਆਂ ਨਾਲ ਰਿਝਾਈ ਰੱਖਿਆ। ਉਸ ਦਾ ਕਹਿਣਾ ਸੀ, "ਇਸ ਤਰ੍ਹਾਂ ਦੇ ਸ਼ਾਨਦਾਰ ਸਮਾਗ਼ਮ ਨੂੰ ਹੋਸਟ ਕਰਨਾ ਮੇਰੇ ਲਈ ਬੜੀ ਮਾਣ ਵਾਲੀ ਗੱਲ ਹੈ। ਕਲੱਬ ਦੇ ਸੀਨੀਅਰ ਮੈਂਬਰਾਂ ਵੱਲੋਂ ਹਰੇਕ ਪਲ ਮੈਨੂੰ ਬੜਾ ਜੋਸ਼ ਤੇ ਉਤਸ਼ਾਹ ਬਖ਼ਸ਼ਿਆ ਗਿਆ ਹੈ ਜਿਸ ਦੇ ਲਈ ਮੈਂ ਉਨ੍ਹਾਂ ਦੀ ਬੜੀ ਧੰਨਵਾਦੀ ਹਾਂ।"

ਸਮਾਗ਼ਮ ਦੌਰਾਨ ਗੀਤ–ਸੰਗੀਤ, ਸੋਲੋ ਗਾਣਿਆਂ, ਸਕਿੱਟਾਂ, ਭੰਗੜੇ ਅਤੇ ਗਿੱਧੇ ਸਮੇਤ ਕਈ ਗੇਮਾਂ ਦਾ ਵੀ ਆਯੋਜਨ ਕੀਤਾ ਗਿਆ। ਪੁਸ਼ਪਿੰਦਰ ਕੌਰ ਵੱਲੋਂ ਪੇਸ਼ ਕੀਤੀ ਗਈ ਸਕਿੱਟ ਇਸ ਸ਼ਾਨਦਾਰ ਸ਼ਾਮ ਦੀ ਵਿਸ਼ੇਸ਼ ਖਿੱਚ ਬਣੀ। ਫ਼ੈਸ਼ਨ–ਸ਼ੋਅ ਅਤੇ ਜੋੜਿਆਂ ਦੇ ਨਾਚ ਵੀ ਹੋਏ, ਜਦ ਕਿ ਅਵਤਾਰ ਬਰਾੜ ਵੱਲੋਂ ਪੇਸ਼ ਕੀਤੀ ਗਈ ਸ਼ਾਨਦਾਰ ਆਈਟਮ ਨੇ ਸਰੋਤਿਆਂ ਦਾ ਮਨ ਮੋਹ ਲਿਆ। ਉਨ੍ਹਾਂ ਕਿਹਾ, "ਸੀਨੀਅਰਾਂ ਦੇ ਮਨੋਰੰਜਨ ਲਈ ਆਪਣੀ ਪ੍ਰਫ਼ਾਰਮੈਂਸ ਦੇਣਾ ਮੇਰੇ ਲਈ ਊਰਜਾ ਦਾ ਸਰੋਤ ਹੈ। ਉਨ੍ਹਾਂ ਨੂੰ ਮੁਸਕ੍ਰਾਉਂਦਿਆਂ ਵੇਖ ਕੇ ਮੈਨੂੰ ਬੜੀ ਖ਼ੁਸ਼ੀ ਹੁੰਦੀ ਹੈ ਅਤੇ ਇਹ ਸਾਡੀ ਕਮਿਊਨਿਟੀ ਦੀ ਜ਼ਿੰਦਾਦਿਲੀ ਦਾ ਖ਼ੂਬਸੂਰਤ ਪ੍ਰਗਟਾਵਾ ਹੈ।"

ਕਲੱਬ ਦੀ ਸੀਨੀਅਰ ਮੈਂਬਰ ਰੇਨੂੰ ਸੋਢੀ ਨੇ ਆਪਣੀ ਖ਼ੁਸ਼ੀ ਜ਼ਾਹਿਰ ਕਰਦਿਆਂ ਕਿਹਾ, "ਮੈਨੂੰ ਇਸ ਸ਼ਾਨਦਾਰ ਸ਼ਾਮ ਦੀ ਭਾਈਵਾਲ ਬਣ ਕੇ ਬੜਾ ਮਾਣ ਮਹਿਸੂਸ ਹੋ ਰਿਹਾ ਹੈ। ਅਜਿਹੇ ਪ੍ਰੋਗਰਾਮ ਸਾਨੂੰ ਇਕੱਠੇ ਹੋਣ ਦਾ ਮੌਕਾ ਪ੍ਰਦਾਨ ਕਰਦੇ ਹਨ, ਸਾਨੂੰ ਚੁਸਤ–ਦਰੁੱਸਤ ਰੱਖਦੇ ਹਨ ਅਤੇ ਕਮਿਊਨਿਟੀ ਦੇ ਮਾਣਯੋਗ ਮੈਂਬਰ ਹੋਣ ਦੀ ਯਾਦ ਦਿਵਾਉਂਦੇ ਹਨ। ਸਮਾਗ਼ਮ ਦੀ ਮੁੱਖ–ਮਹਿਮਾਨ ਪਾਰਲੀਮੈਂਟਰੀ ਸੈਕਟਰੀ ਰੂਬੀ ਸਹੋਤਾ ਨੇ ਆਪਣੇ ਸੰਬੋਧਨ ਵਿੱਚ ਕਿਹਾ, "ਤੀਆਂ ਦਾ ਇਹ ਮੇਲਾ ਸਾਡੀ ਮਾਣ–ਮੱਤੀ ਵਿਰਾਸਤ ਦਾ ਅਹਿਮ ਭਾਗ ਹੈ। ਇਸ ਤਰ੍ਹਾਂ ਦੇ ਇਕੱਠ ਸਾਡੀਆਂ ਸਮਾਜਿਕ–ਤੰਦਾਂ ਨੂੰ ਮਜ਼ਬੂਤ ਕਰਨ ਅਤੇ ਸੱਭਿਚਾਰਕ ਜੜ੍ਹਾਂ ਨੂੰ ਹੋਰ ਤਾਕਤ ਦੇਣ ਲਈ ਪ੍ਰਭਾਵਸ਼ਾਲੀ ਭੂਮਿਕਾ ਅਦਾ ਕਰਦੇ ਹਨ।" ਕਲੱਬ ਦੇ ਮੈਂਬਰਾਂ ਤੇ ਮਹਿਮਾਨਾਂ ਨੇ ਨਾ ਕੇਵਲ ਸ਼ਾਨਦਾਰ ਮਨੋਰੰਜਕ ਆਈਟਮਾਂ ਦਾ ਹੀ ਅਨੰਦ ਲਿਆ, ਸਗੋਂ ਇਸ ਦੌਰਾਨ ਸੁਆਦਲੇ ਭੋਜਨ ਦੀਆਂ ਵੱਖ–ਵੱਖ ਵੰਨਗੀਆਂ ਅਤੇ ਹਾਸੇ–ਮਜ਼ਾਕ ਨੂੰ ਵੀ ਪੂਰੀ ਤਰ੍ਹਾਂ ਮਾਣਿਆਂ। ਅਖ਼ੀਰ ਵਿੱਚ ਕਲੱਬ ਦੇ ਪ੍ਰਧਾਨ ਜਸਵਿੰਦਰ ਦੈਂਦ ਵੱਲੋਂ ਇਸ ਸਮਾਗ਼ਮ ਦੀ ਸਫ਼ਲਤਾ ਲਈ ਸਮੂਹ ਮੈਂਬਰਾਂ, ਵਾਲੰਟੀਅਰਾਂ ਅਤੇ ਵੱਖ–ਵੱਖ ਆਈਟਮਾਂ ਪੇਸ਼ ਕਰਨ ਵਾਲਿਆਂ ਦਾ ਭਾਵਪੂਰਤ ਸ਼ਬਦਾਂ ਵਿੱਚ ਧੰਨਵਾਦ ਕੀਤਾ ਗਿਆ।

# ਆਸਟਰੇਲੀਆ 'ਚ ਭਾਰਤੀ ਮੂਲ ਦੇ ਸਿੱਖ ਡਾਕੀਏ ਗੁਰਪ੍ਰੀਤ ਸਿੰਘ ਨੇ ਖਿੱਚਿਆ ਸਭ ਦਾ ਧਿਆਨ



ਆਸਟਰੇਲੀਆ ਦੇ ਕੁਈਨਜ਼ਲੈਂਡ ਦੀ ਇਕ ਮਹਿਲਾ ਨੇ ਭਾਰਤੀ ਮੂਲ ਦੇ ਡਾਕੀਏ ਦੀ ਸੀਸੀਟੀਵੀ ਫੁਟੇਜ ਸ਼ੋਸਲ ਮੀਡੀਆ 'ਤੇ ਸਾਂਝੀ ਕੀਤੀ ਹੈ। ਡਾਕੀਏ ਵੱਲੋਂ ਕੀਤੇ ਗਏ ਛੋਟੇ ਜਿਹੇ ਦਿਆਲਤਾ ਭਰੇ ਕੰਮ ਨੇ ਇੰਟਰਨੈੱਟ 'ਤੇ ਧਮਾਲ ਮਚਾ ਦਿੱਤੀ। ਇਸ ਵੀਡੀਓ ਨੂੰ ਸ਼ੋਸਲ ਮੀਡੀਆ 'ਤੇ ਲੱਖਾਂ ਵਿਊਜ਼ ਮਿਲੇ ਅਤੇ ਬਾਲੀਵੁੱਡ ਅਦਾਕਾਰਾ ਪ੍ਰਿਯੰਕਾ ਚੋਪੜਾ ਵੱਲੋਂ ਵੀ ਇਸ ਵੀਡੀਓ ਨੂੰ ਲਾਈਕ ਕੀਤਾ ਗਿਆ।

ਇਹ ਘਟਨਾ ਵੇਰੀਟੀ ਵੈਂਡਲ ਦੇ ਘਰ 'ਚ ਲੱਗੇ ਸੁਰੱਖਿਆ ਕੈਮਰੇ ਵਿੱਚ ਉਸ ਸਮੇਂ ਕੈਦ ਹੋਈ ਜਦੋਂ ਇਕ ਸਿੱਖ ਡਾਕੀਆ ਪਾਰਸਲ ਦੇਣ ਤੋਂ ਬਾਅਦ ਜਾਣ ਲੱਗਿਆ ਤਾਂ ਅਚਾਨਕ ਮੀਂਹ ਪੈਣ ਲੱਗਿਆ। ਵਾਪਸ ਜਾਂਦੇ ਸਮੇਂ ਜਦੋਂ ਡਾਕੀਏ ਦਾ ਧਿਆਨ ਘਰ ਦੇ ਬਾਹਰ ਧੋ ਕੇ ਸੁੱਕਣੇ ਪਾਏ ਕੱਪੜਿਆਂ 'ਤੇ ਗਿਆ। ਤਾਂ ਉਸ ਨੇ ਜਾਣ ਦੀ ਬਜਾਏ ਦਿਆਲਤਾ ਨਾਲ ਕੱਪੜੇ ਇਕੱਠੇ ਕੀਤੇ ਅਤੇ ਅੰਦਰ ਰੱਖਦੇ ਦਿੱਤੇ ਅਤੇ ਕੱਪੜੇ ਗਿੱਲੇ ਹੋਣ ਤੋਂ ਬਚ ਗਏ।

ਵੈਂਡਲ ਨੇ ਬਾਅਦ 'ਚ ਇਸ ਵੀਡੀਓ ਨੂੰ ਔਨਲਾਈਨ ਪੋਸਟ ਕਰ ਦਿੱਤਾ ਅਤੇ ਡਾਕੀਏ ਦੀ ਪਹਿਚਾਣ ਕਰਨ ਵਿੱਚ ਮਦਦ ਕਰਨ ਲਈ ਕਿਹਾ ਤਾਂ ਜੋ ਉਹ ਉਸਦਾ ਧੰਨਵਾਦ ਕਰ ਸਕੇ। ਵੈਂਡਲ ਨੇ ਲਿਖਿਆ ਕਿ ਮੈਂ ਕਾਰ 'ਚ ਘਰ ਜਾ ਰਹੀ ਸੀ ਅਤੇ ਅਸਮਾਨ ਬੱਦਲਾਂ ਨਾਲ ਘਿਰ ਗਿਆ ਅਤੇ ਮੈਂ ਸੋਚਿਆ ਕਿ ਚਾਦਰਾਂ ਵੀ ਬਾਹਰ ਪਈਆਂ ਹਨ, ਪਰ ਜਦੋਂ ਮੈਂ ਘਰ ਪਹੁੰਚੀ ਤਾਂ ਲਾਈਨ 'ਤੇ ਕੁਝ ਵੀ ਨਹੀਂ ਸੀ। ਕਿਉਂਕਿ ਸਿੱਖ ਡਾਕੀਏ ਨੇ ਮੇਰੇ ਪਾਰਸਲ ਦੇ ਨਾਲ ਧੋਏ ਹੋਏ ਕੱਪੜੇ ਵੀ ਮੀਂਹ ਤੋਂ ਬਚਾਉਣ ਲਈ ਅੰਦਰ ਰੱਖ ਦਿੱਤੇ ਸਨ। ਜਿਸ ਤੋਂ ਬਾਅਦ ਵੈਂਡਲ ਨੇ ਉਸ ਦੀ ਬਹੁਤ ਤਾਰੀਫ਼ ਕੀਤੀ। ਵੈਂਡਲ ਨੇ ਡਾਕੀਏ ਦੀ ਪਛਾਣ ਗੁਰਪ੍ਰੀਤ ਸਿੰਘ ਵਜੋਂ ਦੱਸੀ ਅਤੇ ਉਨ੍ਹਾਂ ਆਪਣੀ ਤਸਵੀਰ ਦੇ ਨਾਲ ਕੱਪੜੇ ਇਕੱਠੇ ਕਰਨ ਵਾਲਾ ਉਹ ਵੀਡੀਓ ਕਲਿੱਪ ਦੁਬਾਰਾ ਪੋਸਟ ਕੀਤਾ। ਦਿਲ ਨੂੰ ਛੂਹ ਲੈਣ ਵਾਲੀ ਇਸ ਵੀਡੀਓ ਨੂੰ ਲੋਕਾਂ ਵੱਲੋਂ ਬਹੁਤ ਪਿਆਰ ਦਿੱਤਾ ਗਿਆ ਅਤੇ ਬਹੁਤ ਸਰਿਆਂ ਵੱਲੋਂ ਡਾਕੀਏ ਦੀ ਦਿਆਲਤਾ ਦੀ ਪ੍ਰਸੰਸਾ ਕੀਤੀ ਗਈ।

# ਕਿਮ ਜੋਂਗ ਉਨ ਨੇ ਦੱਖਣੀ ਕੋਰੀਆ ਅਤੇ ਅਮਰੀਕਾ ਦੇ ਫੌਜੀ ਅਭਿਆਸਾਂ ਦੀ ਕੀਤੀ ਨਿੰਦਾ



ਸਿਓਲ: ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨੇ ਦੱਖਣੀ ਕੋਰੀਆ ਅਤੇ ਅਮਰੀਕਾ ਵਿਚਕਾਰ ਚੱਲ ਰਹੇ ਫੌਜੀ ਅਭਿਆਸਾਂ ਦੀ ਨਿੰਦਾ ਕੀਤੀ ਅਤੇ ਦੁਸ਼ਮਣਾਂ ਦਾ ਮੁਕਾਬਲਾ ਕਰਨ ਲਈ ਦੇਸ਼ ਦੀ ਪ੍ਰਮਾਣੂ ਸ਼ਕਤੀ ਨੂੰ ਤੇਜ਼ੀ ਨਾਲ ਵਧਾਉਣ ਦੀ ਸਹੁੰ ਖਾਧੀ। ਸਰਕਾਰੀ ਮੀਡੀਆ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ।

ਕਿਮ ਨੇ ਇਹ ਗੱਲ ਪ੍ਰਮਾਣੂ–ਸਮਰੱਥ ਪ੍ਰਣਾਲੀਆਂ ਨਾਲ ਲੈਸ ਸਭ ਤੋਂ ਉੱਨਤ ਜੰਗੀ ਜਹਾਜ਼ ਦਾ ਨਿਰੀਖਣ ਕਰਦੇ ਹੋਏ ਕਹੀ। ਕਿਮ ਜੋਂਗ ਉਨ ਨੇ ਸੋਮਵਾਰ ਨੂੰ ਨੈਂਪੋ ਦੇ ਪੱਛਮੀ ਬੰਦਰਗਾਹ ਦਾ ਦੌਰਾ ਕੀਤਾ ਜਦੋਂ ਦੱਖਣੀ ਕੋਰੀਆ ਅਤੇ ਅਮਰੀਕਾ ਨੇ ਆਪਣਾ ਸਾਲਾਨਾ ਸਾਂਝਾ ਫੌਜੀ ਅਭਿਆਸ 'ਉਲਚੀ ਫ੍ਰੀਡਮ ਸ਼ੀਲਡ' ਸ਼ੁਰੂ ਕੀਤਾ ਸੀ। ਦੋਵਾਂ ਦੇਸ਼ਾਂ ਦਾ ਇਹ ਅਭਿਆਸ ਪ੍ਰਮਾਣੂ–ਹਥਿਆਰਬੰਦ ਉੱਤਰੀ ਕੋਰੀਆ ਦੁਆਰਾ ਪੈਦਾ ਕੀਤੇ ਗਏ ਖਤਰਿਆਂ ਦਾ ਬਿਹਤਰ ਢੰਗ ਨਾਲ ਮੁਕਾਬਲਾ ਕਰਨ ਦੀਆਂ ਤਿਆਰੀਆਂ ਦਾ ਹਿੱਸਾ ਹੈ।

ਇਹ 11 ਦਿਨਾਂ ਦਾ ਅਭਿਆਸ ਸਾਲ ਵਿੱਚ ਦੋ ਵਾਰ ਹੋਣ ਵਾਲੇ ਵੱਡੇ ਪੱਧਰ ਦੇ ਅਭਿਆਸਾਂ ਵਿੱਚੋਂ ਦੂਜਾ ਹੈ। ਇਸ ਵਿੱਚ 21,000 ਸੈਨਿਕ ਸ਼ਾਮਲ ਹਨ, ਜਿਨ੍ਹਾਂ ਵਿੱਚ 18,000 ਦੱਖਣੀ ਕੋਰੀਆਈ ਸ਼ਾਮਲ ਹਨ ਅਤੇ ਇਸ ਵਿੱਚ ਕੰਪਿਊਟਰ–ਅਧਾਰਤ ਕਮਾਂਡ ਪੋਸਟ ਓਪਰੇਸ਼ਨ ਅਤੇ ਫੀਲਡ ਸਿਖਲਾਈ ਸ਼ਾਮਲ ਹੈ।

ਦੱਖਣੀ ਕੋਰੀਆ ਅਤੇ ਅਮਰੀਕਾ ਕਹਿੰਦੇ ਹਨ ਕਿ ਅਭਿਆਸ ਰੱਖਿਆਤਮਕ ਹਨ, ਪਰ ਉੱਤਰੀ ਕੋਰੀਆ ਲੰਬੇ ਸਮੇਂ ਤੋਂ ਇਨ੍ਹਾਂ ਨੂੰ ਹਮਲੇ ਦੀਆਂ ਤਿਆਰੀਆਂ ਵਜੋਂ ਦਰਸਾਉਂਦਾ ਆਇਆ ਹੈ ਅਤੇ ਅਕਸਰ ਅਜਿਹੇ ਮੌਕਿਆਂ 'ਤੇ ਹਥਿਆਰਾਂ ਦੀ ਜਾਂਚ ਕਰਦਾ ਹੈ। ਉੱਤਰੀ ਕੋਰੀਆ ਦੀ ਨਿਊਜ਼ ਏਜੰਸੀ 'ਕੋਰੀਅਨ ਸੈਂਟਰਲ ਨਿਊਜ਼ ਏਜੰਸੀ' (ਕੇਸੀਐਨਏ) ਦੇ ਅਨੁਸਾਰ, ਅਪ੍ਰੈਲ ਵਿੱਚ ਪਹਿਲੀ ਵਾਰ ਪ੍ਰਦਰਸ਼ਿਤ ਕੀਤੇ ਗਏ 5,000 ਟਨ ਦੇ ਜੰਗੀ ਜਹਾਜ਼ 'ਚੋਏ ਹਯੋਨ' ਦਾ ਨਿਰੀਖਣ ਕਰਦੇ ਹੋਏ, ਕਿਮ ਜੋਂਗ ਉਨ ਨੇ ਕਿਹਾ ਕਿ ਅਮਰੀਕਾ ਅਤੇ ਦੱਖਣੀ ਕੋਰੀਆ ਦੇ ਸਾਂਝੇ ਫੌਜੀ ਅਭਿਆਸ ਦੁਸ਼ਮਣੀ ਅਤੇ ਉਨ੍ਹਾਂ ਦੀ ਕਥਿਤ "ਜੰਗ ਭੜਕਾਉਣ ਦੀ ਇੱਛਾ" ਨੂੰ ਦਰਸਾਉਂਦੇ ਹਨ।

ਉੱਤਰੀ ਕੋਰੀਆ ਦੇ ਨੇਤਾ ਨੇ ਦਾਅਵਾ ਕੀਤਾ ਕਿ ਇਨ੍ਹਾਂ ਫੌਜੀ ਅਭਿਆਸਾਂ ਵਿੱਚ "ਪਰਮਾਣੂ ਹਥਿਆਰਾਂ" ਨੂੰ ਸ਼ਾਮਲ ਕਰਨ ਨਾਲ ਉਨ੍ਹਾਂ ਨੂੰ ਪਹਿਲਾਂ ਨਾਲੋਂ ਜ਼ਿਆਦਾ ਭੜਕਾਊ ਬਣਾ ਦਿੱਤਾ ਗਿਆ ਹੈ ਅਤੇ ਉੱਤਰੀ ਕੋਰੀਆ ਨੂੰ ਹੁਣ ਇਸਦਾ ਜਵਾਬ ਦੇਣ ਲਈ "ਸਰਗਰਮ ਅਤੇ ਵਿਆਪਕ" ਕਦਮ ਚੁੱਕਣ ਦੀ ਲੋੜ ਹੈ। ਕੇਸੀਐਨਏ ਨੇ ਆਪਣੀ ਰਿਪੋਰਟ ਵਿੱਚ ਕਿਮ ਜੋਂਗ ਉਨ ਦੇ ਹਵਾਲੇ ਨਾਲ ਕਿਹਾ, "ਡੀਪੀਆਰਕੇ (ਡੈਮੋਕ੍ਰੇਟਿਕ ਪੀਪਲਜ਼ ਰੀਪਬਲਿਕ ਆਫ਼ ਕੋਰੀਆ) ਦੇ ਆਲੇ ਦੁਆਲੇ ਸੁਰੱਖਿਆ ਸਥਿਤੀ ਦਿਨੋ–ਦਿਨ ਗੰਭੀਰ ਹੁੰਦੀ ਜਾ ਰਹੀ ਹੈ। ਅਜਿਹੀ ਸਥਿਤੀ ਵਿੱਚ, ਸਾਨੂੰ ਆਪਣੀ ਮੌਜੂਦਾ ਫੌਜੀ ਨੀਤੀ ਅਤੇ ਅਭਿਆਸ ਵਿੱਚ ਵੱਡੇ ਬਦਲਾਅ ਕਰਨ ਅਤੇ ਤੇਜ਼ੀ ਨਾਲ ਪ੍ਰਮਾਣੂ ਸ਼ਕਤੀ ਦਾ ਵਿਸਥਾਰ ਕਰਨ ਦੀ ਲੋੜ ਹੈ।" ਕਿਮ ਨੇ ਜਲ ਸੈਨਾ ਵਿਨਾਸ਼ਕਾਰੀ 'ਚੋਏ ਹਯੋਨ' ਦੀ ਪ੍ਰਸ਼ੰਸਾ ਕੀਤੀ ਅਤੇ ਇਸਨੂੰ ਪ੍ਰਮਾਣੂ ਹਥਿਆਰਬੰਦ ਫੌਜ ਦੀ ਸੰਚਾਲਨ ਸਮਰੱਥਾ ਨੂੰ ਵਧਾਉਣ ਦੇ ਆਪਣੇ ਟੀਚੇ ਵੱਲ ਇੱਕ ਮਹੱਤਵਪੂਰਨ ਪ੍ਰਗਤੀ ਕਿਹਾ।

# ਟਰੈਕਟਰ ਵਾਲੀ ਕੁੜੀ ਦੇ ਮਾਮਲੇ 'ਚ ਵੱਡਾ ਐਕਸ਼ਨ, ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਲਿਆ ਸੋ-ਮੋਟੋ ਨੋਟਿਸ



ਜਲੰਧਰ ਦੀ 19 ਸਾਲਾ ਲੜਕੀ ਨੂੰ ਨਸ਼ੀਲਾ ਪਦਾਰਥ ਪਿਲਾ ਕੇ ਜ਼ਬਰ–ਜਨਾਹ ਕਰਨ ਅਤੇ ਅਸ਼ਲੀਲ ਵੀਡੀਓ ਬਣਾਉਣ ਦੇ ਮਾਮਲੇ ਵਿੱਚ ਵੱਡਾ ਐਕਸ਼ਨ ਲਿਆ ਗਿਆ ਹੈ। ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਇਸ ਘਟਨਾ ਦਾ ਖੁਦ ਨੋਟਿਸ ਲਿਆ ਹੈ ਅਤੇ ਪੁਲਿਸ ਨੂੰ ਸਖ਼ਤ ਕਾਰਵਾਈ ਕਰਨ ਦੇ ਦਿਸ਼ਾ ਨਿਰਦੇਸ਼ ਦਿੱਤੇ। ਉਨ੍ਹਾਂ ਵੱਲੋਂ ਪੁਲਿਸ ਨੂੰ 22 ਅਗਸਤ ਤੱਕ ਰਿਪੋਰਟ ਭੇਜਣ ਦੇ ਹੁਕਮ ਦਿੱਤੇ ਗਏ ਹਨ।

ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਨੇ ਕਿਹਾ – ਲੜਕੀ ਨਾਲ ਵਾਪਰੀ ਘਟਨਾ ਬਹੁਤ ਸ਼ਰਮਨਾਕ ਹੈ ਅਤੇ ਮੁਲਜ਼ਮਾਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਣਾ ਚਾਹੀਦਾ। ਕਮਿਸ਼ਨ ਨੇ ਇਸ ਮਾਮਲੇ ਵਿੱਚ ਸਬੰਧਤ ਅਧਿਕਾਰੀਆਂ ਅਤੇ ਪੁਲਿਸ ਤੋਂ ਰਿਪੋਰਟ ਤਲਬ ਕੀਤੀ ਹੈ। ਪੁਲਿਸ ਨੂੰ ਜਲਦੀ ਤੋਂ ਜਲਦੀ ਪੂਰੇ ਮਾਮਲੇ ਦੀ ਰਿਪੋਰਟ ਪੇਸ਼ ਕਰਨੀ ਪਵੇਗੀ। ਦੋਸ਼ ਲਗਾਇਆ ਜਾ ਰਿਹਾ ਹੈ ਕਿ 19 ਸਾਲਾ ਪੀੜਤਾ ਨੂੰ ਪਹਿਲਾਂ ਨਸ਼ੀਲਾ ਪਦਾਰਥ ਪਿਲਾਇਆ ਗਿਆ ਅਤੇ ਫਿਰ ਉਸ ਨਾਲ ਗਲਤ ਕੰਮ ਕੀਤਾ ਗਿਆ ਅਤੇ ਵੀਡੀਓ ਬਣਾਈ ਗਈ। ਇਹ ਵੀਡੀਓ ਬਾਅਦ ਵਿੱਚ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤਾ ਗਿਆ, ਜਿਸ ਕਾਰਨ ਪੀੜਤਾ ਅਤੇ ਉਸਦਾ ਪਰਿਵਾਰ ਮਾਨਸਿਕ ਤੌਰ 'ਤੇ ਬਹੁਤ ਦੁਖੀ ਹੈ।

ਕਮਿਸ਼ਨ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਪੁਲਿਸ ਇਸ ਮਾਮਲੇ ਵਿੱਚ ਤੁਰੰਤ ਸਖ਼ਤ ਕਾਰਵਾਈ ਨਹੀਂ ਕਰਦੀ ਹੈ ਤਾਂ ਕਮਿਸ਼ਨ ਖੁਦ ਅੱਗੇ ਦਖਲ ਦੇਵੇਗਾ। ਪੰਜਾਬ ਮਹਿਲਾ ਕਮਿਸ਼ਨ ਨੇ ਪੁਲਿਸ ਪ੍ਰਸ਼ਾਸਨ ਨੂੰ 22 ਅਗਸਤ, 2025 ਤੱਕ ਮਾਮਲੇ ਵਿੱਚ ਕੀਤੀ ਗਈ ਕਾਰਵਾਈ ਦੀ ਵਿਸਤ੍ਰਿਤ ਰਿਪੋਰਟ ਕਮਿਸ਼ਨ ਨੂੰ ਸੌਂਪਣ ਦੇ ਹੁਕਮ ਦਿੱਤੇ ਹਨ। ਕਮਿਸ਼ਨ ਨੇ ਕਿਹਾ ਹੈ ਕਿ ਪੀੜਤ ਨੂੰ ਇਨਸਾਫ਼ ਦਿਵਾਉਣਾ ਉਨ੍ਹਾਂ ਦੀ ਤਰਜੀਹ ਹੈ ਅਤੇ ਮੁਲਜ਼ਮਾਂ ਨੂੰ ਜਲਦੀ ਗ੍ਰਿਫ਼ਤਾਰ ਕੀਤਾ ਜਾਵੇ।

# ਟਰੰਪ ਨੂੰ ਜਾਨੋ ਮਾਰਨ ਦੀ ਧਮਕੀ ਦੇਣ ਵਾਲੀ ਗ੍ਰਿਫ਼ਤਾਰ



ਵਾਸ਼ਿੰਗਟਨ : ਡੋਨਲਡ ਟਰੰਪ ਨੂੰ ਜਾਨੋ ਮਾਰਨ ਦੀਆਂ ਧਮਕੀਆਂ ਦੇਣ ਵਾਲੀ ਔਰਤ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਜੀ ਹਾਂ, ਇੰਡਿਆਨਾ ਸੂਬੇ ਨਾਲ ਸਬੰਧਤ 50 ਸਾਲ ਦੀ ਨੈਟਲੀ ਰੋਜ਼ ਜੋਨਜ਼ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ ਰਾਹੀਂ ਟਰੰਪ ਨੂੰ ਰਾਸ਼ਟਰਪਤੀ ਦੇ ਅਹੁਦੇ ਤੋਂ ਹਟਾਉਣ ਦਾ ਸੱਦਾ ਦਿੰਦਿਆਂ ਅਤਿਵਾਦੀ ਕਰਾਰ ਦਿਤਾ। ਸਿਰਫ ਐਨਾ ਹੀ ਨਹੀਂ, ਟਰੰਪ ਸਰਕਾਰ ਨੂੰ ਤਾਨਾਸ਼ਾਹ ਕਰਾਰ ਦਿੰਦਿਆਂ ਕੋਰੋਨਾ ਮਹਾਂਮਾਰੀ ਨਾਲ ਨਜਿੱਠਣ ਲਈ ਢੁਕਵੇਂ ਕਦਮ ਨਾ ਉਠਾਉਣ ਦਾ ਦੋਸ਼ ਵੀ ਲਾਇਆ। ਦੂਜੇ ਪਾਸੇ ਫੇਸਬੁੱਕ ਅਕਾਊਂਟ ਰਾਹੀਂ ਨੈਟਲੀ ਨੇ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਨੂੰ ਕਰੜੇ ਹੱਥੀਂ ਲਿਆ ਅਤੇ ਕਿਹਾ ਕਿ ਉਹ ਅਮਰੀਕਾ ਦੇ ਰਾਸ਼ਟਰਪਤੀ ਨੂੰ ਖਤਮ ਕਰਨਾ ਚਾਹੁੰਦੀ ਹੈ। 15 ਅਗਸਤ ਨੂੰ ਸੀਕਰੇਟ ਸਰਵਿਸ ਵਾਲਿਆਂ ਨਾਲ ਗੱਲਬਾਤ ਦੌਰਾਨ ਨੈਟਲੀ ਵੱਲੋਂ ਟਰੰਪ ਨੂੰ ਨਾਜ਼ੀ ਦੱਸਿਆ ਗਿਆ ਅਤੇ ਕਿਹਾ ਕਿ ਕਿਸੇ ਬਲੇਡ ਵਰਗੀ ਚੀਜ਼ ਨਾਲ ਉਹ ਟਰੰਪ ਨੂੰ ਮਾਰਨਾ ਚਾਹੁੰਦੀ ਹੈ।

ਉਰ ਡਿਪਾਰਟਮੈਂਟ ਆਫ਼ ਜਸਟਿਸ ਨੇ ਦੱਸਿਆ ਕਿ 16 ਅਗਸਤ ਨੂੰ ਵਾਈਟ ਹਾਊਸ ਨੇੜੇ ਹੋਏ ਰੋਸ ਵਿਖਾਵੇ ਵਿਚ ਨੈਟਲੀ ਰੋਜ਼ ਜੋਨਜ਼ ਨੇ ਸ਼ਮੂਲੀਅਤ ਕੀਤੀ ਅਤੇ ਇਕ ਵਾਰ ਫਿਰ ਫੈਡਰਲ ਏਜੰਟਾਂ ਵੱਲੋਂ ਉਸ ਤੋਂ ਪੁੱਛ ਪੜਤਾਲ ਕੀਤੀ ਗਈ। ਇਥੇ ਵੀ ਉਹ ਆਪਣੀਆਂ ਧਮਕੀਆਂ 'ਤੇ ਕਾਇਮ ਰਹੀ ਜਿਸ ਮਗਰੋਂ ਉਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਯੂ.ਐਸ. ਸੀਕਰੇਟ ਸਰਵਿਸ ਦੇ ਵਾਸ਼ਿੰਗਟਨ ਫੀਲਡ ਦਫ਼ਤਰ ਵਿਚ ਸਪੈਸ਼ਲ ਏਜੰਟ ਮੈਟ ਮਕੂਲ ਨੇ ਇਸ ਘਟਨਾਕ੍ਰਮ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਰਾਸ਼ਟਰਪਤੀ ਦੀ ਸੁਰੱਖਿਆ ਸਾਡੀ ਪਹਿਲੀ ਤਰਜੀਹ ਹੈ ਅਤੇ ਹਰ ਸੰਭਾਵਤ ਖਤਰੇ ਨੂੰ ਗੰਭੀਰਤਾ ਲਾਲ ਲਿਆ ਜਾਂਦਾ ਹੈ। ਜੋਨਜ਼ ਵਿਰੁੱਧ ਜਾਨੋ ਮਾਰਨ ਦੀ ਧਮਕੀ ਦੇਣ ਅਤੇ ਅਗਵਾ ਕਰਨ ਦੀ ਧਮਕੀ ਦੇ ਦੋਸ਼ ਆਇਦ ਕੀਤੇ ਗਏ ਹਨ। ਮਾਮਲੇ ਦੀ ਪੜਤਾਲ ਸੀਕਰੇਟ ਸਰਵਿਸ ਵੱਲੋਂ ਕੀਤੀ ਜਾ ਰਹੀ ਹੈ। ਚੇਤੇ ਰਹੇ ਕਿ 2020 ਦੀਆਂ ਚੋਣਾਂ ਦੌਰਾਨ ਟਰੰਪ ਨੂੰ ਜ਼ਹਿਰ ਨਾਲ ਲਿਬੜੀ ਚਿੱਠੀ ਭੇਜਣ ਦਾ ਗੁਨਾਹ ਕਿਊਬੈਕ ਦੀ ਪਾਸਕਲ ਫੈਰੀਅਰ ਨੇ ਕਬੂਲ ਕਰ ਲਿਆ ਸੀ। 56 ਸਾਲ ਦੀ ਪਾਸਕਲ ਨੂੰ ਕੈਨੇਡਾ ਅਮਰੀਕਾ ਦੇ ਬਾਰਡਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਸ ਨੇ ਚਿੱਠੀ 'ਤੇ ਲਾਉਣ ਲਈ ਮੌਂਟਰੀਅਲ ਸਥਿਤ ਆਪਣੇ ਘਰ ਵਿਚ ਜ਼ਹਿਰ ਤਿਆਰ ਕੀਤਾ।

# US ਦਾ ਰੂਸ–ਯੂਕਰੇਨ ਜੰਗ ਖ਼ਤਮ ਕਰਵਾਉਣ 'ਤੇ ਲੱਗਾ ਜ਼ੋਰ:

## ਪੁਤਿਨ–ਜ਼ੇਲੇਂਸਕੀ ਨਾਲ ਤਿਕੌਣੀ ਮੀਟਿੰਗ ਦੀ ਤਿਆਰੀ



ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨਾਲ ਮੁਲਾਕਾਤ ਦੌਰਾਨ ਕਿਹਾ ਕਿ ਰੂਸ–ਯੂਕਰੇਨ ਜੰਗ ਜਾਰੀ ਰਹੇਗੀ ਜਾਂ ਸ਼ਾਂਤੀ ਸਥਾਪਤ ਹੋਵੇਗੀ, ਇਸ ਦਾ ਫੈਸਲਾ ਅਗਲੇ ਇੱਕ ਤੋਂ ਦੋ ਹਫਤਿਆਂ 'ਚ ਹੋ ਸਕਦਾ ਹੈ। ਟਰੰਪ ਨੇ ਕਿਹਾ ਕਿ ਇਸ ਮੁਲਾਕਾਤ ਤੋਂ ਬਾਅਦ ਅਸੀਂ ਇੱਕ ਹੋਰ ਮੀਟਿੰਗ ਕਰਾਂਗੇ ਅਤੇ ਫਿਰ ਫੈਸਲਾ ਲਵਾਂਗੇ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਮੇਰੀ ਪਹਿਲੀ ਤਰਜੀਹ ਲੋਕਾਂ ਦੀ ਜਾਨ ਬਚਾਉਣਾ ਹੈ। ਉਮੀਦ ਹੈ ਕਿ ਇਸ ਮੀਟਿੰਗ ਤੋਂ ਕੁਝ ਸਕਾਰਾਤਮਕ ਨਤੀਜੇ ਨਿਕਲਣਗੇ।

ਅਮਰੀਕੀ ਰਾਸ਼ਟਰਪਤੀ ਨੇ ਅੱਗੇ ਕਿਹਾ, "ਮੈਂ ਅੱਜ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਅਸਿੱਧੇ ਤੌਰ 'ਤੇ ਗੱਲ ਕੀਤੀ ਹੈ ਅਤੇ ਇਸ ਮੁਲਾਕਾਤ ਤੋਂ ਬਾਅਦ ਵੀ ਮੈਂ ਉਨ੍ਹਾਂ ਨਾਲ ਫੋਨ 'ਤੇ ਗੱਲ ਕਰਾਂਗਾ। ਅਸੀਂ ਇੱਕ ਤਿਕੋਣੀ ਮੀਟਿੰਗ (ਟਰੰਪ, ਜ਼ੇਲੇਂਸਕੀ, ਪੁਤਿਨ) ਕਰਵਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਹੋ ਸਕਦਾ ਹੈ ਕਿ ਤਿਕੋਣੀ ਮੀਟਿੰਗ ਹੋਵੇ ਜਾਂ ਨਾ ਵੀ ਹੋਵੇ। ਜੇਕਰ ਇਹ ਨਾ ਹੋਈ, ਤਾਂ ਜੰਗ ਜਾਰੀ ਰਹਿ ਸਕਦੀ ਹੈ, ਪਰ ਜੇਕਰ ਹੋਈ ਤਾਂ ਜੰਗ ਖਤਮ ਹੋਣ ਦੀ ਵਧੀਆ ਸੰਭਾਵਨਾ ਹੈ।"

ਟਰੰਪ ਨੇ ਕਿਹਾ, "ਮੈਂ ਇਸ ਜੰਗ ਨੂੰ ਰੋਕਣਾ ਚਾਹੁੰਦਾ ਹਾਂ। ਅਸੀਂ ਲੰਬੇ ਸਮੇਂ ਦੇ ਸ਼ਾਂਤੀ ਸਮਝੌਤੇ 'ਤੇ ਗੱਲਬਾਤ ਕਰ ਰਹੇ ਹਾਂ। ਯੂਰਪ ਦੇ ਲੋਕ ਸ਼ਾਂਤੀ ਚਾਹੁੰਦੇ ਹਨ।" ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇਕਰ ਮੀਟਿੰਗ ਸਫਲ ਨਾ ਵੀ ਹੋਈ, ਤਾਂ ਵੀ ਅਮਰੀਕਾ ਯੂਕਰੇਨ ਨੂੰ ਸਮਰਥਨ ਜਾਰੀ ਰੱਖੇਗਾ।

### ਸ਼ਾਂਤੀ ਸੰਧੀ ਦੀ ਅਹਿਮੀਅਤ

ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਜੰਗ ਖਤਮ ਕਰਨ ਲਈ ਜੰਗਬੰਦੀ (ਸੀਜਫਾਇਰ) ਦੀ ਲੋੜ ਨਹੀਂ ਹੈ। ਉਨ੍ਹਾਂ ਨੇ ਕਿਹਾ, "ਸੀਜਫਾਇਰ ਸਿਰਫ਼ ਅਸਥਾਈ ਹੱਲ ਹੈ, ਸ਼ਾਂਤੀ ਸੰਧੀ ਜ਼ਿਆਦਾ ਮਹੱਤਵਪੂਰਨ ਹੈ। ਮੈਨੂੰ ਨਹੀਂ ਲੱਗਦਾ ਕਿ ਸੀਜਫਾਇਰ ਹੋਵੇਗਾ।" ਟਰੰਪ ਨੇ ਰੂਸ–ਯੂਕਰੇਨ ਜੰਗ ਲਈ ਸਾਬਕਾ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਨੇ ਕਿਹਾ, "ਇਸ ਜੰਗ ਦੇ ਜ਼ਿੰਮੇਵਾਰ ਬਾਇਡਨ ਹਨ। ਜੇਕਰ ਮੈਂ ਰਾਸ਼ਟਰਪਤੀ ਹੁੰਦਾ, ਤਾਂ ਇਹ ਜੰਗ ਸ਼ੁਰੂ ਹੀ ਨਾ ਹੁੰਦੀ।"

### ਯੂਕਰੇਨ ਨੂੰ ਸੁਰੱਖਿਆ ਦੀ ਗਾਰੰਟੀ

ਟਰੰਪ ਨੇ ਕਿਹਾ, "ਅਸੀਂ ਯੂਕਰੇਨ ਨੂੰ ਸੁਰੱਖਿਆ ਪ੍ਰਦਾਨ ਕਰਾਂਗੇ। ਪੁਤਿਨ ਨਹੀਂ ਚਾਹੁੰਦੇ ਕਿ ਯੂਕਰੇਨ ਕਦੇ ਨਾਟੋ 'ਚ ਸ਼ਾਮਲ ਹੋਵੇ। ਹਾਲਾਂਕਿ, ਅਸੀਂ ਅਜੇ ਇਸ ਮੁੱਦੇ 'ਤੇ ਕੋਈ ਚਰਚਾ ਨਹੀਂ ਕੀਤੀ। ਅਸੀਂ ਇਸ 'ਤੇ ਵਿਚਾਰ ਕਰਾਂਗੇ।" ਉਨ੍ਹਾਂ ਨੇ ਅੱਗੇ ਕਿਹਾ, "ਅਸੀਂ ਨਾਟੋ ਨੂੰ ਹਥਿਆਰ ਵੇਚਾਂਗੇ ਅਤੇ ਨਾਟੋ ਚਾਹੇ ਤਾਂ ਇਹ ਹਥਿਆਰ ਯੂਕਰੇਨ ਨੂੰ ਦੇ ਸਕਦਾ ਹੈ। ਅਸੀਂ ਯੂਰਪ ਦੀ ਜੰਗ 'ਚ ਮਦਦ ਕਰਾਂਗੇ।"

### ਜ਼ੇਲੇਂਸਕੀ ਦੀ ਪ੍ਰਤੀਕਿਰਿਆ

ਯੂਕਰੇਨੀ ਰਾਸ਼ਟਰਪਤੀ ਜ਼ੇਲੇਂਸਕੀ ਨੇ ਟਰੰਪ ਨਾਲ ਮੁਲਾਕਾਤ 'ਤੇ ਕਿਹਾ, "ਸਾਡੀ ਬਹੁਤ ਵਧੀਆ ਗੱਲਬਾਤ ਹੋਈ। ਸ਼ਾਇਦ ਭਵਿੱਖ 'ਚ ਇਸ ਤੋਂ ਵੀ ਵਧੀਆ ਗੱਲਬਾਤ ਹੋਵੇ।" ਜ਼ੇਲੇਂਸਕੀ ਨੇ ਕਿਹਾ ਕਿ ਯੂਕਰੇਨ ਟਰੰਪ ਨਾਲ ਤਿਕੋਣੀ ਮੀਟਿੰਗ ਕਰਕੇ ਖੁਸ਼ ਹੋਵੇਗਾ। ਉਨ੍ਹਾਂ ਨੇ ਕਿਹਾ, "ਅਸੀਂ ਸੁਰੱਖਿਆ ਗਾਰੰਟੀਆਂ 'ਤੇ ਹੋਰ ਗੱਲਬਾਤ ਕਰਾਂਗੇ। ਇਹ ਬਹੁਤ ਮਹੱਤਵਪੂਰਨ ਹੈ ਕਿ ਅਮਰੀਕਾ ਇੰਨਾ ਮਜ਼ਬੂਤ ਸੰਕੇਤ ਦੇਵੇ ਅਤੇ ਰੂਸ ਸੁਰੱਖਿਆ ਗਾਰੰਟੀਆਂ ਲਈ ਤਿਆਰ ਹੋਵੇ।" ਜ਼ੇਲੇਂਸਕੀ ਨੇ ਜ਼ੋਰ ਦੇ ਕੇ ਕਿਹਾ ਕਿ ਯੂਕਰੇਨ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਅਮਰੀਕਾ ਅਤੇ ਯੂਰਪੀ ਦੇਸ਼ਾਂ 'ਤੇ ਹੈ।







# ਪੈਸਾ ਲਾ ਕੇ ਖੇਡੇ ਜਾਣ ਵਾਲੇ Online ਗੇਮਾਂ 'ਤੇ ਰੋਕ ਲਾਉਣ ਵਾਲਾ ਬਿੱਲ ਲੋਕ ਸਭਾ 'ਚ ਪਾਸ



ਲੋਕ ਸਭਾ ਨੇ ਬੁੱਧਵਾਰ ਨੂੰ ਪੈਸਿਆਂ ਨਾਲ ਖੇਡੀਆਂ ਜਾਣ ਵਾਲੀਆਂ ਆਨਲਾਈਨ ਗੇਮਾਂ 'ਤੇ ਪਾਬੰਦੀ ਲਗਾਉਣ ਲਈ ਇੱਕ ਬਿੱਲ ਪਾਸ ਕੀਤਾ। ਇਸ ਦਾ ਉਦੇਸ਼ ਇਨ੍ਹਾਂ ਗੇਮਾਂ ਵਿੱਚ ਨਸ਼ਾਖੋਰੀ, ਮਨੀ ਲਾਂਡਰਿੰਗ ਅਤੇ ਵਿੱਤੀ ਧੋਖਾਧੜੀ ਦੀਆਂ ਵਧਦੀਆਂ ਘਟਨਾਵਾਂ ਨੂੰ ਰੋਕਣਾ ਹੈ। ਆਨਲਾਈਨ ਗੇਮਿੰਗ ਪ੍ਰਮੋਸ਼ਨ ਐਂਡ ਰੈਗੂਲੇਸ਼ਨ ਬਿੱਲ, 2025, ਆਨਲਾਈਨ ਮਨੀ ਗੇਮਾਂ ਨਾਲ ਸਬੰਧਤ ਇਸ਼ਤਿਹਾਰਾਂ ਦੇ ਨਾਲ-ਨਾਲ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਨੂੰ ਅਜਿਹੀ ਕਿਸੇ ਵੀ ਗੇਮ ਲਈ ਫੰਡਾਂ ਦੀ ਸਹੂਲਤ ਜਾਂ ਟ੍ਰਾਂਸਫਰ ਕਰਨ ਤੋਂ ਰੋਕਦਾ ਹੈ। ਸਦਨ ਵਿੱਚ ਵਿਰੋਧੀ ਧਿਰ ਦੇ ਮੈਂਬਰਾਂ ਦੇ ਵਿਰੋਧ ਵਿਚਕਾਰ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰੀ ਅਸ਼ਵਨੀ ਵੈਸ਼ਨਵ ਦੁਆਰਾ ਇੱਕ ਸੰਖੇਪ ਟਿੱਪਣੀ ਤੋਂ ਬਾਅਦ ਬਿੱਲ ਨੂੰ ਧੁਨੀਵੋਟ ਦੁਆਰਾ ਪਾਸ ਕੀਤਾ ਗਿਆ। ਬਿੱਲ ਪਾਸ ਹੋਣ ਤੋਂ ਬਾਅਦ ਲੋਕ ਸਭਾ ਦੀ ਕਾਰਵਾਈ ਦਿਨ ਭਰ ਲਈ ਮੁਲਤਵੀ ਕਰ ਦਿੱਤੀ ਗਈ। ਆਨਲਾਈਨ ਮਨੀ ਗੇਮ ਇੱਕ ਅਜਿਹੀ ਖੇਡ ਹੈ ਜਿਸ ਨੂੰ ਯੂਜ਼ਰ ਪੈਸੇ ਅਤੇ ਹੋਰ ਲਾਭ ਜਿੱਤਣ ਦੀ ਉਮੀਦ ਵਿੱਚ ਪੈਸੇ ਜਮ੍ਹਾ ਕਰਕੇ ਖੇਡਦਾ ਹੈ।

ਇਹ ਬਿੱਲ ਸਾਰੀਆਂ ਆਨਲਾਈਨ ਸੱਟੇਬਾਜ਼ੀ ਅਤੇ ਜੂਆ (ਸੱਤਾ ਅਤੇ ਜੂਆ) ਗਤੀਵਿਧੀਆਂ ਨੂੰ ਗੈਰ-ਕਾਨੂੰਨੀ ਐਲਾਨ ਕਰਦਾ ਹੈ। ਇਸ ਬਿੱਲ ਦੇ ਕਾਨੂੰਨ ਬਣਨ ਤੋਂ ਬਾਅਦ ਆਨਲਾਈਨ ਫੈਂਟੇਸੀ ਗੇਮਾਂ ਤੋਂ ਲੈ ਕੇ ਆਨਲਾਈਨ ਜੂਆ (ਜਿਵੇਂਕਿ ਪੋਕਰ, ਰੰਮੀ ਅਤੇ ਹੋਰ ਕਾਰਡ ਗੇਮਾਂ) ਅਤੇ ਆਨਲਾਈਨ ਲਾਟਰੀਆਂ ਗੈਰ-ਕਾਨੂੰਨੀ ਹੋ ਜਾਣਗੀਆਂ। ਇੱਕ ਵਾਰ ਜਦੋਂ ਬਿੱਲ ਸੰਸਦ ਦੇ ਦੋਵਾਂ ਸਦਨਾਂ ਦੁਆਰਾ ਪਾਸ ਹੋ ਜਾਂਦਾ ਹੈ, ਤਾਂ ਆਨਲਾਈਨ ਮਨੀ ਗੇਮਿੰਗ ਦੀ ਪੇਸ਼ਕਸ਼ ਕਰਨ ਜਾਂ ਸਹੂਲਤ ਦੇਣ 'ਤੇ ਤਿੰਨ ਸਾਲ ਤੱਕ ਦੀ ਕੈਦ ਅਤੇ/ ਜਾਂ 1 ਕਰੋੜ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ।

# ਕੈਨੇਡਾ 'ਚ ਮਹਿੰਗਾਈ ਘਟੀ, ਖੁਰਾਕੀ ਵਸਤਾਂ ਹੋਈਆਂ ਮਹਿੰਗੀਆਂ

## * ਗੈਸੋਲੀਨ ਦੀਆਂ ਕੀਮਤਾਂ 'ਚ ਆਈ 16 ਫ਼ੀਸਦੀ ਕਮੀ
## * ਵਿਆਜ ਦਰਾਂ 'ਚ ਕਟੌਤੀ ਦੇ ਆਸਾਰ ਨਹੀਂ



ਟੋਰਾਂਟੋ : ਕੈਨੇਡਾ ਵਿਚ ਮਹਿੰਗਾਈ ਘਟਣ ਦੇ ਬਾਵਜੂਦ ਖੁਰਾਕੀ ਵਸਤਾਂ ਦੀਆਂ ਕੀਮਤਾਂ ਵਿਚ ਵਾਧਾ ਲਗਾਤਾਰ ਜਾਰੀ ਹੈ। ਜੀ ਹਾਂ, ਸਟੈਟਿਸਟਿਕਸ ਕੈਨੇਡਾ ਦੇ ਤਾਜ਼ਾ ਅੰਕੜਿਆਂ ਮੁਤਾਬਕ ਗੈਸੋਲੀਨ ਦੀਆਂ ਕੀਮਤਾਂ ਵਿਚ ਪਿਛਲੇ ਸਾਲ ਦੇ ਮੁਕਾਬਲੇ 16 ਫੀ ਸਦੀ ਕਮੀ ਆਉਣ ਕਰ ਕੇ ਜੁਲਾਈ ਮਹੀਨੇ ਦੌਰਾਨ ਮਹਿੰਗਾਈ ਦਰ 1.7 ਫੀ ਸਦੀ ਦਰਜ ਕੀਤੀ ਗਈ ਪਰ ਗਰੋਸਰੀ ਸਟੋਰਾਂ 'ਤੇ ਹੋਣ ਵਾਲਾ ਖਰਚਾ 3.8 ਫੀ ਸਦੀ ਵਧ ਗਿਆ। ਕਨਫੈਕਸ਼ਨਰੀ ਅਤੇ ਕੌਫੀ ਦੀਆਂ ਕੀਮਤਾਂ ਤੇਜ਼ੀ ਨਾਲ ਵਧੀਆਂ ਜਦਕਿ ਤਾਜ਼ੇ ਅੰਗੂਰ 30 ਫੀ ਸਦੀ ਮਹਿੰਗੇ ਹੋਏ।

ਇਥੇ ਦਸਣਾ ਬਣਦਾ ਹੈ ਕਿ ਜੂਨ ਮਹੀਨੇ ਦੌਰਾਨ ਮਹਿੰਗਾਈ ਦਰ 1.9 ਫ਼ੀ ਸਦੀ ਰਹੀ ਅਤੇ ਕਾਰਬਨ ਟੈਕਸ ਦੇ ਖਾਤਮੇ ਕਰ ਕੇ ਗੈਸੋਲੀਨ ਦੀਆਂ ਕੀਮਤਾਂ ਵਿਚ ਸਾਲਾਨਾ ਆਧਾਰ 'ਤੇ 16.1 ਫੀ ਸਦੀ ਕਮੀ ਆਈ। ਰਿਹਾਇਸ਼ ਦੇ ਖਰਚੇ ਦਾ ਜ਼ਿਕਰ ਕੀਤਾ ਜਾਵੇ ਤਾਂ ਇਸ ਖੇਤਰ ਦੀ ਮਹਿੰਗਾਈ ਵਿਚ ਤਿੰਨ ਫੀ ਸਦੀ ਵਾਧਾ ਹੋਇਆ ਜਦਕਿ ਜੂਨ ਵਿਚ 2.9 ਫੀ ਸਦੀ ਵਾਧਾ ਦਰਜ ਕੀਤਾ ਗਿਆ ਸੀ। ਫਰਵਰੀ 2024 ਤੋਂ ਬਾਅਦ ਪਹਿਲੀ ਵਾਰ ਰਿਹਾਇਸ਼ੀ ਖਰਚੇ ਵਾਲੀ ਮਹਿੰਗਾਈ ਵਿਚ ਵਾਧਾ ਦੇਖਣ ਨੂੰ ਮਿਲ ਰਿਹਾ ਹੈ ਕਿਉਂਕਿ ਪ੍ਰਿੰਸ ਐਡਵਰਡ ਆਇਲੈਂਡ, ਨਿਊਫਾਊਂਡਲੈਂਡ ਐਂਡ ਲੈਬਰਾਡੋਰ ਅਤੇ ਬ੍ਰਿਟਿਸ਼ ਕੋਲੰਬੀਆ ਵਿਚ ਮਕਾਨ ਕਿਰਾਏ ਵਧਣ ਦਾ ਰੁਝਾਨ ਸ਼ੁਰੂ ਹੋ ਚੁੱਕਾ ਹੈ। ਬੈਂਕ ਆਫ਼ ਕੈਨੇਡਾ ਵੱਲੋਂ ਮਹਿੰਗਾਈ ਨਾਲ ਸਬੰਧਤ ਤਾਜ਼ਾ ਅੰਕੜਿਆਂ ਦੀ ਘੋਖ ਕੀਤੀ ਜਾ ਰਹੀ ਹੈ ਅਤੇ 17 ਸਤੰਬਰ ਨੂੰ ਹੋਣ ਵਾਲੀ ਮੀਟਿੰਗ ਵਿਚ ਹੋਣ ਵਾਲੇ ਕਿਸੇ ਫੈਸਲੇ ਲਈ ਇਨ੍ਹਾਂ ਨੂੰ ਆਧਾਰ ਬਣਾਇਆ ਜਾ ਸਕਦਾ ਹੈ।

ਜੁਲਾਈ ਦੇ ਅੰਤ ਵਿਚ ਕੈਨੇਡਾ ਦੇ ਕੇਂਦਰੀ ਬੈਂਕ ਵੱਲੋਂ ਵਿਆਜ ਦਰਾਂ 2.75 ਦੇ ਪੱਧਰ 'ਤੇ ਬਰਕਰਾਰ ਰੱਖਣ ਦਾ ਫੈਸਲਾ ਲਿਆ ਗਿਆ। ਬੀ.ਐਮ.ਓ. ਦੇ ਚੀਫ਼ ਇਕੌਨੋਮਿਸਟ ਡਗ ਪੋਰਟਰ ਦਾ ਮੰਨਣਾ ਹੈ ਕਿ ਮਹਿੰਗਾਈ ਦਰ ਨਾਲ ਸਬੰਧਤ ਤਾਜ਼ਾ ਅੰਕੜੇ ਵਿਆਜ ਦਰਾਂ ਵਿਚ ਕਟੌਤੀ ਦਾ ਆਧਾਰ ਨਹੀਂ ਬਣ ਸਕਦੇ। ਡਗ ਪੋਰਟਰ ਨੇ ਦਲੀਲ ਦਿਤੀ ਕਿ ਜੁਲਾਈ ਵਿਚ ਮਹਿੰਗਾਈ ਨਾਲ ਸਬੰਧਤ ਕੋਈ ਹੈਰਾਨਕੁੰਨ ਅੰਕੜਾ ਸਾਹਮਣੇ ਨਹੀਂ ਆਇਆ ਜੋ ਬੈਂਕ ਆਫ਼ ਕੈਨੇਡਾ ਨੂੰ ਵਿਆਜ ਦਰਾਂ ਵਿਚ ਕਟੌਤੀ ਵਾਸਤੇ ਮਜਬੂਰ ਕਰ ਦੇਵੇ। ਕੇਂਦਰੀ ਵੱਲੋਂ ਕੋਰ ਇਨਫਲੇਸ਼ਨ ਨੂੰ ਧਿਆਨ ਵਿਚ ਰੱਖਿਆ ਜਾ ਰਿਹਾ ਹੈ ਜਿਸ ਵਿਚ ਖੁਰਾਕੀ ਵਸਤਾਂ ਅਤੇ ਤੇਲ-ਗੈਸ ਦੀਆਂ ਕੀਮਤਾਂ ਸ਼ਾਮਲ ਨਹੀਂ ਹੁੰਦੀਆਂ। ਜੁਲਾਈ ਦੌਰਾਨ ਕੋਰ ਇਨਫਲੇਸ਼ਨ ਤਿੰਨ ਫੀ ਸਦੀ ਦਰਜ ਕੀਤੀ ਗਈ ਪਰ ਪਿਛਲੇ ਤਿੰਨ ਮਹੀਨੇ ਦਾ ਔਸਤ 2.4 ਫੀ ਸਦੀ ਬਣਦਾ ਹੈ।

# FRIENDS ਦੇ ਅਦਾਕਾਰ ਮੈਥੀਊ ਪੈਰੀ ਦੀ ਮੌਤ ਦੇ ਮਾਮਲੇ 'ਚ ਪੰਜਾਬੀ ਮੂਲ ਦੀ ਜਸਵੀਨ ਨੇ ਕਬੂਲੇ ਦੋਸ਼ !



ਜਦੋਂ ਹਾਲੀਵੁੱਡ 'ਚ ਸਿਟਕੌਮ ਦੀ ਗੱਲ ਹੁੰਦੀ ਹੈ, ਤਾਂ ਸਭ ਤੋਂ ਪਹਿਲਾਂ 'F.R.I.E.N.D.S' ਸ਼ੋਅ ਦਾ ਨਾਂ ਸਾਹਮਣੇ ਆਉਂਦਾ ਹੈ। ਇਹ ਸ਼ੋਅ ਅੱਜ ਵੀ ਪੀਕ ਸਿਨੇਮਾ ਮੰਨਿਆ ਜਾਂਦਾ ਹੈ ਅਤੇ ਦਰਸ਼ਕਾਂ ਵੱਲੋਂ ਬਹੁਤ ਪਸੰਦ ਕੀਤਾ ਜਾਂਦਾ ਹੈ। ਸ਼ੋਅ ਦੇ ਸਾਰੇ ਕਿਰਦਾਰਾਂ ਨੂੰ ਪ੍ਰਸ਼ੰਸਕਾਂ ਨੇ ਬੇਹੱਦ ਪਿਆਰ ਦਿੱਤਾ, ਪਰ 'ਚੈਂਡਲਰ' ਦਾ ਕਿਰਦਾਰ ਨਿਭਾਉਣ ਵਾਲੇ ਅਦਾਕਾਰ ਮੈਥਿਊ ਪੈਰੀ ਨੂੰ ਅੱਜ ਵੀ ਸਭ ਤੋਂ ਵੱਧ ਯਾਦ ਕੀਤਾ ਜਾਂਦਾ ਹੈ। ਮੈਥਿਊ ਦੀ ਅਚਾਨਕ ਮੌਤ ਸਭ ਲਈ ਵੱਡਾ ਨੂੰ ਸਦਮਾ ਸੀ। ਹੁਣ ਇਸ ਮਾਮਲੇ 'ਚ ਵੱਡਾ ਖੁਲਾਸਾ ਹੋਇਆ ਹੈ। 28 ਅਕਤੂਬਰ 2023 ਨੂੰ ਮੈਥਿਊ ਦੀ ਅਚਾਨਕ ਮੌਤ ਦੀ ਖਬਰ ਸਾਹਮਣੇ ਆਈ ਸੀ, ਜਿਸ ਨੇ ਉਨ੍ਹਾਂ ਦੇ ਪ੍ਰਸ਼ੰਸਕਾਂ ਨੂੰ ਝੰਜੋੜ ਕੇ ਰੱਖ ਦਿੱਤਾ। 54 ਸਾਲ ਦੇ ਮੈਥਿਊ ਦੀ ਲਾਸ਼ ਉਨ੍ਹਾਂ ਦੇ ਪੈਸੀਫਿਕ ਪੈਲੀਸੇਡਜ਼ ਸਥਿਤ ਘਰ ਦੇ ਸਵਿਮਿੰਗ ਪੂਲ 'ਚ ਤੈਰਦੀ ਮਿਲੀ ਸੀ। ਦਸੰਬਰ 2023 'ਚ ਆਈ ਪੋਸਟਮਾਰਟਮ ਰਿਪੋਰਟ 'ਚ ਖੁਲਾਸਾ ਹੋਇਆ ਸੀ ਕਿ ਮੈਥਿਊ ਪੈਰੀ ਦੀ ਮੌਤ 'ਕੇਟਾਮਾਈਨ' ਨਾਮਕ ਡਰੱਗ ਦੀ ਓਵਰਡੋਜ਼ ਅਤੇ ਪੂਲ 'ਚ ਡੁੱਬਣ ਕਾਰਨ ਹੋਈ ਸੀ।

### 'ਕੇਟਾਮਾਈਨ ਕੁਈਨ' ਜਸਵੀਨ ਸੰਘਾ ਕੌਣ?

ਇਸ ਮਾਮਲੇ 'ਚ 'ਕੇਟਾਮਾਈਨ ਕੁਈਨ' ਜਸਵੀਨ ਸੰਘਾ ਦਾ ਨਾਮ ਸਾਹਮਣੇ ਆਇਆ ਹੈ। ਅਮਰੀਕੀ ਨਿਆਂ ਵਿਭਾਗ ਮੁਤਾਬਕ, ਜਸਵੀਨ 'ਤੇ ਇਲਜ਼ਾਮ ਹੈ ਕਿ ਉਸ ਨੇ ਮੈਥਿਊ ਨੂੰ ਡਰੱਗ ਸਪਲਾਈ ਕੀਤੀ ਸੀ। ਜਸਵੀਨ ਨੇ ਅਦਾਲਤ 'ਚ ਆਪਣਾ ਜੁਰਮ ਕਬੂਲ ਕਰ ਲਿਆ ਹੈ। ਉਸ ਨੇ ਮੰਨਿਆ ਕਿ ਉਸ ਨੇ ਮੈਥਿਊ ਨੂੰ ਕੇਟਾਮਾਈਨ ਸਪਲਾਈ ਕੀਤੀ ਸੀ। ਇਲਜ਼ਾਮ ਹੈ ਕਿ ਉਸ ਨੇ ਮੈਥਿਊ ਦੀ ਮੌਤ ਤੋਂ ਸਿਰਫ਼ ਚਾਰ ਦਿਨ ਪਹਿਲਾਂ 25 ਵਾਇਲਜ਼ ਕੇਟਾਮਾਈਨ ਵੇਚੀਆਂ ਸਨ। ਪੰਜਾਬੀ ਮੂਲ ਦੀ ਜਸਵੀਨ ਅਮਰੀਕਾ ਅਤੇ ਬ੍ਰਿਟੇਨ ਦੀ ਦੋਹਰੀ ਨਾਗਰਿਕਤਾ ਵਾਲੀ ਹੈ ਅਤੇ ਉਸ ਦਾ ਨਾਮ ਅੰਡਰਗਰਾਊਂਡ ਡਰੱਗ ਨੈੱਟਵਰਕ ਨਾਲ ਜੁੜਿਆ ਹੋਇਆ ਹੈ। ਉਸ 'ਤੇ ਕਈ ਹੌਲੀਵੁੱਡ ਸੈਲੀਬ੍ਰਿਟੀਜ਼ ਨੂੰ ਡਰੱਗਜ਼ ਸਪਲਾਈ ਕਰਨ ਦੇ ਵੀ ਦੋਸ਼ ਹਨ।

### ਮੈਥਿਊ ਦੀ ਮੌਤ ਕਿਵੇਂ ਹੋਈ?

ਮੀਡੀਆ ਰਿਪੋਰਟਾਂ ਮੁਤਾਬਕ, ਜਸਵੀਨ ਨੇ ਕਥਿਤ ਤੌਰ 'ਤੇ ਮੈਥਿਊ ਨੂੰ 25 ਵਾਇਲਜ਼ ਕੇਟਾਮਾਈਨ ਵੇਚੀਆਂ ਸਨ, ਜਿਨ੍ਹਾਂ ਦੀ ਕੀਮਤ ਲਗਭਗ 6,000 ਡਾਲਰ (ਕਰੀਬ 5 ਲੱਖ ਰੁਪਏ) ਸੀ। ਇਹ ਖਰੀਦ ਮੈਥਿਊ ਦੀ ਮੌਤ ਤੋਂ ਸਿਰਫ਼ ਚਾਰ ਦਿਨ ਪਹਿਲਾਂ ਹੋਈ ਸੀ। ਮੈਥਿਊ ਦੇ ਨਜ਼ਦੀਕੀ ਸਹਿਯੋਗੀਆਂ ਅਤੇ ਸਹਿ-ਦੋਸ਼ੀਆਂ 'ਚ ਕੇਨੇਥ ਇਵਾਮਾਸਾ (ਉਨ੍ਹਾਂ ਦਾ ਲਾਈਵ-ਇਨ ਅਸਿਸਟੈਂਟ), ਐਰਿਕ ਫਲੇਮਿੰਗ (ਜਿਸ ਨੇ ਸੰਘਾ ਤੋਂ ਖਰੀਦੀ ਕੇਟਾਮਾਈਨ ਮੈਥਿਊ ਨੂੰ ਵੇਚੀ), ਅਤੇ ਦੋ ਡਾਕਟਰ—ਸਾਲਵਾਡੋਰ ਪਲਾਸੇਂਸੀਆ ਅਤੇ ਮਾਰਕ ਚਾਵੇਜ਼ ਸ਼ਾਮਲ ਸਨ। ਇਹ ਸਾਰੇ ਇਸ ਕੇਸ 'ਚ ਦੋਸ਼ੀ ਹਨ, ਪਰ ਜਸਵੀਨ ਪੰਜਵੀਂ ਅਤੇ ਆਖਰੀ ਦੋਸ਼ੀ ਹੈ ਜਿਸ ਨੇ ਜੁਰਮ ਕਬੂਲ ਕੀਤਾ। ਕੇਟਾਮਾਈਨ ਅਸਲ 'ਚ ਇੱਕ ਸਰਜੀਕਲ ਐਨਸਥੀਟਿਕ ਹੈ, ਪਰ ਪਾਰਟੀ ਡਰੱਗ ਵਜੋਂ ਇਸ ਦੀ ਦੁਰਵਰਤੋਂ ਤੇਜ਼ੀ ਨਾਲ ਵਧ ਰਹੀ ਹੈ।

# ਭਾਖੜਾ ਡੈਮ ਦੇ ਖੋਲ੍ਹੇ ਗਏ ਫਲੱਡ ਗੇਟ
## ਗੋਵਿੰਦ ਸਾਗਰ ਝੀਲ 'ਚ ਵੱਧ ਰਿਹਾ ਹੈ ਪਾਣੀ



ਚੰਡੀਗੜ੍ਹ : ਹਿਮਾਚਲ ਪ੍ਰਦੇਸ਼ ਵਿਚ ਲਗਾਤਾਰ ਹੋ ਰਹੀ ਭਾਰੀ ਬਰਸਾਤ ਕਾਰਨ BBMB ਵੱਲੋਂ ਭਾਖੜਾ ਦੇ ਫਲੱਡ ਗੇਟ ਖੋਲ੍ਹ ਦਿੱਤੇ ਗਏ ਹਨ। ਫਿਲਹਾਲ ਟੈਸਟਿੰਗ ਲਈ ਸਿਰਫ਼ 1 ਫੁੱਟ ਤੱਕ ਹੀ ਗੇਟ ਖੋਲ੍ਹੇ ਗਏ ਹਨ। ਦੱਸ ਦੇਈਏ ਕਿ ਗੋਵਿੰਦ ਸਾਗਰ ਝੀਲ 'ਚ ਪਾਣੀ ਲਗਾਤਾਰ ਵਧ ਰਿਹਾ ਹੈ।

ਭਾਖੜਾ ਡੈਮ ਦੇ ਫਲੱਡ ਗੇਟਾਂ ਰਾਹੀਂ ਲਗਭਗ 13 ਹਜ਼ਾਰ ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ, ਜਦਕਿ ਟਰਬਾਈਨਾਂ ਰਾਹੀਂ 32,171 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਨੰਗਲ ਡੈਮ ਤੋਂ ਸਤਲੁਜ ਦਰਿਆ ਦੇ ਵਿੱਚ 20650 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਉੱਤਰੀ ਪਹਾੜੀ ਇਲਾਕਿਆਂ ਵਿੱਚ ਹੋ ਰਹੀ ਭਾਰੀ ਬਾਰਿਸ਼ ਅਤੇ ਬੱਦਲ ਫਟਣ ਦੀਆਂ ਘਟਨਾਵਾਂ ਕਾਰਨ ਭਾਖੜਾ ਡੈਮ ਦੀ ਗੋਬਿੰਦ ਸਾਗਰ ਝੀਲ ਵਿੱਚ ਪਾਣੀ ਦਾ ਪੱਧਰ ਲਗਾਤਾਰ ਹਰ ਰੋਜ਼ ਲਗਭਗ ਦੋ ਤੋਂ ਢਾਈ ਫੁੱਟ ਵੱਧ ਰਿਹਾ ਸੀ।

BBMB ਪ੍ਰਸ਼ਾਸਨ ਨੇ ਅੱਜ ਦੁਪਹਿਰ 3 ਵਜੇ ਭਾਖੜਾ ਡੈਮ ਦੇ ਚਾਰ ਫਲੱਡ ਗੇਟ ਇੱਕ-ਇੱਕ ਫੁੱਟ ਤੱਕ ਖੋਲ੍ਹ ਦਿੱਤੇ। ਹਾਲਾਂਕਿ BBMB ਪ੍ਰਸ਼ਾਸਨ ਨੇ ਇਸ ਬਾਰੇ ਕੁਝ ਕਹਿਣ ਤੋਂ ਇਨਕਾਰ ਕਰ ਦਿੱਤਾ, ਪਰ ਸਰੋਤਾਂ ਦੇ ਹਵਾਲੇ ਨਾਲ ਅਤੇ BBMB ਵੱਲੋਂ ਜਾਰੀ ਕੀਤੇ ਪੱਤਰ ਅਨੁਸਾਰ, ਸ਼ਾਮ 4 ਵਜੇ ਗੇਟਾਂ ਨੂੰ 2 ਫੁੱਟ ਅਤੇ 5 ਵਜੇ 3 ਫੁੱਟ ਤੱਕ ਖੋਲ੍ਹਿਆ ਜਾਵੇਗਾ।

ਇਸ ਤਰ੍ਹਾਂ ਕੁੱਲ 43,300 ਕਿਊਸਿਕ ਪਾਣੀ ਡੈਮ ਦੀ ਗੋਬਿੰਦ ਸਾਗਰ ਝੀਲ ਤੋਂ ਛੱਡਿਆ ਜਾਵੇਗਾ। ਫਲੱਡ ਗੇਟਾਂ ਰਾਹੀਂ 13,000 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ, ਜਦਕਿ ਟਰਬਾਈਨਾਂ ਰਾਹੀਂ 32,171 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ।

ਮੈਦਾਨੀ ਇਲਾਕਿਆਂ ਵਿੱਚ ਕਿਸੇ ਨੂੰ ਵੀ ਘਬਰਾਉਣ ਦੀ ਲੋੜ ਨਹੀਂ ਹੈ ਕਿਉਂਕਿ ਭਾਖੜਾ ਡੈਮ ਹਰ ਸਾਲ ਆਪਣੇ ਫਲੱਡ ਗੇਟਾਂ ਦੀ ਟੈਸਟਿੰਗ ਲਈ ਇਨ੍ਹਾਂ ਨੂੰ ਖੋਲ੍ਹਦਾ ਹੈ। ਤਾਂ ਜੋ ਜੇਕਰ ਝੀਲ ਵਿੱਚ ਅਚਾਨਕ ਪਾਣੀ ਦੀ ਮਾਤਰਾ ਵੱਧ ਜਾਵੇ, ਤਾਂ ਗੇਟ ਖੋਲ੍ਹੇ ਜਾ ਸਕਣ।

# ਹਾਈ ਕੋਰਟ ਨੂੰ ਈ-ਮੇਲ ਰਾਹੀਂ ਬੰਬ ਨਾਲ ਉਡਾਉਣ ਦੀ ਮਿਲੀ ਧਮਕੀ




ਚੰਡੀਗੜ੍ਹ : ਚੰਡੀਗੜ੍ਹ ਦੇ ਸੈਕਟਰ-1 ਸਥਿਤ ਪੰਜਾਬ-ਹਰਿਆਣਾ ਹਾਈ ਕੋਰਟ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਇਸ ਤੋਂ ਬਾਅਦ ਚੰਡੀਗੜ੍ਹ ਪੁਲਿਸ ਅਲਰਟ ਹੋ ਗਈ ਹੈ। ਪੁਲਿਸ ਵੱਲੋਂ ਹਾਈ ਕੋਰਟ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ। ਹਾਈ ਕੋਰਟ ਕੰਪਲੈਕਸ ਵਿੱਚ ਵੀ ਤਲਾਸ਼ੀ ਲਈ ਜਾ ਰਹੀ ਹੈ। ਸੂਚਨਾ ਮਿਲਦੇ ਹੀ ਪੁਲਿਸ ਵਿਭਾਗ ਵਿੱਚ ਹੜਕੰਪ ਮਚ ਗਿਆ ਹੈ। ਪੁਲਿਸ ਅਧਿਕਾਰੀ ਫੋਰਸ ਨਾਲ ਮੌਕੇ 'ਤੇ ਪਹੁੰਚ ਗਏ ਹਨ। ਹਾਈ ਕੋਰਟ ਨੂੰ ਪਹਿਲਾਂ ਵੀ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਸੀ। ਇੱਕ ਵਾਰ ਫਿਰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਕਿਹਾ ਜਾ ਰਿਹਾ ਹੈ ਕਿ ਇਹ ਧਮਕੀ ਈਮੇਲ ਰਾਹੀਂ ਦਿੱਤੀ ਗਈ ਹੈ। ਪੁਲਿਸ ਕੰਟਰੋਲ ਰੂਮ 'ਤੇ ਸੂਚਨਾ ਮਿਲਣ ਤੋਂ ਬਾਅਦ, ਸੀਨੀਅਰ ਪੁਲਿਸ ਅਧਿਕਾਰੀ, ਬੰਬ ਸਕੁਐਡ ਅਤੇ ਆਪ੍ਰੇਸ਼ਨ ਸੈੱਲ ਟੀਮ ਮੌਕੇ 'ਤੇ ਪਹੁੰਚ ਗਈ ਹੈ। ਹਾਈ ਕੋਰਟ ਕੰਪਲੈਕਸ ਵਿੱਚ ਤਲਾਸ਼ੀ ਮੁਹਿੰਮ ਚਲਾਈ ਗਈ ਹੈ। ਪੁਲਿਸ ਨੇ ਦੱਸਿਆ ਕਿ ਤਲਾਸ਼ੀ ਦੌਰਾਨ ਕੁਝ ਵੀ ਸ਼ੱਕੀ ਨਹੀਂ ਮਿਲਿਆ। ਹਾਲਾਂਕਿ, ਪੁਲਿਸ ਟੀਮਾਂ ਇਮਾਰਤ ਦੇ ਹਰ ਇੰਚ ਦੀ ਤਲਾਸ਼ੀ ਲੈ ਰਹੀਆਂ ਹਨ। ਜਾਣਕਾਰੀ ਅਨੁਸਾਰ, ਰਜਿਸਟਰਾਰ ਨੂੰ ਇੱਕ ਧਮਕੀ ਭਰਿਆ ਈਮੇਲ ਮਿਲਿਆ ਹੈ। ਕੁਝ ਸਮਾਂ ਪਹਿਲਾਂ ਵੀ ਇੱਕ ਈਮੇਲ ਆਇਆ ਸੀ ਜਿਸ ਵਿੱਚ ਇਸ ਜਗ੍ਹਾ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਸੀ, ਪਰ ਤਲਾਸ਼ੀ ਦੌਰਾਨ ਕੁਝ ਨਹੀਂ ਮਿਲਿਆ।

# ਮਾਨ ਸਰਕਾਰ ਦੀ ਸਮਾਰਟ ਗਵਰਨੈਂਸ ਦਾ ਕਮਾਲ
## AI ਨਾਲ 383 ਕਰੋੜ ਰੁਪਏ ਬਚਾਏ, 10 ਹਜ਼ਾਰ ਅਧਿਆਪਕ ਬਣ ਰਹੇ AI ਮਾਹਿਰ



ਚੰਡੀਗੜ੍ਹ: ਪੰਜਾਬ ਹੁਣ ਸਿਰਫ਼ ਰਾਜਨੀਤੀ ਰਾਹੀਂ ਨਹੀਂ ਸਗੋਂ ਤਕਨਾਲੋਜੀ ਰਾਹੀਂ ਬਦਲੇਗਾ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਾਬਿਤ ਕਰ ਦਿੱਤਾ ਹੈ ਕਿ ਜਦੋਂ ਨੀਅਤ ਸਾਫ਼ ਹੋਵੇਗੀ ਅਤੇ ਸੋਚ ਆਧੁਨਿਕ ਹੋਵੇਗੀ, ਤਾਂ ਜਨਤਾ ਦਾ ਪੈਸਾ ਬਚੇਗਾ ਅਤੇ ਸਿਸਟਮ ਵਿੱਚ ਵੀ ਸੁਧਾਰ ਹੋਵੇਗਾ। ਪਹਿਲਾਂ ਸੜਕਾਂ ਦੀ ਮੁਰੰਮਤ ਦੇ ਨਾਮ 'ਤੇ ਬਿਨਾਂ ਕਿਸੇ ਜਾਂਚ ਦੇ ਕਰੋੜਾਂ ਰੁਪਏ ਖ਼ਰਚ ਕੀਤੇ ਜਾਂਦੇ ਸਨ। ਹੁਣ ਪਹਿਲੀ ਵਾਰ ਅਜਿਹਾ ਹੋਇਆ ਹੈ ਕਿ ਪੂਰੇ ਸੂਬੇ ਦੀਆਂ ਸੜਕਾਂ ਦਾ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਵੀਡੀਓਗ੍ਰਾਫੀ ਰਾਹੀਂ ਸਰਵੇਖਣ ਕੀਤਾ ਗਿਆ। 3,369 ਸੜਕਾਂ ਦੀ ਜਾਂਚ ਵਿੱਚ 843 ਸੜਕਾਂ ਸਹੀ ਹਾਲਤ ਵਿੱਚ ਪਾਈਆਂ ਗਈਆਂ। ਇਹ ਉਹੀ ਸੜਕਾਂ ਸਨ ਜਿਨ੍ਹਾਂ 'ਤੇ ਪਿਛਲੀਆਂ ਸਰਕਾਰਾਂ ਨੇ ਮੁਰੰਮਤ ਦੇ ਨਾਮ 'ਤੇ ਕਰੋੜਾਂ ਰੁਪਏ ਬਰਬਾਦ ਕੀਤੇ ਸਨ। ਇਸ ਵਾਰ 383 ਕਰੋੜ ਰੁਪਏ ਦੀ ਬੱਚਤ ਹੋਈ। ਇਹ ਪੈਸਾ ਹੁਣ ਸਿਰਫ਼ ਜਨਤਾ ਦੀ ਭਲਾਈ ਲਈ ਵਰਤਿਆ ਜਾਵੇਗਾ, ਭ੍ਰਿਸ਼ਟ ਮੁਰੰਮਤ ਜਾਂ ਫ਼ਜ਼ੂਲ ਖ਼ਰਚ ਲਈ ਨਹੀਂ।

ਭਗਵੰਤ ਮਾਨ ਸਰਕਾਰ ਨੇ ਸਿਰਫ਼ ਸੜਕਾਂ ਤੱਕ ਹੀ ਨਹੀਂ ਸੋਚਿਆ, ਸਗੋਂ ਪੂਰੇ ਸਿਸਟਮ ਦੀ ਮੁਰੰਮਤ ਵੀ ਸ਼ੁਰੂ ਕਰ ਦਿੱਤੀ ਹੈ। 252 ਕਰੋੜ ਰੁਪਏ ਨਾਲ ਜੇਲ੍ਹਾਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ, ਜਿੱਥੇ 5G ਜੈਮਰ, ਐ ਕੈਮਰੇ ਅਤੇ ਲਾਈਵ ਨਿਗਰਾਨੀ ਪ੍ਰਣਾਲੀਆਂ ਲਗਾਈਆਂ ਗਈਆਂ ਹਨ। ਪੁਲਿਸਿੰਗ ਤੋਂ ਲੈ ਕੇ ਟੈਕਸ ਪ੍ਰਣਾਲੀ ਤੱਕ ਹਰ ਚੀਜ਼ ਵਿੱਚ ਪਾਰਦਰਸ਼ਤਾ ਲਿਆਉਣ ਲਈ ਤਕਨਾਲੋਜੀ ਨੂੰ ਪੂਰੀ ਤਰ੍ਹਾਂ ਅਪਣਾਇਆ ਗਿਆ ਹੈ। ਹੁਣ ਡਰਾਈਵਿੰਗ ਲਾਇਸੈਂਸ ਟੈਸਟ ਵਿੱਚ ਦਲਾਲੀ ਦੀ ਬਜਾਏ AI-ਆਧਾਰਿਤ HAMS ਤਕਨਾਲੋਜੀ ਦੀ ਵਰਤੋਂ ਹੋਵੇਗੀ, ਜੋ ਹਰ ਉਮੀਦਵਾਰ ਦੇ ਟੈਸਟ ਨੂੰ ਰਿਕਾਰਡ ਕਰਦੀ ਹੈ ਅਤੇ ਨਤੀਜੇ ਵਿੱਚ ਕੋਈ ਛੇੜਛਾੜ ਨਹੀਂ ਹੋ ਸਕਦੀ।


ਪਰ ਸਿੱਖਿਆ ਦੇ ਖੇਤਰ ਵਿੱਚ ਸਭ ਤੋਂ ਵੱਡੀ ਅਤੇ ਦੂਰਗਾਮੀ ਯੋਜਨਾ ਸ਼ੁਰੂ ਹੋ ਗਈ ਹੈ। ਸਰਕਾਰ 10,000 ਅਧਿਆਪਕਾਂ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਵਿੱਚ ਸਿਖਲਾਈ ਦੇ ਰਹੀ ਹੈ। ਇਹ ਸਿਰਫ਼ ਅਧਿਆਪਕ ਨਹੀਂ ਹੋਣਗੇ, ਉਹ ਮੋਢੀ ਹੋਣਗੇ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ AI ਦੀ ਭਾਸ਼ਾ ਸਿਖਾਉਣਗੇ। ਲੱਖਾਂ ਵਿਦਿਆਰਥੀਆਂ ਨੂੰ ਹੁਣ ਸਕੂਲ ਪੱਧਰ 'ਤੇ ਹੀ AI ਸਿਖਲਾਈ ਮਿਲੇਗੀ, ਤਾਂ ਜੋ ਪੰਜਾਬ ਦਾ ਨੌਜਵਾਨ ਸਿਰਫ਼ ਨੌਕਰੀ ਦੀ ਤਲਾਸ਼ ਨਾ ਕਰੇ, ਸਗੋਂ ਖ਼ੁਦ ਨੌਕਰੀ ਦੇ ਮੌਕੇ ਪੈਦਾ ਕਰਨ ਵਾਲਾ ਬਣੇ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ AI-ਆਧਾਰਿਤ ਕੋਰਸ ਸ਼ੁਰੂ ਕੀਤੇ ਗਏ ਹਨ, ਤਾਂ ਜੋ ਖੇਤੀ ਨਾਲ ਜੁੜੇ ਪਰਿਵਾਰ ਵੀ ਤਕਨੀਕੀ ਸਿੱਖਿਆ ਪ੍ਰਾਪਤ ਕਰ ਸਕਣ। ਸਰਕਾਰ ਨੇ ਪੰਜਾਬੀ ਭਾਸ਼ਾ ਨੂੰ AI ਵਿੱਚ ਜੋੜਨ ਦਾ ਮਿਸ਼ਨ ਵੀ ਸ਼ੁਰੂ ਕੀਤਾ ਹੈ, ਜੋ ਸਾਡੀ ਮਾਂ-ਬੋਲੀ ਨੂੰ ਵਿਸ਼ਵ-ਵਿਆਪੀ ਮਾਨਤਾ ਦੇਵੇਗਾ ਅਤੇ ਸਥਾਨਕ ਨੌਜਵਾਨਾਂ ਲਈ ਨਵੇਂ ਡਿਜੀਟਲ ਮੌਕੇ ਖੋਲ੍ਹੇਗਾ।

ਇਹ ਤਬਦੀਲੀ ਸਿਰਫ਼ ਨੀਤੀਆਂ ਦੀ ਨਹੀਂ, ਸਗੋਂ ਸੋਚ ਦੀ ਹੈ। ਹੁਣ ਵਿਕਾਸ ਦਾ ਮਤਲਬ ਸਿਰਫ਼ ਸੜਕਾਂ ਅਤੇ ਇਮਾਰਤਾਂ ਦਾ ਨਹੀਂ ਹੈ, ਸਗੋਂ ਤਕਨਾਲੋਜੀ ਤੱਕ ਪਹੁੰਚ ਹੈ ਜੋ ਹਰ ਨਾਗਰਿਕ ਦੀ ਜ਼ਿੰਦਗੀ ਨੂੰ ਆਸਾਨ ਬਣਾਉਂਦੀ ਹੈ। ਭਗਵੰਤ ਮਾਨ ਸਰਕਾਰ ਨੇ ਸਾਬਿਤ ਕਰ ਦਿੱਤਾ ਹੈ ਕਿ ਜਦੋਂ ਸਰਕਾਰ ਦੇ ਇਰਾਦੇ ਸਾਫ਼ ਹੁੰਦੇ ਹਨ ਅਤੇ ਫ਼ੈਸਲੇ ਲੋਕਾਂ ਦੇ ਹਿੱਤ ਵਿੱਚ ਹੁੰਦੇ ਹਨ, ਤਾਂ ਜਨਤਾ ਦਾ ਪੈਸਾ ਸੁਰੱਖਿਅਤ ਹੁੰਦਾ ਹੈ ਅਤੇ ਦੇਸ਼ ਦਾ ਭਵਿੱਖ ਵੀ ਸੁਰੱਖਿਅਤ ਹੁੰਦਾ ਹੈ। ਪੰਜਾਬ ਅੱਜ ਇੱਕ ਨਵੀਂ ਦਿਸ਼ਾ ਵੱਲ ਵੱਧ ਰਿਹਾ ਹੈ, ਜਿੱਥੇ ਫ਼ੈਸਲੇ ਕਾਗ਼ਜ਼ਾਂ 'ਤੇ ਨਹੀਂ, ਸਗੋਂ ਜ਼ਮੀਨ 'ਤੇ ਦਿਖਾਈ ਦਿੰਦੇ ਹਨ। ਇਹ ਉਹੀ ਪੰਜਾਬ ਹੈ, ਜਿਸ ਨੂੰ ਹੁਣ ਘੁਟਾਲਿਆਂ ਕਰਕੇ ਨਹੀਂ, ਸਗੋਂ ਇਮਾਨਦਾਰੀ ਅਤੇ ਵਿਕਾਸ ਨਾਲ ਅੱਗੇ ਵਧਣ ਦੀ ਸੋਚ ਦੁਆਰਾ ਜਾਣਿਆ ਜਾਵੇਗਾ।



# ਐਸੋਸੀਏਸ਼ਨ ਆਫ਼ ਸੀਨੀਅਰਜ ਕਲੱਬਜ ਵੱਲੋਂ ਅਯੋਜਿਤ ਕੀਤੇ ਮਲਟੀਕਲਚਰਲ ਕਨੇਡਾ ਡੇਅ ਦੇ ਫੰਕਸ਼ਨ ਤੇ ਲਾਮਿਸਾਲ ਇਕੱਠ









ਪਿਛਲੇ ਸਨਿਚਰਵਾਰ ਨੂੰ ਐਸੋਸੀਏਸ਼ਨ ਆਫ਼ ਸੀਨੀਅਰਜ ਕਲੱਬਜ ਨੇ ਹਰ ਸਾਲ ਦਾ ਤਰਾਂ ਇਸ ਵਾਰ ਸੇਵ ਮੈਕਸ ਕਮਿਉਨੀਟੀ ਸੈਂਟਰ (ਸੋਕਰ ਸੈਟਰ) ਵਿਖੇ ਬਰੈਂਪਟਨ ਦੀਆਂ ਲੱਗਭਗ ਸਾਰੀਆਂ ਸੀਨੀਅਰ ਕਲੱਬਾਂ ਦੇ ਸਹਿਯੋਗ ਨਾਲ ਅੱਠਵਾਂ ਮਲਟੀਕਲਚਰਲ ਕਨੇਡਾ ਡੇਅ ਫੈਸਟੀਵਲ ਮਨਾਇਆ। ਬਰੈਂਪਟਨ ਦੇ ਸਾਰੇ ਸੀਨੀਅਰਜ ਦੇ ਮਨਾਂ ਵਿੱਚ ਆਪਣਾ ਨਿਵੇਕਲਾ ਸਥਾਨ ਬਣਾ ਚੁੱਕਾ ਇਹ ਸਮਾਗਮ ਇਸ ਵਾਰ ਕਨੇਡਾ ਦੀ ਬਹੁਪੱਖੀ ਸਭਿਆਚਾਰਕ ਬਣਤਰ ਦੀ ਦਿੱਖ ਪੇਸ਼ ਕਰਨ ਵਿੱਚ ਕਾਮਯਾਬ ਰਿਹਾ, ਜਿਸ ਵਿੱਚ ਪੰਜਾਬੀ ਤੇ ਹੋਰ ਵੱਖ-ਵੱਖ ਭਾਸ਼ਾਈ ਵੰਨਗੀਆਂ ਦੇ ਪੇਸ਼ ਕੀਤੇ ਈਵੈਂਟਸ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਲਗਭਗ ਚਾਰ ਅੰਕ ਨੂੰ ਪਾਰ ਕਰ ਗਈ ਦਰਸ਼ਕਾਂ ਦੀ ਗਿਣਤੀ, ਵੱਡੇ ਹਾਲ ਤੇ ਗੈਲਰੀ ਵਿੱਚ ਬੈਠ ਕੇ ਹਰ ਪ੍ਰਫਾਰਮਿੰਸ ਨੂੰ ਮਾਣਦੀ ਰਹੀ ਤੇ ਲਗਾਤਾਰ ਤਾੜੀਆਂ ਨਾਲ ਹੌਸਲਾ ਅਫਜਾਈ ਕਰਦੀ ਰਹੀ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆ ਸਟੇਜ ਸਕੱਤਰ ਪ੍ਰੀਤਮ ਸਿੰਘ ਸਰਾਂ ਨੇ ਸਭ ਤੋਂ ਪਹਿਲਾਂ ਸਕੂਲ ਦੀ ਵਿਦਿਆਰਥਣ ਅਸ਼ਨੀਰ ਕੌਰ ਮਾਂਗਟ ਨੂੰ "ਓ ਕਨੇਡਾ", ਦਾ ਕੌਮੀ ਗੀਤ ਉਚਾਰਨ ਕਰਨ ਦਾ ਮੌਕਾ ਦਿੱਤਾ। ਇਸ ਪਿਛੋਂ ਅਸ਼ਨੀਰ ਕੌਰ ਮਾਂਗਟ ਨੇ ਸੁਰੀਲੀ ਅਵਾਜ ਵਿੱਚ ਗੁਰਬਾਣੀ ਦੇ ਸ਼ਬਦ ਦਾ ਉਚਾਰਨ ਕਰਕੇ ਸਾਰੇ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ। ਇਸ ਦੇ ਨਾਲ ਹੀ ਵਖ ਵਖ ਸਭਿਆਚਾਰਕ ਪੇਸ਼ਕਾਰੀਆਂ ਦੀ ਲੜੀ ਚਲਦੀ ਰਹੀ। ਦੂਜੇ ਪਾਸੇ ਪ੍ਰਬੰਧਕਾਂ ਵਲੋਂ ਫੂਡ ਟਰੱਕ ਰਾਹੀ ਖਾਣ ਪੀਣ ਦੀ ਸਪਲਾਈ ਲਗਾਤਾਰ ਜਾਰੀ ਸੀ। ਸਾਰੇ ਸੀਨੀਅਰਜ ਲੰਬੀ ਹੁੰਦੀ ਜਾਂਦੀ ਉਡੀਕ ਦੇ ਬਾਵਜੂਦ ਜਾਬਤੇ ਵਿੱਚ ਰਹਿ ਕੇ ਰਿਫਰੈਸ਼ਮੈਂਟ ਦਾ ਸਵਾਦ ਲੈਂਦੇ ਰਹੇ। ਸਟੇਜ ਦੇ ਸਾਮਣੇ ਸਾਰੋਕਾਰਾ ਦੀ ਅਵਾਜ ਵਾਲੇ ਹਰਬੰਸ ਸਿੰਘ, ਦਵਿੰਦਰ ਸਿੰਘ ਤੂਰ ਤੇ ਬਲਦੇਵ ਸਿੰਘ ਔਲਖ ਦੀ ਟੀਮ ਨੇ ਵਡੀ ਗਿਣਤੀ ਵਿੱਚ ਅਗਾਂਹ ਵਧੂ ਕਿਤਾਬਾ ਦਾ ਵੱਡਾ ਸਟਾਲ ਲਾਇਆ ਹੋਇਆ ਸੀ। ਜਿਥੇ ਵੱਡੀ ਗਿਣਤੀ ਵਿੱਚ ਸੀਨੀਅਰ ਦਿਲਚਸਪੀ ਲੈਂਦਿਆਂ ਕਿਤਾਬਾ ਖਰੀਦ ਰਹੇ ਸਨ। ਸਟੇਜ ਤੇ ਐਸ਼ੋਸੀਏਸ਼ਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਬੀ ਆਪਣੀ ਸਾਰੀ ਅਗਜ਼ੈਕਟਿਵ ਮੈਂਬਰਜ ਨਾਲ ਆ ਰਹੇ ਮਹਿਮਾਨਾਂ ਦਾ ਸਵਾਗਤ ਕਰ ਰਹੇ ਸਨ ਤੇ ਉਹਨਾ ਨੂੰ ਐਸ਼ੋਸੀਏਸ਼ਨ ਵਲੋਂ ਸਨਮਾਨ ਚਿੰਨ੍ਹ ਭੇਟ ਕਰ ਰਹੇ ਸਨ। ਕਿਰਪਾਲ ਸਿੰਘ ਪੰਨੂ ਜਿਨਾਂ ਨੇ ਹਜਾਰਾ ਦੀ ਗਿਣਤੀ ਵਿੱਚ ਸੀਨੀਅਰਜ ਨੂੰ ਕੰਪਿਊਟਰ ਦੀ ਫਰੀ ਸਿਖਲਾਈ ਦਿੱਤੀ ਹੈ,ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸਦੇ ਨਾਲ ਹੀ ਰਘਬੀਰ ਸਿੰਘ ਸੋਮਲ ਜਿਨਾਂ ਦੀ ਉਮਰ 98 ਸਾਲ 9 ਮਹੀਨੇ ਹੋ ਚੁੱਕੀ ਹੈ ਤੇ ਉਹ ਮਾਉਂਟਿਨਐਸ਼ ਸੀਨੀਅਰ ਕਲੱਬ ਦੇ ਸਰਗਰਮ ਮੈਂਬਰ ਹਨ ਤੇ ਡਰਾਈਵ ਕਰਦੇ ਹਨ, ਦਾ ਐਸੋਸੀਏਸ਼ਨ ਆਫ ਸੀਨੀਅਰਜ ਕਲੱਬਜ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸੇ ਤਰਾਂ ਲੇਡੀਜ ਵਿੱਚੋਂ ਵੀ ਅਰਜਿੰਦਰ ਕੌਰ ਮਾਗਟ ਜਿਨਾਂ ਦੀ ਉਮਰ 90 ਸਾਲ 8ਮਹੀਨੇ ਹੈ,ਨੂੰ ਵੀ ਸਨਮਾਨਿਤ ਕਰਕੇ ਹੋਰ ਲੰਬੀ ਤੇ ਸਿਹਤਮੰਦ ਉਮਰ ਦੀ ਕਾਮਨਾਂ ਕੀਤੀ ਗਈ।

ਪਰੋਵੈਨਸ ਵਲੋਂ ਐਮ ਪੀ ਪੀ ਅਮਰਜੋਤ ਸਿੰਘ ਸੰਧੂ, ਫੈਡਰਲ ਵਲੋਂ ਅੰਤਰਰਾਸ਼ਟਰੀ ਵਪਾਰ ਮੰਤਰੀ ਮਨਿੰਦਰ ਸਿੱਧੂ, ਅਮਰਜੀਤ ਸਿੰਘ ਗਿੱਲ, ਸੋਨੀਆ ਸਿੱਧੂ, ਰੂਬੀ ਸਹੋਤਾ ਸ਼ੌਕਤ ਅਲੀ ਨੇ ਆਪੋ ਆਪਣੇ ਵਿਚਾਰ ਪੇਸ਼ ਕਰਦਿਆ ਸੀਨੀਅਰਜ ਨੂੰ ਮਲਟੀਕਲਚਰਲ ਕਨੇਡਾ ਡੇਅ ਮਨਾਉਣ ਲਈ ਵਧਾਈ ਦਿੱਤੀ। ਸਿਟੀ ਵਲੋਂ ਡਿਪਟੀ ਮੇਅਰ ਗੁਰਕੀਰਤ ਸਿੰਘ, ਰਿਜਨਲ ਕੌਂਸਲਰ ਗੁਰਪ੍ਰਤਾਪ ਸਿੰਘ ਤੂਰ, ਕੌਂਸਲਰ ਨਵਜੋਤ ਕੌਰ ਬਰਾੜ ਤੇ ਪਾਲ ਵਿੰਨਸਨਤੇ ਨੇ ਐਸੋਸੀਏਸ਼ਨ ਵਲੋਂ ਮਲਟੀਕਲਚਰਲ ਕਨੇਡਾ ਡੇਅ ਮਨਾਉਣ ਲਈ ਇੰਨਾ ਵੱਡਾ ਪ੍ਰਬੰਧ ਕਰਨ ਤੇ ਵੱਡੀ ਗਿਣਤੀ ਵਿੱਚ ਸੀਨੀਅਰਜ ਦੇ ਪ੍ਰੀਵਾਰਾਂ ਸਮੇਤ ਪਹੁੰਚਣ ਤੇ ਐਸੋਸੀਏਸ਼ਨ ਨੂੰ ਤੇ ਸਾਰੇ ਦਰਸ਼ਕਾਂ ਨੂੰ ਵਧਾਈ ਦਿਤੀ। ਐਸੋਸੀਏਸ਼ਨ ਵਲੋ ਸਿਟੀ ਵਲੋਂ ਵਧਾਏ ਗਏ ਪ੍ਰਾਪਰਟੀ ਟੈਕਸ ਤੇ ਘਰਾਂ ਵਿੱਚ ਕੋਈ ਵੀ ਤਬਦੀਲੀ ਕਰਨ ਲਈ ਪਰਮਿਟ ਲੈਣ ਤੇ ਲਗਾਈ ਗਈ ਕਈ ਗੁਣਾ ਨਜਾਇਜ ਫੀਸ ਨੂੰ ਵਾਪਸ ਲੈਣ ਦੀ ਮੰਗ ਕਰਦਾ, ਡਿਮਾਂਡ ਚਾਰਟਰ ਡਿਪਟੀ ਮੇਅਰ ਹਰਕੀਰਤ ਸਿੰਘ ਤੇ ਸਿਟੀ ਦੇ ਸਾਰੇ ਕੌਂਸਲਰ ਦੀ ਟੀਮ ਨੂੰ ਦਿੱਤਾ ਗਿਆ। ਸਕੂਲ ਟਰੱਸਟੀ ਸਤਪਾਲ ਜੌਹਲ ਨੇ ਵੀ ਵਧੀਆ ਵਿਚਾਰ ਪੇਸ਼ ਕਰਦਿਆ ਆਪਣੀ ਹਾਜਰੀ ਲਗਵਾਈ। ਐਸੋਸੀਏਸ਼ਨ ਦੇ ਮੀਡੀਆ ਐਡਵਾਈਜ਼ਰ ਮਹਿੰਦਰ ਸਿੰਘ ਮੋਹੀ ਨੇ ਕਨੇਡਾ ਡੇਅ ਦੇ ਇਤਿਹਾਸ ਬਾਰੇ ਵਿਸਥਾਰ ਨਾਲ ਬੋਲਦਿਆਂ 1982 ਦੇ ਐਕਟ ਰਾਹੀ ਕਨੇਡਾ ਨੂੰ ਮਿਲੀ ਪੂਰੀ ਅਜਾਦੀ ਤੇ ਚਾਰਟਰ ਆਫ ਰਾਈਟਸ ਦੀ ਮਹੱਤਤਾ ਦਾ ਵਰਨਣ ਕੀਤਾ। ਐਸੋਸੀਏਸ਼ਨ ਦੇ ਪ੍ਰਧਾਨ ਜੰਗੀਰ ਸਿੰਘ ਸੈਬੀਂ ਨੇ ਸਾਰੇ ਸੀਨੀਅਰਜ ਤੇ ਉਹਨਾਂ ਦੀਆ ਕਲੱਬਜ ਦੇ ਪ੍ਰਧਾਨ ਤੇ ਕਮੇਟੀਆ ਦਾ ਧੰਨਵਾਦ ਕੀਤਾ, ਜਿੰਨਾ ਦੇ ਸਹਿਯੋਗ ਨਾਲ ਐਸੋਸੀਏਸ਼ਨ ਇੰਨਾ ਵੱਡਾ ਸਮਾਗਮ ਕਰਵਾਉਣ ਵਿੱਚ ਕਾਮਯਾਬ ਹੋ ਸਕੀ। ਐਸੋਸੀਏਸ਼ਨ ਦੇ ਡਰੈਕਟਰ ਇਕਬਾਲ ਸਿੰਘ ਵਿਰਕ ਦੀ ਅਗਵਾਈ ਵਿੱਚ ਪੂਰੀ ਟੀਮ ਨੇ ਫੂਡ ਸਪਲਾਈ ਦਾ ਪੂਰਾ ਧਿਆਨ ਰੱਖਿਆ ਤੇ ਆਸ ਨਾਲੋਂ ਗਿਣਤੀ ਵਧ ਜਾਣ ਤੇ ਵੀ ਗਰਮਾ ਗਰਮ ਫੂਡ ਤੇ ਚਾਹ ਦੀ ਸਪਲਾਈ ਨਿਰੰਤਰ ਜਾਰੀ ਰੱਖੀ। ਡਾਇਰੈਕਟਰ ਲਾਲ ਸਿੰਘ ਬਰਾੜ ਵਲੋਂ ਸਟੇਜ ਤੇ ਸਨਮਾਨ ਚਿੰਨ੍ਹ ਤੇ ਸਰਟੀਫੀਕੇਟਸ ਨੂੰ ਵਧੀਆ ਢੰਗ ਨਾਲ ਸੰਭਾਲਿਆ ਤੇ ਤਰਤੀਬ ਨਾਲ ਮਾਨ ਸਨਮਾਨ ਸਮਾਰੋਹ ਨੂੰ ਲਗਾਤਾਰ ਬਿਨਾ ਕਿਸੇ ਵਿਘਨ ਦੇ ਜਾਰੀ ਰੱਖਣ ਵਿੱਚ ਕੋਈ ਰੁਕਾਵਟ ਨਹੀ ਆਉਣ ਦਿੱਤੀ। ਅਮਰੀਕ ਸਿੰਘ ਕੁਮਰੀਆ ਨੇ ਫਾਈਨਾਂਸ ਦਾ ਔਖਾ ਕੰਮ ਸਾਭਿਆ ਹੋਇਆ ਸੀ, ਤੇ ਇੰਨੇ ਵਡੇ ਫੰਕਸ਼ਨ ਤੇ ਖਰਚੇ ਪੱਖੋਂ ਸਾਰੀ ਮੈਨੇਜਮੈਂਟ ਦੀ ਟੀਮ ਨੂੰ ਬੇਫਿਕਰ ਕੀਤਾ ਹੋਇਆ ਸੀ। ਉਪ ਪ੍ਰਧਾਨ ਰਣਜੀਤ ਸਿੰਘ ਤਗੜ ਆਏ ਮਹਿਮਾਨਾਂ ਦੇ ਸਵਾਗਤ ਵਿੱਚ ਲਗਾਤਾਰ ਰੁਝੇ ਰਹੇ। ਐਸੋਸੀਏਸ਼ਨ ਦੇ ਸਕੱਤਰ ਪ੍ਰੀਤਮ ਸਿੰਘ ਸਰਾਂ ਨੇ ਸਟੇਜ ਸੰਚਾਲਨ ਦਾ ਕੰਮ ਵਧੀਆ ਢੰਗ ਨਾਲ ਨਿਭਾਇਆ। ਐਸ਼ੋਸੀਏਸ਼ਨ ਦੀਆਂ ਅਗਜੇਕਟਿਵ ਮੈਂਬਰ ਕੁਲਦੀਪ ਕੌਰ ਗਰੇਵਾਲ ਤੇ ਰਜਨੀ ਸ਼ਰਮਾਂ ਨੇ ਫੈਸਟੀਵਲ ਦੇ ਪ੍ਰਬੰਧ ਵਿੱਚ ਹੀ ਹਿਸਾ ਨਹੀ ਪਾਇਆ ਸਗੋ ਪੰਜਾਬੀ ਸਭਿਆਚਾਰ ਨਾਲ ਜੁੜੀਆਂ ਹੋਣ ਕਰਕੇ ਆਪਣੀ ਪ੍ਰਫਾਰਮਿੰਸ ਰਾਹੀ ਦਰਸ਼ਕਾਂ ਦੀ ਖੂਬ ਵਾਹਵਾ ਵੀ ਖੱਟੀ। ਲਗਾਤਾਰ ਚਾਰ ਘੰਟੇ ਚਲੇ ਫੈਸਟੀਵਲ ਨੰ ਦਰਸ਼ਕਾਂ ਨੇ ਰਜ ਕੇ ਮਾਣਿਆ। ਜਾਗੋ ਦੀਆਂ ਦੋਵੇ ਟੀਮਾ ਨੇ ਪੰਜਾਬ ਦੇ ਵਧੀਆ ਸਭਿਆਚਾਰਕ ਫੰਕਸ਼ਨ ਦੀ ਯਾਦ ਦਵਾ ਦਿੱਤੀ ਤੇ ਬੋਲੀਆਂ ਤੇ ਗਿਧੇ ਦੀ ਧਮਕ ਨੇ ਸਾਰੇ ਹਾਲ ਨੂੰ ਹੀ ਗੂੰਜਣ ਲਾ ਦਿਤਾ। ਚਾਈਨੀਜ ਸਭਿਆਚਾਰ ਨੂੰ ਦੋ ਚੀਨੀ ਟੀਮਾ ਨੇ ਦਰਸ਼ਕਾਂ ਸਾਹਮਣੇ ਪੇਸ਼ ਕੀਤਾ। ਬੋਲੀ ਦੀ ਭਾਵੇ ਸਮਝ ਨਹੀ ਆਉਦੀ ਸੀ, ਪਰ ਉਹਨੇ ਦੇ ਐਕਸ਼ਨ ਤੇ ਹਾਵ ਭਾਵ ਉਹਨੇ ਦੀ ਮਨ ਦੀ ਬਾਤ ਪਾਈ ਜਾਂਦੇ ਸਨ। ਅਖੀਰ ਵਿੱਚ ਪੰਜਾਬੀ ਸਹਿਤ ਦੇ ਸਿਰਮੌਰ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਆਪਣੇ ਲੈਕਚਰ ਵਿੱਚ ਕਨੇਡਾ 'ਚ ਅੱਜ ਦੇ ਸਮੇਂ ਵਿੱਚ ਮਿਲ ਰਹੀ ਇਮੀਗ੍ਰੇਸ਼ਨ ਤੇ ਸਹੂਲਤਾਂ ਦੀ ਪ੍ਰਾਪਤੀ ਲਈ ਸਾਡੇ ਵੱਡੇ ਵੱਡੇਰਿਆਂ ਤੇ ਗਦਰੀ ਬਾਬਿਆਂ ਵਲੋਂ ਕੀਤੀਆ ਕੁਰਬਾਨੀਆਂ ਦਾ ਜਿਕਰ ਕਰਦਿਆ ਉਹਨਾਂ ਨੂੰ ਹਮੇਸ਼ਾ ਯਾਦ ਰੱਖਣਾ ਜਰੂਰੀ ਦਸਿਆ। ਇਸ ਦੇ ਨਾਲ ਹੀ ਕਨੇਡਾ ਡੇਅ ਫੈਸਟੀਵਲ ਦਰਸ਼ਕਾਂ ਦੇ ਦਿਲਾਂ ਤੇ ਵਖਰੀ ਛਾਪ ਛੱਡਦਾ ਹੋਇਆ ਤੇ ਫਿਰ ਮਿਲਣ ਦੇ ਵਾਅਦੇ ਨਾਲ ਸਮਾਪਤ ਹੋ ਗਿਆ। ਇਸ ਸਮਾਗਮ ਨੂੰ ਕਾਮਯਾਬ ਕਰਨ ਲਈ ਐਸੋਸੀਏਸ਼ਨ ਆਫ ਸੀਨੀਅਰਜ ਕਲੱਬਜ ਦੇ ਪ੍ਰਧਾਨ ਜੰਗੀਰ ਸਿੰਘ ਸੈਂਬੀ ਦੀ ਅਗਵਾਈ ਵਿੱਚ ਸਾਰੀ ਅਗਜ਼ੈਕਟਿਵ ਕਮੇਟੀ, ਬਰੈਂਪਟਨ ਦੀਆਂ ਸਾਰੀਆਂ ਕਲੱਬਾਂ ਦੇ ਪ੍ਰਧਾਨ ਤੇ ਅਗਜ਼ੈਕਟਿਵ ਕਮੇਟੀਆਂ ਤੇ ਉਹਨਾਂ ਦੇ ਸਾਰੇ ਮੈਂਬਰ ਵਧਾਈ ਦੇ ਪਾਤਰ ਹਨ।

ਵਲੋਂ ਮਹਿੰਦਰ ਸਿੰਘ ਮੋਹੀ

# ਲੰਡਨ 'ਚ ਭਾਰਤ-ਪਾਕਿਸਤਾਨ ਸਮਰਥਕਾਂ ਵਿਚਾਲੇ ਝੜਪ




ਲੰਦਨ: ਲੰਦਨ ਦੇ ਈਸਟ ਇਲਫੋਰਡ ਲੇਨ ਖੇਤਰ 'ਚ 14-15 ਅਗਸਤ ਦੀ ਰਾਤ ਨੂੰ ਸੁਤੰਤਰਤਾ ਦਿਵਸ ਦੇ ਮੌਕੇ 'ਤੇ ਭਾਰਤ ਅਤੇ ਪਾਕਿਸਤਾਨ ਸਮਰਥਕਾਂ ਵਿਚਾਲੇ ਤਣਾਅ ਪੈਦਾ ਹੋ ਗਿਆ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਭਾਰਤੀ ਮੂਲ ਦੇ ਮੁਸਲਿਮ ਨੌਜਵਾਨ, ਜੋ ਤਿਰੰਗਾ ਝੰਡਾ ਲੈ ਕੇ ਸੜਕ 'ਤੇ ਸਨ, ਨੂੰ ਪਾਕਿਸਤਾਨੀ ਸਮਰਥਕਾਂ ਨੇ ਘੇਰ ਲਿਆ ਅਤੇ ਦੋਵਾਂ ਵਿਚਾਲੇ ਤਿੱਖੀ ਨਾਅਰੇਬਾਜ਼ੀ ਤੇ ਬਹਿਸ ਹੋਈ। ਇਸ ਘਟਨਾ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ।

**ਕੀ ਹੈ ਪੂਰਾ ਮਾਮਲਾ?**

ਇਹ ਘਟਨਾ 14 ਅਤੇ 15 ਅਗਸਤ ਦੀ ਰਾਤ ਦੀ ਦੱਸੀ ਜਾ ਰਹੀ ਹੈ। ਜਦੋਂ ਭਾਰਤੀ ਮੂਲ ਦੇ ਨੌਜਵਾਨ ਭਾਰਤ ਦਾ ਝੰਡਾ ਲੈ ਕੇ ਸੜਕ 'ਤੇ ਨਿਕਲੇ, ਤਾਂ ਪਾਕਿਸਤਾਨੀ ਸਮਰਥਕਾਂ ਨੇ ਉਨ੍ਹਾਂ ਦਾ ਵਿਰੋਧ ਸ਼ੁਰੂ ਕਰ ਦਿੱਤਾ। ਵਾਇਰਲ ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਵੱਡੀ ਗਿਣਤੀ 'ਚ ਮੌਜੂਦ ਪਾਕਿਸਤਾਨੀ ਮੂਲ ਦੇ ਲੋਕ ਭਾਰਤੀ ਨੌਜਵਾਨਾਂ ਦੇ ਨੇੜੇ ਜਾ ਕੇ ਪਾਕਿਸਤਾਨੀ ਝੰਡੇ ਲਹਿਰਾਉਂਦੇ ਹਨ ਅਤੇ ਅਪਮਾਨਜਨਕ ਇਸ਼ਾਰੇ ਵੀ ਕਰਦੇ ਹਨ। ਸਥਿਤੀ ਵਿਗੜਨ ਤੋਂ ਪਹਿਲਾਂ ਭਾਰਤੀ ਨੌਜਵਾਨ ਸ਼ਾਂਤੀ ਬਣਾਈ ਰੱਖਦੇ ਹੋਏ ਮੌਕੇ ਤੋਂ ਹਟਦੇ ਨਜ਼ਰ ਆਏ।

**ਪੁਲਿਸ ਦੀ ਕਾਰਵਾਈ 'ਤੇ ਸਵਾਲ**

ਹੁਣ ਤੱਕ ਇਸ ਮਾਮਲੇ 'ਚ ਪੁਲਿਸ ਵੱਲੋਂ ਕੋਈ ਗ੍ਰਿਫਤਾਰੀ ਜਾਂ ਅਧਿਕਾਰਤ ਜਾਂਚ ਸ਼ੁਰੂ ਨਹੀਂ ਕੀਤੀ ਗਈ, ਨਾ ਹੀ ਇਸ ਸਬੰਧੀ ਕੋਈ ਅਧਿਕਾਰਤ ਬਿਆਨ ਸਾਹਮਣੇ ਆਇਆ ਹੈ। ਹਾਲਾਂਕਿ, ਵੀਡੀਓ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਚਰਚਾਵਾਂ ਤੇਜ਼ ਹੋ ਗਈਆਂ ਹਨ। ਫਿਲਹਾਲ, ਸਥਿਤੀ ਕਾਬੂ 'ਚ ਹੈ, ਪਰ ਇਹ ਘਟਨਾ ਸੁਰੱਖਿਆ ਅਤੇ ਭਾਈਚਾਰਕ ਸਬੰਧਾਂ ਨਾਲ ਜੁੜੇ ਕਈ ਅਹਿਮ ਸਵਾਲ ਖੜ੍ਹੇ ਕਰਦੀ ਹੈ।

**ਪਹਿਲਾਂ ਵੀ ਵਾਪਰ ਚੁੱਕੀਆਂ ਅਜਿਹੀਆਂ ਘਟਨਾਵਾਂ**

ਜ਼ਿਕਰਯੋਗ ਹੈ ਕਿ ਈਸਟ ਇਲਫੋਰਡ ਲੇਨ 'ਚ ਭਾਰਤ ਅਤੇ ਪਾਕਿਸਤਾਨ ਦੇ ਵੱਡੀ ਗਿਣਤੀ 'ਚ ਵਸਦੇ ਲੋਕਾਂ ਦਰਮਿਆਨ ਪਹਿਲਾਂ ਵੀ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਹਨ। ਸੁਤੰਤਰਤਾ ਦਿਵਸ ਅਤੇ ਪਾਕਿਸਤਾਨ ਦਿਵਸ ਦੇ ਮੌਕੇ 'ਤੇ ਅਕਸਰ ਅਜਿਹੇ ਮਾਮਲੇ ਸਾਹਮਣੇ ਆਉਂਦੇ ਹਨ। ਸਾਲ 2020 'ਚ ਈਸਟ ਲੰਡਨ 'ਚ ਕੁਝ ਪਾਕਿਸਤਾਨੀ ਸਮਰਥਕਾਂ ਨੇ ਤਿਰੰਗੇ ਦਾ ਅਪਮਾਨ ਕੀਤਾ ਸੀ, ਜਿਸ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਕਾਫੀ ਆਲੋਚਨਾ ਹੋਈ ਸੀ। ਇਸੇ ਤਰ੍ਹਾਂ 2021 'ਚ ਵੀ ਇੱਕ ਵੀਡੀਓ ਵਾਇਰਲ ਹੋਇਆ ਸੀ, ਜਿਸ 'ਚ ਤਿਰੰਗਾ ਲੈ ਕੇ ਘੁੰਮ ਰਹੇ ਨੌਜਵਾਨਾਂ ਨੂੰ ਕੁਝ ਲੋਕਾਂ ਨੇ ਘੇਰ ਲਿਆ ਸੀ।

# ਏਅਰ ਕੈਨੇਡਾ ਦੀ ਹੜਤਾਲ ਖ਼ਤਮ




ਟੋਰਾਂਟੋ (ਬਲਜਿੰਦਰ ਸੇਖਾ) ਏਅਰ ਕੈਨੇਡਾ ਹੜਤਾਲ ਖ਼ਤਮ ਕਰਨ ਲਈ ਅਸਥਾਈ ਸਮਝੌਤੇ 'ਤੇ ਪਹੁੰਚੇ। ਮੰਗਲਵਾਰ ਸਵੇਰੇ ਦੋਵਾਂ ਧਿਰਾਂ ਨੇ ਕਿਹਾ ਕਿ ਫਲਾਈਟ ਅਟੈਂਡੈਂਟਾਂ ਦੇ ਏਅਰਲਾਈਨ ਨਾਲ ਅਸਥਾਈ ਸਮਝੌਤੇ 'ਤੇ ਪਹੁੰਚਣ ਤੋਂ ਬਾਅਦ ਏਅਰ ਕੈਨੇਡਾ ਹੜਤਾਲ ਖਤਮ ਹੋ ਗਈ ਹੈ।

ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲਾਈਜ਼ ਨੇ ਇੱਕ ਫੇਸਬੁੱਕ ਪੋਸਟ ਵਿੱਚ ਕਿਹਾ, "ਹੜਤਾਲ ਖਤਮ ਹੋ ਗਈ ਹੈ," ਆਪਣੀ ਮੈਂਬਰਸ਼ਿਪ ਨੂੰ "ਕਾਰਜ ਮੁੜ ਸ਼ੁਰੂ ਕਰਨ ਵਿੱਚ ਪੂਰਾ ਸਹਿਯੋਗ ਕਰਨ ਦੀ ਸਲਾਹ ਦਿੱਤੀ।" ਏਅਰ ਕੈਨੇਡਾ ਨੇ ਕਿਹਾ ਕਿ ਉਹ ਮੰਗਲਵਾਰ ਨੂੰ ਹੌਲੀ-ਹੌਲੀ ਕੰਮ ਸ਼ੁਰੂ ਕਰੇਗਾ, ਪਰ "ਪੂਰੀ ਬਹਾਲੀ 'ਤੇ ਵਾਪਸੀ ਲਈ ਇੱਕ ਹਫ਼ਤੇ ਜਾਂ ਇਸ ਤੋਂ ਵੱਧ ਸਮਾਂ ਲੱਗ ਸਕਦਾ ਹੈ।"

"ਸਾਡੀ ਸੇਵਾ ਨੂੰ ਮੁਅੱਤਲ ਕਰਨਾ ਸਾਡੇ ਗਾਹਕਾਂ ਲਈ ਬਹੁਤ ਮੁਸ਼ਕਲ ਹੈ," ਏਅਰ ਕੈਨੇਡਾ ਦੇ ਪ੍ਰਧਾਨ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਮਾਈਕਲ ਰੂਸੋ ਨੇ ਇੱਕ ਬਿਆਨ ਵਿੱਚ ਕਿਹਾ। "ਅਸੀਂ ਇਸ ਕਿਰਤ ਵਿਘਨ ਦੇ ਉਨ੍ਹਾਂ 'ਤੇ ਪਏ ਪ੍ਰਭਾਵ ਲਈ ਡੂੰਘਾ ਅਫ਼ਸੋਸ ਅਤੇ ਮੁਆਫੀ ਮੰਗਦੇ ਹਾਂ।" ਏਅਰ ਕੈਨੇਡਾ ਫਲਾਈਟ ਅਟੈਂਡੈਂਟ ਹੜਤਾਲ 'ਤੇ ਗਏ ਪਾਇਲਟਾਂ ਨੇ ਕੈਨੇਡਾ ਦੇ ਮਾਂਟਰੀਅਲ ਵਿੱਚ ਸ਼ਨੀਵਾਰ ਨੂੰ ਮਾਂਟਰੀਅਲ-ਪੀਅਰੇ ਐਲੀਅਟ ਟਰੂਡੋ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਹੜਤਾਲ ਕਰ ਰਹੇ ਏਅਰ ਕੈਨੇਡਾ ਫਲਾਈਟ ਅਟੈਂਡੈਂਟਾਂ ਲਈ ਆਪਣਾ ਸਮਰਥਨ ਦਿਖਾਇਆ।

ਤਨਖਾਹ ਅਤੇ ਸਮਾਂ-ਸਾਰਣੀ ਵਿਵਾਦਾਂ ਨੂੰ ਲੈ ਕੇ ਸ਼ਨੀਵਾਰ ਸਵੇਰੇ 10,000 ਤੋਂ ਵੱਧ ਫਲਾਈਟ ਅਟੈਂਡੈਂਟ ਨੌਕਰੀ ਛੱਡ ਕੇ ਚਲੇ ਗਏ ਸਨ।

ਕੈਨੇਡੀਅਨ ਇੰਡਸਟਰੀਅਲ ਰਿਲੇਸ਼ਨਜ਼ ਬੋਰਡ ਨੇ ਏਅਰ ਕੈਨੇਡਾ ਅਤੇ ਏਅਰ ਕੈਨੇਡਾ ਰੂਜ ਫਲਾਈਟ ਅਟੈਂਡੈਂਟਸ ਨੂੰ ਐਤਵਾਰ ਦੁਪਹਿਰ 2 ਵਜੇ ET ਤੱਕ "ਆਪਣੀਆਂ ਡਿਊਟੀਆਂ ਮੁੜ ਸ਼ੁਰੂ" ਕਰਨ ਦਾ ਨਿਰਦੇਸ਼ ਦਿੱਤਾ ਜਦੋਂ ਨੌਕਰੀਆਂ ਮੰਤਰੀ ਪੈਟੀ ਹਾਜਡੂ ਨੇ ਬਾਈਡਿੰਗ ਆਰਬਿਟਰੇਸ਼ਨ ਲਾਗੂ ਕੀਤੀ ਅਤੇ ਮੌਜੂਦਾ ਇਕਰਾਰਨਾਮੇ ਨੂੰ ਇੱਕ ਨਵਾਂ ਸਮਝੌਤਾ ਹੋਣ ਤੱਕ ਵਧਾ ਦਿੱਤਾ।

ਪਰ ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲਾਈਜ਼ (CUPE) ਨੇ ਇਸ ਆਦੇਸ਼ ਨੂੰ "ਸਪੱਸ਼ਟ ਤੌਰ 'ਤੇ ਗੈਰ-ਸੰਵਿਧਾਨਕ" ਕਿਹਾ ਅਤੇ ਕਿਹਾ ਕਿ ਇਸਦੇ ਮੈਂਬਰ ਹੜਤਾਲ 'ਤੇ ਰਹਿਣਗੇ।

ਏਅਰ ਕੈਨੇਡਾ ਪੁਲਸ ਪੂਰਵ ਅਨੁਮਾਨ, ਫਲਾਈਟ ਅਟੈਂਡੈਂਟਸ ਦੀ ਹੜਤਾਲ ਦਾ ਹਵਾਲਾ ਦਿੰਦੇ ਹੋਏ। ਸੋਮਵਾਰ ਨੂੰ ਮਾਂਟਰੀਅਲ-ਪੀਅਰੇ ਐਲੀਅਟ ਟਰੂਡੋ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਹੜਤਾਲ ਦੌਰਾਨ ਏਅਰ ਕੈਨੇਡਾ ਫਲਾਈਟ ਅਟੈਂਡੈਂਟ ਅਤੇ ਸਮਰਥਕ। ਐਂਡਰੇਜ ਇਵਾਨੋਵ / ਬਲੂਮਬਰਗ ਗੈਟੀ ਇਮੇਜ ਰਾਹੀਂ। ਇੱਕ ਬਿਆਨ ਵਿੱਚ, ਯੂਨੀਅਨ ਸਕੱਤਰ ਅਤੇ ਖਜ਼ਾਨਚੀ ਕੈਂਡੇਸ ਰੇਨਿਕ ਨੇ ਕਿਹਾ ਕਿ ਸਰਕਾਰ ਦਾ ਆਦੇਸ਼ "ਸ਼ਕਤੀ ਦੀ ਇੱਕ ਸ਼ਰਮਨਾਕ ਦੁਰਵਰਤੋਂ ਸੀ ਜੋ ਪ੍ਰਣਾਲੀਗਤ ਪੱਖਪਾਤ ਅਤੇ ਕਾਰਪੋਰੇਟ ਪੱਖਪਾਤ ਦੀ ਬਦਬੂ ਆਉਂਦੀ ਹੈ।" ਏਅਰਲਾਈਨ ਨੇ ਸੋਮਵਾਰ ਨੂੰ ਅੰਦਾਜ਼ਾ ਲਗਾਇਆ ਕਿ ਹੜਤਾਲ ਕਾਰਨ 500,000 ਗਾਹਕਾਂ ਦੀਆਂ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ।

## ਮਾਨਸਾ ਪੁਲਿਸ ਨੇ ਨਕਲੀ ਆਈਪੀਐਸ ਅਧਿਕਾਰੀ ਦਾ ਕੀਤਾ ਪਰਦਾਫਾਸ਼

ਮਾਨਸਾ : ਮਾਨਸਾ ਪੁਲਿਸ ਨੇ ਵੱਡੇ ਧੋਖਾਧੜੀ ਦੇ ਮਾਮਲੇ ਦਾ ਪਰਦਾਫਾਸ਼ ਕੀਤਾ ਹੈ। ਨਕਲੀ ਆਈਪੀਐਸ ਅਧਿਕਾਰੀ ਬਣੀ ਦੀਪਤੀ ਗਰਗ ਨੇ ਇਕ ਵਿਅਕਤੀ ਨਾਲ 6.30 ਕਰੋੜ ਰੁਪਏ ਦੀ ਠੱਗੀ ਮਾਰੀ। ਇਸ ਗਿਰੋਹ ਨੇ ਦੀਪਤੀ ਗਰਗ ਆਈਪੀਐਸ ਦੇ ਨਾਮ 'ਤੇ ਇਕ ਇੰਸਟਾਗ੍ਰਾਮ ਆਈਡੀ ਬਣਾਈ ਅਤੇ ਰਾਏ ਸਿੰਘ ਨਾਮੀ ਵਿਅਕਤੀ ਨਾਲ ਦੋਸਤੀ ਕੀਤੀ ਗਈ। ਇਸ ਨਕਲੀ ਆਈਪੀਐਸ ਨੇ ਰਾਏ ਸਿੰਘ ਨੇ 6.30 ਕਰੋੜ ਰੁਪਏ ਦੀ ਠੱਗੀ ਮਾਰੀ। ਜਦੋਂ ਪੀੜਤ ਨੂੰ ਪਤਾ ਲੱਗਾ ਕਿ ਉਸ ਕੋਲੋਂ ਪੈਸੇ ਠੱਗਣ ਵਾਲੀ ਆਈਪੀਐਸ ਅਧਿਕਾਰੀ ਨਹੀਂ ਸਗੋਂ ਸੋਨੂੰ ਹੈ ਅਤੇ ਉਸ ਹੋਰ ਕਈ ਵਿਅਕਤੀ ਸ਼ਾਮਲ ਹੈ। ਉਸ ਤੋਂ ਬਾਅਦ ਰਾਏ ਸਿੰਘ ਨੇ ਮਾਨਸਾ ਪੁਲਿਸ ਕੋਲ ਮੁਲਜ਼ਮਾਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਅਤੇ ਪੁਲਿਸ ਨੇ ਮੁਲਜ਼ਮਾਂ ਖਿਲਾਫ਼ ਮਾਮਲਾ ਦਰਜ ਕਰਨ ਤੋਂ ਬਾਅਦ ਕਾਰਵਾਈ ਕਰਦੇ ਹੋਏ ਇਸ ਠੱਗੀਆਂ ਮਾਰਨ ਵਾਲੇ ਗਿਰੋਹ ਦਾ ਪਰਦਾਫਾਸ਼ ਕੀਤਾ ਹੈ।















ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjer
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

ਬੁੱਧ ਬਾਣ

# ਵਖਤੁ ਵੀਚਾਰੇ ਸੁ ਬੰਦਾ ਹੋਇ॥





ਬੁੱਧ ਸਿੰਘ ਨੀਲੋਂ
94643 70823

ਅਖਾਣ ਹੈ ਕਿ ਸਮਾਂ ਕਿਸੇ ਦਾ ਮਿੱਤ ਨਹੀਂ, ਪਰ ਜੇ ਗੰਭੀਰਤਾ ਨਾਲ਼ ਘੋਖਿਆ ਜਾਏ ਤਾਂ ਇਸ ਪਦਾਰਥਵਾਦੀ ਦੌਰ ਵਿੱਚ ਜੇ ਕੋਈ ਸੱਚਾ ਦੋਸਤ, ਮਿੱਤਰ ਤੇ ਯਾਰ ਹੈ ਤਾਂ ਉਹ ਸਮਾਂ ਹੀ ਹੈ। ਅਜੋਕੇ ਪਦਾਰਥਵਾਦੀ ਯੁੱਗ ਵਿੱਚ ਸੱਚਾ ਦੋਸਤ ਢੂੰਢਣਾ ਬਹੁਤ ਮੁਸ਼ਕਲ ਹੈ। ਸਭ ਦਾ ਮੋਹ ਪਿਆਰ ਪਦਾਰਥ ਦੇ ਨਾਲ਼ ਹੈ।

ਰਿਸ਼ਤੇਦਾਰ, ਨਾਤੇ, ਮਿੱਤਰ ਪਿਆਰੇ ਉਦੋਂ ਤੱਕ ਤੁਹਾਡੇ ਨਾਲ਼ ਹਨ ਜਦੋਂ ਤੱਕ ਗਰਜ਼ ਪੂਰੀ ਹੁੰਦੀ ਰਹਿੰਦੀ ਹੈ ਜਾਂ ਕਾਨੂੰਨੀ ਖ਼ਾਨਾਪੂਰਤੀ ਲਈ ਉਨ੍ਹਾਂ ਨੂੰ ਤੁਹਾਡੀ ਲੋੜ ਹੈ। ਜਦੋਂ ਲੋੜ ਪੂਰੀ ਹੋ ਗਈ ਜਾਂ ਕਿਸੇ ਮਜਬੂਰੀ ਵੱਸ ਨਾਂਹ ਹੋ ਗਈ ਤਾਂ ਫਿਰ ਤੂੰ ਕੌਣ ਤੇ ਮੈਂ ਕੌਣ, ਕੋਈ ਰਿਸ਼ਤਾ ਨਹੀਂ, ਕੋਈ ਸਾਂਝ ਭਿਆਲ਼ੀ ਨਹੀਂ। ਮਨੁੱਖ ਨੂੰ ਇਸ ਪਾਸਿਓਂ ਗੁਰਬਾਣੀ ਸੁਚੇਤ ਕਰਦੀ ਆ ਰਹੀ ਹੈ।

ਸਮਾਜ ਵਿੱਚ ਵਾਪਰਦੀਆਂ ਘਟਨਾਵਾਂ ਤੇ ਦੁਰਘਟਨਾਵਾਂ ਸਾਨੂੰ ਸਚੇਤ ਕਰਦੀਆਂ ਹਨ ਪਰ ਅਸੀਂ ਓਹਨਾਂ ਨੂੰ ਰੱਬ/ਕੁਦਰਤ ਨਾਲ਼ ਜੋੜ ਕੇ ਖੁਦ ਜ਼ੁੰਮੇਵਾਰੀ ਲੈਣ ਤੋਂ ਕਿਨਾਰਾ ਕਰ ਲੈਂਦੇ ਹਾਂ। ਕੁਦਰਤ ਦਾ ਇਹ ਚੱਕਰਵਿਊ ਮਨੁੱਖ ਨੂੰ ਜੋੜਦਾ ਵੀ ਹੈ ਤੇ ਤੋੜਦਾ ਵੀ ਹੈ।

ਅਸੀਂ ਜੁੜਨ ਦੀ ਬਜਾਏ ਟੁੱਟਣ ਦਾ ਕੁੱਝ ਅਜਿਹਾ ਮਾਹੌਲ ਸਿਰਜਦੇ ਹਾਂ ਕਿ ਜਦੋਂ ਤੜੱਕ ਕਰਕੇ ਕੋਈ ਟੁੱਟਦਾ ਹੈ ਜਾਂ ਕੋਈ ਕੁਦਰਤੀ ਭਾਣਾ ਵਰਤਦਾ ਹੈ ਤਾਂ ਅਸੀਂ ਸੰਵਾਦ ਕਰਨ ਦੀ ਬਜਾਏ ਚੁੱਪ ਕਰ ਜਾਂਦੇ ਹਾਂ ਜਾਂ ਬਹਿਸ ਕਰਨ ਲਗਦੇ ਹਾਂ। ਬਹਿਸ ਤੇ ਸੰਵਾਦ ਵਿਚਲੇ ਅੰਤਰ ਨੂੰ ਸਮਝੇ ਬਗੈਰ ਅਸੀਂ ਪਾਣੀ ਵਿੱਚ ਮਧਾਣੀ ਪਾ ਕੇ ਰਿੜਕਦੇ ਰਹਿੰਦੇ ਹਾਂ।

ਅਸੀਂ ਅਕਸਰ ਬੇਲੋੜੇ ਮੁੱਦਿਆਂ ਨੂੰ ਫੋਕਸ ਕਰਦੇ ਹਾਂ। ਕਿਸੇ ਮਸਲੇ ਦੀਆਂ ਜੜ੍ਹਾਂ ਤੇ ਉਸਦੀਆਂ ਗੁੰਝਲਾਂ ਨੂੰ ਸਮਝੇ ਬਗੈਰ ਸ਼ਬਦ ਜਾਲ਼ ਬੁਣਦੇ ਹਾਂ। ਇਸ ਸ਼ਬਦ ਜਾਲ਼ ਵਿੱਚ ਫਸ ਕੇ ਅਸੀਂ ਪਾਣੀ ਬਿਨਾਂ ਤੜਫ਼ਦੀ ਮੱਛੀ ਵਾਂਗੂੰ ਸਹਿਕਦੇ ਹਾਂ, ਛਟਪਟਾਉਂਦੇ ਹਾਂ ਤੇ ਕਿਸੇ ਹੋਰ ਦੇ ਸਿਰ ਦੋਸ਼ ਮੜ੍ਹਕੇ ਖੁੱਦ ਨੂੰ ਬਰੀ ਕਰ ਲੈਂਦੇ ਹਾਂ। ਇਹ 'ਵਖਤੁ' ਕਿਸੇ ਦੇ ਪਿਓ ਦੀ ਜਾਗੀਰ ਨਹੀਂ, ਕੀ ਪਤਾ ਪਰਛਾਵਾਂ ਕਦੋਂ ਢਲ ਜਾਵੇ।

ਵਖਤੁ ਵੀਚਾਰੇ ਸੁ ਬੰਦਾ ਹੋਇ ॥

ਹੁਣ ਗੱਲ ਕਰਦੇ ਵਰਤਮਾਨ ਦੇ ਵਿੱਚ ਵਾਪਰਦੇ ਵਰਤਾਰਿਆਂ ਦੀ ! ਅੱਤ ਖੁਦਾ ਦਾ ਵੈਰ ਹੁੰਦਾ ਹੈ। ਅੱਤ ਦਾ ਅੰਤ ਨੇੜੇ ਹੁੰਦਾ ਹੈ। ਆਤਸ਼ਬਾਜ਼ੀ ਇਕ ਵਾਰ ਪੂਰੀ ਤਾਕਤ ਦੇ ਨਾਲ਼ ਅਸਮਾਨ ਵੱਲ ਚੜ੍ਹਦੀ ਹੈ ਤੇ ਕੁੱਝ ਹੀ ਪਲਾਂ ਬਾਅਦ ਸਿਰ ਪਰਨੇ ਧਰਤੀ ਤੇ ਆ ਡਿੱਗਦੀ ਹੈ।

ਇਕ ਵਾਰ ਚੱਲਿਆ ਤੀਰ ਭਾਂਵੇਂ ਵਾਪਸ ਕਮਾਨ ਵੱਲ ਨਹੀਂ ਮੁੜਦਾ ਪਰ ਨਵਾਂ ਤੀਰ ਚਲਾਉਣ ਤੋਂ ਪਹਿਲਾਂ ਕੁਝ ਸੋਚ ਵਿਚਾਰ ਤੇ ਦੂਜੇ ਨਾਲ਼ ਨਾ ਸਹੀ ਖੁਦ ਨਾਲ ਸੰਵਾਦ ਕਰ ਲੈਣਾ ਚਾਹੀਦਾ ਹੈ। ਸਮਾਜ ਵਿੱਚ ਰਹਿੰਦਿਆਂ ਮਨੁੱਖ ਨੂੰ ਚਾਹੀਦਾ ਬਹੁਤ ਕੁੱਝ ਹੈ ਪਰ ਮਿਲਦਾ ਓਹੀ ਕੁਝ ਹੈ ਜੋ ਉਸਨੇ ਬੀਜਿਆ ਹੁੰਦਾ ਹੈ।

ਸਮਾਜ ਵਿੱਚ ਡਿਗਰੀਆਂ ਦਾ ਨਹੀਂ ਕਲਾ ਦਾ ਮੁੱਲ ਪੈਂਦਾ ਹੈ ਪਰ ਸ਼ਰਤ ਹੈ ਕਿ ਕਲਾ ਦਾ ਕੋਈ ਪਾਰਖੂ ਹੋਵੇ। ਜੌਹਰੀ ਹੀ ਹੀਰਾ ਪਰਖਦਾ ਹੈ ਤੇ ਗਿਆਨਹੀਣ ਹੀਰੇ ਨੂੰ ਗਧੇ ਦੇ ਗਲ਼ ਵਿੱਚ ਪਾ ਕੇ ਬਜ਼ਾਰ ਵਿੱਚ ਬੇਗਾਨਾ ਭਾਰ ਢੋਂਦਾ ਹੈ। ਸਮਾਜ ਵਿੱਚ ਹੁਣ ਕਲਾ ਦੀ ਨਹੀਂ ਸਗੋਂ ਡਿਗਰੀਆਂ ਤੇ ਮਾਇਆ ਦਾ ਬੋਲਬਾਲਾ ਹੈ। ਮਨੁੱਖ ਅਤੇ ਸੋਚ ਵਿਕਾਊ ਹੈ।

ਸਮਾਜ ਹੁਣ ਬਾਜ਼ਾਰ ਤੇ ਮੰਡੀ ਵਿੱਚ ਬਦਲ ਗਿਆ ਹੈ। ਹੁਣ ਮਨੁੱਖ ਵਸਤੂਆਂ ਨਹੀਂ, ਵਸਤੂਆਂ ਮਨੁੱਖ ਨੂੰ ਖਰੀਦਦੀਆਂ ਹਨ। ਸਮਾਜ ਵਿੱਚ ਹਰ ਕੁਝ ਵਿਕਾਊ ਹੈ। ਇਸੇ ਕਰਕੇ ਸੂਝਵਾਨ ਮਨੁੱਖ ਲਹਿਰਾਂ ਦਾ ਵੀ ਮੁੱਲ ਵੱਟ ਜਾਂਦੇ ਹਨ। ਇਹ ਕੌੜਾ ਸੱਚ ਹੈ ਕਿ ਵੱਟਿਆ ਤੇ ਖੱਟਿਆ ਨਾਲ਼ ਨਹੀਂ ਜਾਂਦਾ। ਇਸੇ ਕਰਕੇ ਹੁਣ ਮਨੁੱਖ ਨਹੀਂ ਜਿਉਂਦਾ, ਵਸਤੂਆਂ ਜਿਉਂਦੀਆਂ ਹਨ।

ਮਨੁੱਖ ਤਾਂ ਉਸੇ ਦਿਨ ਮਰ ਜਾਂਦਾ ਹੈ, ਜਿਸ ਦਿਨ ਉਸਦੇ ਮਨ ਵਿੱਚੋਂ ਮਨੁੱਖਤਾ ਮਰ ਜਾਂਦੀ ਹੈ। ਤਾਂ ਹੀਂ ਇਸ ਸਮੇਂ ਮਰ ਚੁੱਕੇ ਮਨੁੱਖਾਂ ਦੀ ਅਬਾਦੀ ਵਧ ਰਹੀ ਹੈ। ਜਿਉਂਦੇ ਤੇ ਜਾਗਦੇ ਮਨੁੱਖ ਘੱਟ ਰਹੇ ਹਨ। ਸਰਮਾਇਆ ਤੇ ਜਾਇਦਾਦ ਵਧਾਉਣ ਦੀ ਲਾਲਸਾ ਵਿੱਚ ਮਨੁੱਖ ਸਭ ਕੁੱਝ ਭੁੱਲ ਗਿਆ ਹੈ। ਉਸਦੇ ਅੰਦਰੋਂ ਸਬਰ, ਸੰਤੋਖ, ਰਹਿਮ, ਦਇਆ ਸਭ ਮਨਫ਼ੀ ਹੋ ਗਏ ਹਨ।

ਗਿਆਨ ਦੇ ਬੇਹਿਸਾਬੇ ਪਸਾਰੇ ਨੇ ਮਨੁੱਖ ਨੂੰ ਮਨੁੱਖ ਨਾਲੋਂ ਹੀ ਨਹੀਂ ਸਗੋਂ ਆਪਣੇ ਆਪ ਨਾਲੋਂ ਵੀ ਤੋੜ ਦਿੱਤਾ ਹੈ। ਮਨੁੱਖ ਆਪਣੀ ਲਾਸ਼ ਖੁਦ ਮੋਢਿਆਂ ਉਤੇ ਚੁੱਕੀ ਦੌੜ ਰਿਹਾ ਹੈ ਤੇ ਉਡ ਵੀ ਰਿਹਾ ਹੈ। ਮਨੁੱਖ ਦੀ ਹਾਲਤ ਤਿਤਲੀ ਦੀ ਭਟਕਣ ਤੇ ਪਾਣੀ ਦੇ ਬੁਲਬਲੇ ਵਰਗੀ ਹੋ ਗਈ ਹੈ।

ਕੋਈ ਵੱਡਾ ਤੇ ਛੋਟਾ ਹੋ ਸਕਦਾ ਹੈ ਪਰ ਅੰਤ ਸਭ ਦਾ ਇਕੋ ਜਿਹਾ ਹੀ ਹੈ। ਵਖਤੁ ਦੀ ਚਾਲ ਤੇ ਵਖਤੁ ਦੀ ਕਦਰ ਕਰਨ ਵਾਲੇ ਸਦਾ ਟਿਕਾਅ ਵਿੱਚ ਰਹਿੰਦੇ ਹਨ। ਵਖਤੁ ਨੂੰ ਹੱਥਾਂ ਵਿੱਚ ਫੜ੍ਹਨ ਦੀ ਕੋਸ਼ਿਸ਼ ਕਰਨ ਵਾਲ਼ੇ ਖੁਦ ਨੂੰ ਹੀ ਨਹੀਂ ਸਗੋਂ ਆਲ਼ਾ ਦੁਆਲ਼ਾ ਵੀ ਸਾੜ ਲੈਂਦੇ ਹਨ।

ਹੁਣ ਉਹ ਹੱਥ, ਜਿਹਨਾਂ ਨੇ ਆਪਣਾ ਵਖਤੁ ਬਿਗਾਨੇ ਹੱਥਾਂ ਵਿੱਚ ਫੜਾਇਆ ਹੈ, ਸਵਾਲ ਕਰਦੇ ਹਨ ਪਰ ਉਹਨਾਂ ਦੇ ਸਵਾਲਾਂ ਦਾ ਕੋਈ ਜਵਾਬ ਨਹੀਂ ਦੇਂਦਾ। ਨਵ ਰਹੱਸਵਾਦੀ ਕਵੀ ਭਾਈ ਵੀਰ ਸਿੰਘ ਲਿਖਦੇ ਹਨ :-

"ਰਹੀ ਵਾਸਤੇ ਘੱਤ
'ਸਮੇਂ' ਨੇ ਇਕ ਨਾ ਮੰਨੀ,
ਫੜ ਫੜ ਰਹੀ ਧਰੀਕ
'ਸਮੇਂ' ਖਿਸਕਾਈ ਕੰਨੀ !"

ਵਚਨਬੱਧਤਾ ਤੇ ਪ੍ਰਤੀਬੱਧਤਾ ਤੋਂ ਦੂਰ ਹੋ ਰਹੀ ਲੋਕਾਈ ਖੁਦ ਨੂੰ ਤੇ ਮਗਰ ਆ ਰਹੀ ਭੀੜ ਨੂੰ ਖੂਹ ਵਿੱਚ ਡੇਗਣ ਲਈ ਜਾ ਰਹੀ ਹੈ। ਸਮਾਜ ਵਿੱਚ ਬਹੁਗਿਣਤੀ ਮਨੁੱਖ ਦਿਮਾਗ਼ੋਂ ਪੈਦਲ ਯਾਤਰਾਵਾਂ ਕਰ ਰਹੇ ਹਨ। ਉਹ ਦਿਮਾਗ਼ ਤੋਂ ਨਹੀਂ ਸਗੋਂ ਕੰਨਾਂ ਤੋਂ ਕੰਮ ਲੈਂਦੇ ਹਨ। ਸੁਣੀਆਂ ਤੇ ਸੁਣਾਈਆਂ ਮਨਘੜਤ ਗੱਲਾਂ ਉਤੇ ਅੱਖਾਂ ਮੀਚ ਕੇ ਭਰੋਸਾ ਕਰਦੇ ਹਨ ਪਰ ਉਨ੍ਹਾਂ ਦੀ ਨਰਕ ਬਣੀ ਜ਼ਿੰਦਗੀ ਨਹੀਂ ਬਦਲਦੀ।

ਸਾਧਾਂ ਦੇ ਡੇਰੇ ਤੇ ਹੋਰ ਧਾਰਮਿਕ ਅਸਥਾਨਾਂ ਦੇ ਪੁਜਾਰੀ ਤੇ ਬਾਬੇ ਬਿਨਾਂ ਕੋਈ ਸਾਰਥਕ ਕੰਮ ਕੀਤਿਆਂ ਪਲ਼ੀ ਜਾਂਦੇ ਹਨ। 'ਬਾਬਿਆਂ ਦੇ ਕਿਹੜੇ ਨੇ ਟਰਾਲੇ ਚੱਲਦੇ' ਵਾਲੀ ਗੱਲ ਸਹੀ ਹੈ। ਦੁਨੀਆਂ ਵਿੱਚ ਅੰਧ ਵਿਸ਼ਵਾਸ਼ੀ ਲੋਕਾਂ ਦੀ ਕਿਰਪਾ ਦੇ ਨਾਲ਼ ਇਹਨਾਂ ਦੀਆਂ ਵੱਡੀਆਂ ਵੱਡੀਆਂ ਆਲੀਸ਼ਾਨ ਇਮਾਰਤਾਂ ਬਣ ਜਾਂਦੀਆਂ ਹਨ ਪਰ ਬਾਬਿਆਂ ਦੇ ਚਰਨ ਸੇਵਕਾਂ ਦੀ ਜੂਨ ਨਹੀਂ ਸੌਰਦੀ। ਜੇ ਕੋਈ ਉਨ੍ਹਾਂ ਨੂੰ ਕੋਈ ਅਕਲ ਦੀ ਗੱਲ ਦੱਸੇ ਤਾਂ ਉਹ ਗਲ਼ ਪੈਣ ਨੂੰ ਆਉਂਦੇ ਹਨ।

ਇਹਨਾਂ ਸਮਿਆਂ ਵਿੱਚ ਵਖਤੁ ਦੀ ਕਦਰ ਕਰਨ ਵਾਲ਼ਿਆਂ ਦੀ ਗਿਣਤੀ ਸੁੰਗੜ ਰਹੀ ਹੈ। ਇਸੇ ਕਰਕੇ ਬੰਦੇ ਦੀਆਂ ਭਾਵਨਾਵਾਂ ਬਹੁਤ ਛੇਤੀ ਭੜਕ ਜਾਂਦੀਆਂ ਹਨ। ਜਦੋਂ ਬੰਦੇ ਦੀਆਂ ਭਾਵਨਾਵਾਂ ਛੇਤੀ ਛੇਤੀ ਭੜਕਣ ਲੱਗ ਜਾਣ ਤਾਂ ਧਰਮ ਤੇ ਸਿਆਸਤ ਦੇ ਠੇਕੇਦਾਰਾਂ ਦੀ ਆਮਦਨ ਵਿੱਚ ਚੋਖਾ ਵਾਧਾ ਹੁੰਦਾ ਹੈ। ਇਹਨਾਂ ਸਮਿਆਂ ਵਿੱਚ ਧਰਮ ਨੂੰ ਸਿਆਸਤ ਨਾਲ ਵੇਚਿਆ ਜਾਂਦਾ ਹੈ।

ਵਖਤੁ ਵੀਚਾਰਨ ਵਾਲ਼ੇ ਸਦਾ ਸਬਰ ਸੰਤੋਖ ਦੀ ਜ਼ਿੰਦਗੀ ਜਿਉਂਦੇਹਨ। ਉਹ ਸਦਾ ਖੁਸ਼ ਰਹਿੰਦੇ ਹਨ। ਉਹ ਆਪਣੇ ਘਰ ਵਿੱਚ ਚੁਪ ਰਹਿੰਦੇ ਹਨ। ਖਾ ਪੀ ਕੇ ਸੌਂਦੇ ਹਨ। ਆਜ਼ਾਦ ਦੀਆਂ ਗੱਲਾਂ ਕਰਦੇ ਹਨ।

ਗੁਲਾਮ ਮਨੁੱਖ ਆਜ਼ਾਦੀ ਦਾ ਨਾਅਰਾ ਲਗਾ ਕੇ, ਵਕਤ ਤੇ ਅਸਲ ਮੁੱਦਿਆਂ ਨੂੰ ਠੰਡੇ ਬਸਤੇ ਵਿੱਚ ਪਾਉਣ ਦਾ ਧਰਮ ਦੀ ਆੜ ਵਿੱਚ ਲੋਕਾਈ ਨੂੰ ਨਸ਼ਿਆਂ ਦੀ ਦਲਦਲ ਦੇ ਔਗੁਣ ਦੱਸਦਾ ਹੈ। ਵਸਤੂ ਕਿਸੇ ਦੇ ਬਾਪ ਦਾ ਨਹੀਂ, ਕੀ ਪਤਾ ਕਦ ਕਰਵਟ ਬਦਲ ਲਵੇ। ਅਰਸ਼ ਤੋਂ ਫਰਸ਼ ਉਤੇ ਲੈ ਆਵੇ।

# ਜਦੋਂ ਮੈਂ ਗਾਜ਼ਾ 'ਚ ਦਾਖਲ ਹੋਈ...



"ਜਦੋਂ ਮੈਂ ਗਾਜ਼ਾ ਵਿੱਚ ਦਾਖਲ ਹੋਈ ਤਾਂ ਇਜ਼ਰਾਈਲੀ ਫੌਜ ਦਾ ਇੱਕ ਨਿਯਮ ਸੀ: ਮੈਨੂੰ ਸਿਰਫ਼ ਸੱਤ ਪੌਂਡ ਭੋਜਨ ਲਿਆਉਣ ਦੀ ਇਜਾਜ਼ਤ ਸੀ। ਜਦੋਂ ਮੈਂ ਪ੍ਰੋਟੀਨ ਬਾਰਾਂ ਨੂੰ ਤੋਲ ਰਹੀ ਸੀ, ਸੀਮਾ ਤੋਂ ਹੇਠਾਂ ਜਾਣ ਦੀ ਕੋਸ਼ਿਸ਼ ਕਰ ਰਹੀ ਸੀ, ਤਾਂ ਮੈਂ ਆਪਣੇ ਪਤੀ ਨੂੰ ਕਿਹਾ: 'ਇਹ ਕਿੰਨਾ ਭਿਆਨਕ ਹੈ?' ਮੈਂ ਇੱਕ ਮਾਨਵਤਾਵਾਦੀ ਸਹਾਇਤਾ ਕਰਮਚਾਰੀ ਹਾਂ। ਭੋਜਨ 'ਤੇ ਵੀ ਕੋਈ ਸੀਮਾ ਕਿਉਂ ਹੋਵੇਗੀ? ਮੈਂ ਬਹੁਤ ਸਾਰੀਆਂ ਥਾਵਾਂ 'ਤੇ ਬਹੁਤ ਜ਼ਿਆਦਾ ਭੁੱਖ ਨਾਲ ਕੰਮ ਕੀਤਾ ਹੈ, ਪਰ ਇਸ ਸੰਦਰਭ ਵਿੱਚ ਜੋ ਬਹੁਤ ਦੁਖਦਾਈ ਹੈ ਉਹ ਇਹ ਹੈ ਕਿ ਇਹ ਕਿੰਨਾ ਬੇਰਹਿਮ ਹੈ, ਕਿੰਨਾ ਜਾਣਬੁੱਝ ਕੇ ਹੈ। ਮੈਂ ਦੋ ਮਹੀਨਿਆਂ ਲਈ ਗਾਜ਼ਾ ਵਿੱਚ ਸੀ; ਜੋ ਹੋ ਰਿਹਾ ਹੈ ਉਸ ਦੀ ਭਿਆਨਕਤਾ ਦਾ ਵਰਣਨ ਕਰਨ ਦਾ ਕੋਈ ਤਰੀਕਾ ਨਹੀਂ ਹੈ। ਅਤੇ ਮੈਂ ਇਹ ਇੱਕ ਬਾਲ ਰੋਗ ਆਈਸੀਯੂ ਡਾਕਟਰ ਵਜੋਂ ਕਹਿ ਰਹੀ ਹਾਂ ਜੋ ਬੱਚਿਆਂ ਨੂੰ ਮੇਰੇ ਕੰਮ ਦੇ ਹਿੱਸੇ ਵਜੋਂ ਮਰਦੇ ਦੇਖਦੀ ਹੈ। ਸਾਡੇ ਆਪਣੇ ਸਟਾਫ ਵਿੱਚ ਸਾਡੇ ਕੋਲ ਡਾਕਟਰ ਅਤੇ ਨਰਸਾਂ ਹਨ ਜੋ ਭੁੱਖੇ, ਥੱਕੇ ਹੋਏ ਮਰੀਜ਼ਾਂ ਦਾ ਇਲਾਜ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਟੈਂਟਾਂ ਵਿੱਚ ਰਹਿ ਰਹੇ ਹਨ। ਉਨ੍ਹਾਂ ਵਿੱਚੋਂ ਕੁਝ ਨੇ ਆਪਣੇ ਪਰਿਵਾਰਾਂ ਦੇ ਪੰਦਰਾਂ, ਵੀਹ ਮੈਂਬਰ ਗੁਆ ਦਿੱਤੇ ਹਨ। ਹਸਪਤਾਲ ਵਿੱਚ ਹਵਾਈ ਹਮਲਿਆਂ ਨਾਲ ਅਪਾਹਜ ਬੱਚੇ ਹਨ: ਗੁੰਮ ਹੋਏ ਬਾਹਾਂ, ਗੁੰਮ ਹੋਏ ਲੱਤਾਂ, ਤੀਜੀ ਡਿਗਰੀ ਸੜਨ। ਅਕਸਰ ਦਰਦ ਦੀ ਦਵਾਈ ਕਾਫ਼ੀ ਨਹੀਂ ਹੁੰਦੀ। ਪਰ ਬੱਚੇ ਦਰਦ ਬਾਰੇ ਚੀਕਦੇ ਨਹੀਂ ਹਨ, ਉਹ ਚੀਕਦੇ ਹਨ : 'ਮੈਨੂੰ ਭੁੱਖ ਲੱਗੀ ਹੈ! ਮੈਨੂੰ ਭੁੱਖ ਲੱਗੀ ਹੈ!' ਸਿਰਫ਼ ਬੱਚਿਆਂ 'ਤੇ ਧਿਆਨ ਕੇਂਦਰਿਤ ਕਰਨਾ ਠੀਕ ਨਹੀਂ ਕਿਉਂਕਿ ਕਿਸੇ ਨੂੰ ਵੀ ਭੁੱਖਾ ਨਹੀਂ ਰਹਿਣਾ ਚਾਹੀਦਾ। ਪਰ ਬੱਚਿਓ, ਇਹ ਤੁਹਾਨੂੰ ਇੱਕ ਵੱਖਰੇ ਤਰੀਕੇ ਨਾਲ ਪਰੇਸ਼ਾਨ ਕਰਨਾ ਹੈ। ਜਦੋਂ ਮੇਰੇ ਦੋ ਮਹੀਨੇ ਪੂਰੇ ਹੋ ਗਏ, ਤਾਂ ਮੈਂ ਜਾਣਾ ਨਹੀਂ ਚਾਹੁੰਦਾ ਸੀ। ਇਹ ਇੱਕ ਅਜਿਹਾ ਅਹਿਸਾਸ ਹੈ ਜੋ ਮੈਂ ਲਗਭਗ ਵੀਹ ਸਾਲਾਂ ਦੇ ਮਾਨਵਤਾਵਾਦੀ ਕਾਰਜਾਂ ਵਿੱਚ ਅਨੁਭਵ ਨਹੀਂ ਕੀਤਾ। ਪਰ ਮੈਨੂੰ ਸ਼ਰਮ ਮਹਿਸੂਸ ਹੋਈ। ਆਪਣੇ ਫਲਸਤੀਨੀ ਸਾਥੀਆਂ ਨੂੰ ਛੱਡਦਿਆਂ ਸ਼ਰਮ ਆਈ, ਜੋ ਕਿ ਸੰਸਾਰ ਦੇ ਬਹੁਤ ਸੁੰਦਰ ਅਤੇ ਹਮਦਰਦ ਲੋਕਾਂ ਵਿੱਚੋਂ ਸਨ ਜਿਨ੍ਹਾਂ ਨੂੰ ਮੈਂ ਕਦੇ ਮਿਲਿਆ ਹਾਂ। ਮੈਨੂੰ ਇੱਕ ਅਮਰੀਕੀ ਵਜੋਂ, ਇੱਕ ਮਨੁੱਖ ਵਜੋਂ ਸ਼ਰਮ ਆਈ ਕਿ ਅਸੀਂ ਕਿਸੇ ਅਜਿਹੀ ਚੀਜ਼ ਨੂੰ ਰੋਕਣ ਵਿੱਚ ਅਸਮਰੱਥ ਰਹੇ ਹਾਂ ਜੋ ਇੰਨੀ ਸਪੱਸ਼ਟ ਤੌਰ 'ਤੇ ਨਸਲਕੁਸ਼ੀ ਹੈ। ਮੈਨੂੰ ਯਾਦ ਹੈ ਜਦੋਂ ਸਾਡੀ ਬੱਸ ਬਫਰ ਜ਼ੋਨ ਤੋਂ ਬਾਹਰ ਨਿਕਲੀ। ਇੱਕ ਪਾਸੇ ਖਿੜਕੀ ਤੋਂ ਮੈਂ ਰਫਾਹ ਨੂੰ ਦੇਖ ਸਕਦਾ ਸੀ, ਜੋ ਕਿ ਮਲਬੇ ਤੋਂ ਇਲਾਵਾ ਕੁਝ ਵੀ ਨਹੀਂ ਸੀ। ਦੂਜੇ ਪਾਸੇ ਹਰਾ-ਭਰਾ ਇਜ਼ਰਾਈਲ ਸੀ। ਜਦੋਂ ਅਸੀਂ ਗੇਟ ਤੋਂ ਬਾਹਰ ਨਿਕਲੇ, ਤਾਂ ਸਭ ਤੋਂ ਪਹਿਲਾਂ ਮੈਂ ਇਜ਼ਰਾਈਲੀ ਸੈਨਿਕਾਂ ਦਾ ਇੱਕ ਸਮੂਹ ਦੇਖਿਆ, ਇੱਕ ਮੇਜ਼ 'ਤੇ ਬੈਠੇ, ਦੁਪਹਿਰ ਦਾ ਖਾਣਾ ਖਾ ਰਹੇ ਸਨ। ਮੈਨੂੰ ਕਦੇ ਵੀ ਭੋਜਨ ਨਾਲ ਭਰੀ ਮੇਜ਼ ਦੇਖ ਕੇ ਇੰਨਾ ਮਤਲੀ ਮਹਿਸੂਸ ਨਹੀਂ ਹੋਈ।"

# "ਪੱਥਰ ਦਿਲ"

ਗ . ਘੁਮਾਣ "

ਮਾਰੇ ਖ਼ਿਆਲ ਵਿਚ ਸ਼ਾਇਦ ਪੱਥਰ ਵਿਚ ਭੀ ਦਿਲ ਹੁੰਦਾ ਹੈ ! ਕਿਉਂਕਿ ਜਦੋਂ ਅਸੀਂ ਵੇਖਦੇ ਹਾਂ ਦੁਨੀਆ ਵਿਚ ਹੁੰਦੀ, ਮੂਰਤੀ ਪੂਜਾ, ਪੱਥਰ ਦੀ ਮੂਰਤ ਅੱਗੇ ਲੱਗ ਜਾਂਦੇ ਹਨ , ਸੋਨਾ ਚਾਂਦੀ,ਹੀਰੇ ਮੋਤੀਆਂ , ਦੇ ਢੇਰ। ਭਰ ਜਾਂਦਾ ਹੈ ਦੁਆਰ ਮਾਇਆ ਦੀ ਬਰਸਾਤ ਨਾਲ ! ਲੱਗ ਜਾਂਦੇ ਹਨ ਢੇਰ ! ਪਰ ਉਸ ਸਮੇਂ ਨੱਜ਼ਰ ਆਉਂਦਾ ਹੈ "ਪੱਥਰ ਦਿਲ " ਉਸ ਪੱਥਰ ਦੀ ਮੂਰਤ ਵਿਚ ! ਜੋ ਵੇਖ ਰਹੀ ਹੁੰਦੀ ਹੈ ਲੋਕਾਈ ਵੱਲ। ਬਾਹਰ ਸੜਕ 'ਤੇ ਬੈਠੇ ਦੁਆਰ ਅੱਗੇ ਭੁੱਖੇ ਭਾਣੇ ਬੈਠੇ ਬਦਨਸ਼ੀਬ ਲੋਂਕੀ ਹੱਥ ਅੱਡ ਕੇ ਮੰਗਦੇ ਹਨ, ਭੁੱਖੇ ਢਿੱਡ ਲਈ ਰੋਟੀ ਦਾ ਟੁੱਕੜਾ !

ਹੁਣ ਪੱਥਰ ਵਿਚ ਦਿਲ ਹੁੰਦਾ ਹੈ ਜਾਂ ਨਹੀਂ ! ਮੇਰੇ ਇਸ ਸਵਾਲ ਨੂੰ ਢੱਕ ਦਿੱਤਾ ਹੈ ਇਕ ਤੁਰੀ ਆਂਉਦੀ ਰੀਤ ਨੇ ! ਜੋ ਸੱਚੀ ਹੈ ਜਾਂ ਝੂਠੀ ! ਉਸ ਦੇ ਫ਼ਾਰਮੂਲੇ ਨੇ ! ਕਹਿੰਦੇ ਹਨ" ਧੰਨੇ ਭਗਤ ਨੂੰ ਪੱਥਰਾਂ, ਚੋਂ, ਰੱਬ ਮਿਲਿਆ ! ਜਿਸ ਨੇ ਮੇਰੀ ਸੋਚ ਨੂੰ ਹੋਰ ਭੀ ਜੱਰਬ ਤਕਸੀਮ ਦੀ ਤੱਕੜੀ ਵਿਚ ਸੁੱਟ ਦਿੱਤਾ ! ਅਖ਼ੀਰ ਜਦੋਂ ਕੋਈ ਮਨੁੱਖੀ ਦਿਲ ਕਿਸੇ ਪ੍ਰਤੀ ਹਮਦਰਦੀ, ਦੁੱਖ ਸੁੱਖ, ਰਹਿਮ, ਮੱਦਦ, ਤੋਂ ਪਾਸ਼ਾ, ਵੱਟਕੇ ਖਲੋ ਜਾਵੇ, ਤਾਂ ਫਿਰ ਨੱਜ਼ਰ ਆਉਦੀ ਹੈ ! ਸਾਹਮਣੇ ਤਸਵੀਰ ਉਸ ਪੱਥਰ ਰੂਪੀ ਦਿਲ ਦੀ ! ਅਤੇ ਵੇਖਦਾ ਹੈ " ਪੱਥਰ ਦਿਲ ਵਾਂਗ " .....ਓਹ ਦਿਲ !







# ਜਿਸ ਦੀ ਕੈਂਚੀ, ਉਸ ਦੀ ਭੇਡ..!





ਚਰਨਜੀਤ ਭੁੱਲਰ

ਚੰਡੀਗੜ੍ਹ : ਭਾਈ ਜਾਨ! ਤੁਸੀਂ ਸੋਚਦੇ ਹੋਵੋਗੇ ਕਿ ਜਦੋਂ ਸਿਰਲੇਖ ਹੀ ਗ਼ਲਤ ਕੱਢ'ਤਾ, ਵਿਚ ਵੀ ਇਹੋ ਅੱਗ ਸੁਆਹ ਹੋਊ। ਅੱਛਾ! ਸੱਤਾ 'ਚ ਤਾਂ ਤੁਸੀਂ 'ਬਦਲਾਅ' ਚਾਹੁੰਦੇ ਹੋ, ਸਦੀਆਂ ਪੁਰਾਣੀ ਕਹਾਵਤ 'ਚ ਨਹੀਂ। 'ਜਿਸ ਦੀ ਲਾਠੀ, ਉਸ ਦੀ ਮੱਝ', ਇਹ ਬੀਤੇ ਦੀ ਗੱਲ ਹੈ, ਅੱਜ ਦੇ ਸਮਿਆਂ 'ਚ ਮੱਝ ਅੱਗੇ ਬੀਨ ਵਜਾਉਣ ਦਾ ਕੀ ਫ਼ਾਇਦਾ। ਚਲੋ ਛੱਡੋ, ਨਾ ਮੱਝ ਦੀ ਗੱਲ ਕਰਦੇ ਹਾਂ, ਨਾ ਹੀ ਭੇਡ ਦੀ। ਪਹਿਲੋਂ ਤੁਹਾਡੇ ਮਨ ਦੀ ਗੱਲ ਕਰਦੇ ਹਾਂ। ਅੱਜ ਕੱਲ੍ਹ ਦੋ ਸੁਆਲ ਸੌਣ ਨਹੀਂ ਦਿੰਦੇ। ਪਹਿਲਾ ਇਹ ਕਿ ਲੈਂਡ ਪੂਲਿੰਗ ਨੀਤੀ ਕੀਹਨੇ ਬਣਾਈ, ਦੂਜਾ ਇਹ ਕਿ ਜੰਗ ਕੀਹਨੇ ਰੁਕਵਾਈ।

ਜੁਆਬ ਜਾਣਨਾ ਚਾਹੁੰਦੇ ਹੋ ਤਾਂ ਆਓ ਮਾਨਸਾ ਚੱਲਦੇ ਹਾਂ। ਸੁਣਿਐ, ਅੜੇ ਗੱਡੇ ਮਾਨਸੇ ਆਲੇ ਕੱਢਦੇ ਨੇ। ਦੱਸਦੇ ਹਨ ਕਿ ਮਾਨਸਾ ਦੇ ਟੇਸ਼ਨ 'ਤੇ ਇੱਕ ਪਾਂਧਾ ਬੈਠਦੈ, ਕੋਲ ਪਿੰਜਰੇ 'ਚ ਤੋਤਾ ਰੱਖਦਾ। ਸੌ ਰੋਗਾਂ ਦੀ ਇੱਕ ਦਵਾ। ਪਾਂਧੇ ਅੱਗੇ ਲੋਕ ਦਸ ਦਸ ਦਾ ਮੱਥਾ ਟੇਕਦੇ ਨੇ। ਪਾਂਧਾ, ਪਿੰਜਰੇ ਵਿਚਲੇ ਮਿੱਠੂ ਰਾਮ ਤੋਂ ਪਰਚੀ ਚੁਕਵਾਉਂਦੈ, ਇੰਜ ਦਿਲਾਂ ਦੀਆਂ ਬੁੱਝ ਦਿਖਾਉਂਦੈ। ਘੁੰਮਦਾ ਫਿਰਦਾ ਜੋਗਿੰਦਰ ਉਗਰਾਹਾਂ ਮਿੱਠੂ ਰਾਮ ਕੋਲ ਸੁਭਾਇਮਾਨ ਹੋ ਗਿਆ, ਅਖੇ ਮਿੱਠੂ ਰਾਮਾ! ਲੈਂਡ ਪੂਲਿੰਗ ਨੀਤੀ ਕੀਹਨੇ ਬਣਾਈ।

ਹੱਦ ਉਦੋਂ ਹੋ ਗਈ ਜਦੋਂ ਪਿੰਜਰੇ 'ਚੋਂ ਮਿੱਠੂ ਰਾਮ ਝੱਟ ਲੰਮੀ ਉਡਾਣ ਭਰ ਗਿਆ। ਕਿਧਰ ਛੂ ਮੰਤਰ ਹੋ ਗਿਆ, ਪਾਂਧੇ ਦੇ ਭਾਅ'ਦੀ ਬਣ ਗਈ। ਜੋਗਿੰਦਰ ਉਗਰਾਹਾਂ ਦਾ ਫ਼ੋਨ ਵੱਜਿਆ। ਅੱਗਿਓਂ ਦਿੱਲੀ ਤੋਂ ਰਾਕੇਸ਼ ਟਿਕੈਤ ਬੋਲ ਰਿਹਾ ਸੀ। ਕਹਿਣ ਲੱਗਿਆ, ਜੋਗਿੰਦਰ ਭਾਈ! ਆਹ ਬੜਾ ਅਜੀਬ ਤੋਤਾ ਦੇਖਿਐ, ਝਾੜੂਆਂ ਦੇ ਢੇਰ 'ਤੇ ਬੈਠਾ, 'ਕੱਲਾ 'ਕੱਲਾ ਤੀਲ੍ਹਾ ਕੱਢੀ ਜਾਂਦੈ। 'ਮਾਨਸਾ 'ਚ ਤਾਂ ਪਰਚੀ ਕੱਢਦਾ ਸੀ, ਦਿੱਲੀ 'ਚ ਤੀਲ੍ਹੇ ਕੱਢ ਰਿਹੈ' ਉਗਰਾਹਾਂ ਦੇ ਕਹਾਣੀ ਸਮਝ ਪੈ ਗਈ। ਉਗਰਾਹਾਂ ਮੁੜਨ ਲੱਗ ਗਿਆ ਤਾਂ ਦਿੱਲੀ ਆਲੇ ਪਾਸਿਓਂ ਤੋਤਾ ਮਾਨਸਾ 'ਚ ਲੈਂਡ ਕਰ ਰਿਹਾ ਸੀ।

ਮਾਨਸਾਹੀਏ ਦਹਿਲ ਗਏ, ਉਨ੍ਹਾਂ ਨੂੰ ਲੱਗਿਆ ਜਿਵੇਂ ਫਾਈਟਰ ਆ ਰਿਹਾ ਹੋਵੇ। ਫਾਈਟਰਾਂ ਤੋਂ ਯਾਦ ਆਇਆ ਤੁਸਾਂ ਦਾ ਦੂਜਾ ਸੁਆਲ ਕਿ ਬਈ! ਜੰਗ ਕੀਹਨੇ ਰੁਕਵਾਈ। ਮਾਨਸਾ ਆਲੇ ਮਿੱਠੂ ਕਬਾੜੀਏ ਨੂੰ ਤਾਂ ਕੋਈ ਨੀ ਭੁੱਲਿਆ। ਮਿੱਠੂ ਕਬਾੜੀਆਂ ਉਦੋਂ ਮਹਿਮਾ ਖੱਟ ਗਿਆ ਸੀ ਜਦੋਂ ਉਹ ਜਹਾਜ਼ ਵੀ ਕਬਾੜ 'ਚ ਖ਼ਰੀਦ ਲਿਆਇਆ ਸੀ। ਮਿੱਠੂ ਕਬਾੜੀਏ ਨੂੰ ਪੁੱਛ ਲੈਂਦੇ ਹਾਂ ਕਿ ਪਿਆਰੇ ਮਿੱਠੂ, ਜੰਗ ਦੇ ਦਿਨਾਂ 'ਚ ਗੁਆਂਢੀਆਂ ਦਾ ਕੋਈ ਜਹਾਜ਼ ਤਾਂ ਤੇਰੇ ਕਬਾੜ 'ਚ ਨਹੀਂ ਆਇਆ।

ਜਿੱਦਾਂ ਦਾ ਟਰੰਪ ਦਾ ਹਸਮੁਖ ਸੁਭਾਅ ਹੈ, ਉਸ ਨੇ ਜ਼ਰੂਰ ਮਿੱਠੂ ਕਬਾੜੀਏ ਨੂੰ ਕੰਨ 'ਚ ਦੱਸਿਆ ਹੋਊ ਕਿ 'ਦਾਸ ਨੂੰ ਗਲੋਬਲੀ ਵਿਚੋਲਾ ਆਖਦੇ ਨੇ, ਡਾਂਗ ਨਾਲ ਘਰ ਵਸਾਈਦਾ'। ਡਾਂਗ ਤੋਂ ਯਾਦ ਆਇਆ ਕਿ ਜਦ ਸੱਪ ਘਰ 'ਚ ਵੜਿਆ ਹੋਵੇਗਾ ਤਾਂ ਬਾਹਰ ਨਹੀਂ ਭੱਜੀਦਾ। ਖੱਲ ਖੂੰਜੇ 'ਚ ਪਈ ਡਾਂਗ ਲੱਭੋ, ਫਿਰ ਇੰਜ ਇਸਤੇਮਾਲ ਕਰੋ ਕਿ ਸੱਪ ਵੀ ਮਰ ਜਾਏ ਤੇ ਲਾਠੀ ਵੀ ਬਚ ਜਾਏ। ਲੋਕ ਰਾਜ ਦੀ ਇਹੋ ਤਾਂ ਖ਼ੂਬਸੂਰਤੀ ਹੈ।

ਖ਼ੈਰ, ਉੱਪਰਲੇ ਦੋਵੇਂ ਸੁਆਲਾਂ 'ਤੇ ਬਹੁਤ ਬੌਂ ਬੌਂ ਹੋਈ ਹੈ। ਮੁਆਫ਼ ਕਰਨਾ, ਬੌਂ ਬੌਂ ਤੋਂ ਮੁੜ ਭੇਡਾਂ ਅੱਖਾਂ ਅੱਗੇ ਘੁੰਮੀਆਂ ਨੇ, ਹੈ ਵੀ ਰੰਗ ਬਰੰਗੀਆਂ। ਮੌਸਮ ਬਦਲਦੇ ਹੀ ਨਵੇਂ ਵਾੜੇ 'ਚ ਤਸ਼ਰੀਫ਼ ਲਿਆਉਂਦੀਆਂ ਨੇ। ਵਾੜੇ ਚਾਹੇ ਲੱਖ ਬਦਲ ਲੈਣ, ਉੱਨ ਤਾਂ ਉਹੀ ਲਾਹੂ, ਜੀਹਦੇ ਕੋਲ ਵੱਡਾ ਕੈਂਚੀ ਭੰਡਾਰ ਹੋਊ। ਜੇ ਗੱਲ ਹਾਲੇ ਵੀ ਗੇੜ 'ਚ ਨਹੀਂ ਆ ਰਹੀ ਤਾਂ ਅਚਾਰੀਆ ਰਜਨੀਸ਼ ਦੇ ਚਰਨੀ ਲੱਗਦੇ ਹਾਂ। ਅਚਾਰੀਆ ਜੀ ਤੋਂ ਪਹਿਲਾਂ ਕਹਾਣੀ ਸੁਣੋ। ਇੱਕ ਜਾਦੂਗਰ ਭੇਡਾਂ ਪਾਲਣ ਦਾ ਸ਼ੌਕੀਨ ਸੀ, ਨਾਲੇ ਭੇਡਾਂ ਖਾਣ ਦਾ ਵੀ। ਜਦੋਂ ਇੱਕ ਭੇਡ ਕੱਟਦਾ, ਦੂਜੀਆਂ ਭੱਜ ਜਾਂਦੀਆਂ। ਹੱਲ ਲਈ ਜਾਦੂਗਰ ਨੇ ਇੱਕ ਤਰਕੀਬ ਖ਼ੋਜੀ।

ਸਭ ਭੇਡਾਂ ਨੂੰ ਸੰਮੋਹਿਤ ਕਰਕੇ ਸਮਝਾ ਦਿੱਤਾ ਕਿ ਤੁਸੀਂ ਭੇਡਾਂ ਨਹੀਂ ਹੋ। ਜੋ ਕੱਟੀਆਂ ਜਾਂਦੀਆਂ ਨੇ, ਉਹ ਭੇਡਾਂ ਹਨ, ਬਾਕੀ ਤੁਸੀਂ ਤਾਂ ਸ਼ੇਰ ਹੋ, ਚੀਤੇ ਹੋ ਤੇ ਇਨਸਾਨ ਵੀ। ਸੰਮੋਹਿਤ ਭੇਡਾਂ ਨੇ ਮੰਨ ਲਿਆ, ਜਾਦੂਗਰ ਦਾ ਕੰਮ ਸੌਖਾ ਹੋ ਗਿਆ ਙ ਜਦੋਂ ਇੱਕ ਭੇਡ ਕੱਟੀ ਜਾ ਰਹੀ ਹੁੰਦੀ ਤਾਂ ਦੂਜੀਆਂ ਭੇਡਾਂ ਚਾਂਬੜਾਂ ਪਾਉਂਦੀਆਂ ਕਿ ਵਿਚਾਰੀ ਭੇਡ ਐ, ਜੋ ਕੱਟੀ ਜਾ ਰਹੀ ਹੈ, ਅਸੀਂ ਤਾਂ ਸ਼ੇਰ ਹਾਂ, ਸਾਨੂੰ ਕੌਣ ਹੱਥ ਪਾਊ। ਜੋ ਭੇਡ ਕੱਟੀ ਜਾ ਰਹੀ ਹੁੰਦੀ ਸੀ, ਉਹੋ ਵੀ ਕੱਲ੍ਹ ਤੱਕ ਇਹੋ ਸੋਚ ਰਹੀ ਹੁੰਦੀ ਸੀ ਕਿ ਮੈਂ ਤਾਂ ਸ਼ੇਰ ਹਾਂ, ਚੀਤਾ ਹਾਂ, ਮੇਰੇ ਕੌਣ ਨੇੜੇ ਲੱਗੂ।

ਸੋ ਮਾਈ-ਭਾਈ ਏਨਾ ਕੁ ਖ਼ਿਆਲ ਰੱਖਣਾ, ਪੰਜਾਬ ਨੂੰ ਜੋਕ ਨਹੀਂ ਲੱਗਣ ਦੇਣੀ। 'ਦੋ ਧੜਿਆਂ 'ਚ ਖ਼ਲਕਤ ਵੰਡੀ, ਇੱਕ ਲੋਕਾਂ ਦਾ ਇੱਕ ਜੋਕਾਂ ਦਾ'। ਧਨੀ ਰਾਮ ਚਾਤ੍ਰਿਕ ਐਵੇਂ ਨੀ ਕਹਿ ਗਿਆ, 'ਪੰਜਾਬ ਕਰਾਂ ਕੀ ਸਿਫ਼ਤ ਤੇਰੀ ।' ਧਨੀ ਰਾਮ ਜਾਣੀ ਜਾਣ ਸੀ ਕਿ ਪੰਜਾਬੀ ਹੱਥਾਂ 'ਤੇ ਸਰ੍ਹੋਂ ਵੀ ਜਮਾਉਂਦੇ ਨੇ, ਨਾਲੇ ਤੇਲ ਦੀ ਕੱਢਦੇ ਨੇ ਙ ਜਦੋਂ ਪੰਜਾਬ ਕੁਤਬ ਮੀਨਾਰ ਬਣਦੈ ਤਾਂ ਨੇਤਾ ਜਣਾਂ ਨੂੰ ਚੋਣਾਂ ਮੌਕੇ ਪੀਸਾ ਦੇ ਮੀਨਾਰ ਵਾਂਗੂ ਝੁਕਣਾ ਪੈਂਦੈ। ਜਿਨ੍ਹਾਂ ਨੇ ਪੰਜਾਬ ਦਾ ਹਾਲ ਪੈਂਚਰਾਂ ਆਲੀ ਟਿਊਬ ਵਰਗਾ ਕੀਤੈ, ਉਹ ਆਪਣਾ ਤੇ ਆਪਣੇ ਸਿਆਸੀ ਵਾੜੇ ਦਾ ਖ਼ਿਆਲ ਜ਼ਰੂਰ ਰੱਖਣ। ਬਿਨਾਂ ਮੰਗੀ ਸਲਾਹ ਹੈ..।

# ਮਗਰਮੱਛ...

ਮਗਰਮੱਛ ਆਪਣੇ ਦੰਦਾਂ ਅੰਦਰ ਫਸ ਜਾਂਦੇ ਮਾਸ ਦੇ ਨਿੱਕੇ ਨਿੱਕੇ ਟੋਟੇ ਸਾਫ ਕਰਾਉਣੇ ਚਾਹੁੰਦਾ ਤਾਂ ਮੂੰਹ ਅੱਡ ਰੁੱਖਾਂ ਹੇਠ ਲੰਮੇ ਪੈ ਜਾਂਦਾ..ਕਿੰਨੀਆਂ ਚਿੜੀਆਂ ਉਸਦੇ ਖੁੱਲੇ ਹੋਏ ਮੂੰਹ ਅੰਦਰ ਬੇਖੌਫ ਦਾਖਿਲ ਹੋ ਸਾਰਾ ਕੁਝ ਕੱਢ ਕੱਢ ਖਾ ਜਾਂਦੀਆਂ..ਫਰੇਬ ਦੇ ਹੰਝੂ ਵਹਾਉਣ ਲਈ ਅਕਸਰ ਹੀ ਮਸ਼ਹੂਰ ਇਹ ਮਗਰਮੱਛ ਕਦੇ ਵੀ ਓਨੀ ਦੇਰ ਆਪਣਾ ਮੂੰਹ ਬੰਦ ਨਹੀਂ ਕਰਦਾ ਜਦੋਂ ਤੀਕਰ ਉਹ ਚਿੜੀਆਂ ਉੱਡ ਨਹੀਂ ਜਾਂਦੀਆਂ..ਹਾਲਾਂਕਿ ਚਿੜੀਆਂ ਦੇ ਖੰਬਾ ਥੱਲੇ ਵੀ ਤੇ ਮਾਸ ਹੀ ਹੁੰਦਾ ਏ..!

ਨਿੱਕੀਆਂ ਧੋਖੇਬਾਜੀਆਂ ਲਈ ਮਸ਼ਹੂਰ ਕਾਲੇ ਕਾਂ ਨੂੰ ਜਦੋਂ ਇੱਕ ਵਿਸ਼ੇਸ਼ ਕਿਸਮ ਦੀ ਬਿਮਾਰੀ ਆ ਚੰਬੜਦੀ ਏ ਤਾਂ ਕੀੜੀਆਂ ਦੇ ਭੌਣ ਕੋਲ ਜਾ ਬੈਠਦਾ..ਮਿੰਟਾਂ ਸਕਿੰਟਾਂ ਵਿੱਚ ਹੀ ਸੈਂਕੜੇ ਕੀੜਿਆਂ ਉਸਦੇ ਸਰੀਰ ਦੇ ਦਵਾਲੇ ਹੋ ਜਾਂਦੀਆਂ..ਖਾਸ ਕਰਕੇ ਖੰਬਾਂ ਹੇਠੋਂ ਇੱਕ ਖਾਸ ਬੈਕਟੀਰੀਆ ਮੁਕਾ ਕੇ ਇੱਕ ਖਾਸ ਕਿਸਮ ਦਾ ਕੈਮੀਕਲ ਛੱਡ ਜਾਂਦੀਆਂ..ਫੇਰ ਕਾਂ ਛੇਤੀ ਹੀ ਨੌਂ ਬਰ ਨੌਂ ਹੋ ਉੱਡ ਜਾਂਦਾ..ਇਥੇ ਵੀ ਉਹ ਨਾ ਕਿਸੇ ਕੀੜੀ ਨੂੰ ਖਾਂਦਾ ਹੀ ਹੈ ਤੇ ਨਾ ਕੋਈ ਨੁਕਸਾਨ ਹੀ ਪਹੁੰਚਾਉਂਦਾ!

ਦੋ ਸੌ ਕਿਲੋਮੀਟਰ ਗੱਡੀ ਚਲਾ ਕੇ ਵਾਪਿਸ ਮੁੜਿਆ ਤਾਂ ਵੇਖਿਆ ਬੰਪਰ ਨਾਲ ਵੱਜ ਵੱਜ ਮਰੇ ਹੋਏ ਕਿੰਨੇ ਸਾਰੇ ਭੂੰਡਾ ਦੇ ਸੁੱਕੇ ਹੋਏ ਮਾਸ ਅਤੇ ਖੂਨ ਨੂੰ ਇੱਕ ਜਿਉਂਦਾ ਜਾਗਦਾ ਭੂੰਡ ਚੰਬੜਿਆ ਹੋਇਆ ਸੀ..ਗੁੱਸਾ ਆਇਆ..ਆਪਣੇ ਭਰਾਵਾਂ ਦਾ ਖੂਨ ਪੀਣਾ..ਨਿਰਲੱਜ..ਅਕ੍ਰਿਤਘਣ..!

ਸਬੱਬ ਨਾਲ ਓਸੇ ਵੇਲੇ ਵਿਰਕ ਨਾਮ ਦਾ ਇੱਕ ਵਕੀਲ ਡੀ.ਆਈ.ਜੀ ਪਰਮਰਾਜ ਸਿੰਘ ਉਮਰਾਨੰਗਲ ਦੀ ਕਹਾਣੀ ਬਿਆਨ ਕਰ ਰਿਹਾ ਸੀ..ਕਿੱਦਾਂ ਉਸਨੇ ਗੁਰਨਾਮ ਸਿੰਘ ਬੁੰਡਾਲੇ ਦੇ ਸਿਰ ਦਾ ਵੀਹ ਲੱਖ ਦਾ ਇਨਾਮ ਖਾਣ ਲਈ ਸੰਨ ਚੁਰਨਵੇਂ ਵਿਚ ਕਾਲੇ ਅਫਗਾਨੇ ਪਿੰਡ ਦਾ ਜਿਉਂਦਾ ਜਾਗਦਾ ਸੁਖਪਾਲ ਸਿੰਘ ਚੁੱਕ ਕੇ ਲਾਸ਼ ਬਣਾ ਦਿੱਤਾ..ਫੇਰ ਉਸਨੂੰ ਬੁੰਡਾਲਾ ਦਰਸਾ ਵੀਹ ਲੱਖ ਵੀ ਬੋਝੇ ਵਿਚ ਪਾ ਲਿਆ..ਕਿੱਦਾਂ ਤੇਰਾਂ ਤੋਂ ਲੈ ਕੇ 17 ਤੀਕਰ ਪੰਥਕ ਸਰਕਾਰਾਂ ਉਸਦੀ ਪੁਸ਼ਤਪਨਾਹੀ ਤੇ ਰਹੀਆਂ..ਬਾਕੀ ਦੀ ਕਹਾਣੀ ਅੱਜ ਵੀ ਯੂ ਟਿਊਬ ਤੇ ਵੇਖੀ ਜਾ ਸਕਦੀ!

ਇਹ ਬਿਰਤਾਂਤ ਮਗਰੋਂ ਅਜੇ ਵੀ ਬੰਪਰ ਨਾਲ ਲੱਗ ਲਹੂ ਮਾਸ ਦੇ ਲੋਥੜੇ ਖਾ ਰਿਹਾ ਉਹ ਭੂੰਡ ਇਨਸਾਨਾਂ ਨਾਲੋਂ ਕਈ ਦਰਜੇ ਬੇਹਤਰ ਲੱਗਿਆ..ਅੰਦਰੋਂ ਅਵਾਜ ਆਈ..ਮਰੇ ਹੋਇਆਂ ਦਾ ਹੀ ਤੇ ਖਾ ਰਿਹਾ..ਆਪਣੀ ਹਵੱਸ ਖਾਤਿਰ ਕਿਸੇ ਜਿਉਂਦੇ ਜਾਗਦੇ ਨੂੰ ਲਾਸ਼ ਤੇ ਨਹੀਂ ਬਣਾਇਆ!

ਹਰਪ੍ਰੀਤ ਸਿੰਘ ਜਵੰਦਾ

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਪੱਤਰਕਾਰ ਤੇ ਇਤਿਹਾਸਕਾਰ ਜਗਤਾਰ ਸਿੰਘ ਨਾਲ ਰਚਾਇਆ ਰੂ-ਬ-ਰੂ

## 'ਪ੍ਰਾਈਮ ਏਸ਼ੀਆ' ਦੇ ਹੋਸਟ ਪਰਮਵੀਰ ਬਾਠ ਨੇ ਕੀਤੀ ਸ਼ਿਰਕਤ ਤੇ ਕਵੀ-ਦਰਬਾਰ ਵੀ ਹੋਇਆ




ਬਰੈਂਪਟਨ, (ਡਾ. ਝੰਡ) - ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦਾ ਮਹੀਨਾਵਾਰ ਸਮਾਗ਼ਮ ਲੰਘੇ ਐਤਵਾਰ 17 ਅਗਸਤ ਨੂੰ 2250 ਬੋਵੇਰਡ ਡਰਾਈਵ (ਈਸਟ) ਦੇ ਮੀਟਿੰਗ-ਹਾਲ ਵਿੱਚ ਹੋਇਆ। ਸਮਾਗ਼ਮ ਦੇ ਮੁੱਖ-ਮਹਿਮਾਨ ਤੇ ਬੁਲਾਰੇ ਉੱਘੇ ਇਤਿਹਾਸਕਾਰ ਤੇ 'ਇੰਡੀਅਨ ਐੱਕਸਪਰੈੱਸ' ਦੇ ਸਾਬਕਾ ਪੱਤਰਕਾਰ ਜਗਤਾਰ ਸਿੰਘ ਸਨ। ਪ੍ਰਧਾਨਗੀ-ਮੰਡਲ ਵਿੱਚ ਉਨ੍ਹਾਂ ਦੇ ਨਾਲ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ, ਚੇਅਰਪਰਸਨ ਅਜਾਇਬ ਸਿੰਘ ਸੰਘਾ, ਸ਼ਮਸ਼ੇਰ ਸਿੰਘ ਅਤੇ ਸੁਰਿੰਦਰਜੀਤ ਕੌਰ ਸੁਸ਼ੋਭਿਤ ਸਨ। ਸਮਾਗ਼ਮ ਦੇ ਆਰੰਭ ਵਿੱਚ ਮਲੂਕ ਸਿੰਘ ਕਾਹਲੋਂ ਨੇ ਸਮਾਗ਼ਮ ਦੇ ਮੁੱਖ-ਮਹਿਮਾਨ, ਸਮੂਹ ਮਹਿਮਾਨਾਂ ਤੇ ਮੈਂਬਰਾਂ ਦਾ ਸੁਆਗ਼ਤ ਕਰਦਿਆਂ ਹੋਇਆਂ ਨਿੱਘੀ 'ਜੀ-ਆਇਆਂ' ਕਹੀ।

ਉਪਰੰਤ, ਮੰਚ-ਸੰਚਾਲਕ ਤਲਵਿੰਦਰ ਮੰਡ ਵੱਲੋਂ ਮੁੱਖ-ਬੁਲਾਰੇ ਜਗਤਾਰ ਸਿੰਘ ਹੁਰਾਂ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੱਤਰਕਾਰੀ ਦੇ ਖ਼ੇਤਰ ਵਿੱਚ ਪੱਤਰਕਾਰਾਂ ਬਹੁਤ ਸਾਰੀਆਂ ਮੁਸ਼ਕਿਲਾਂ ਨਾਲ ਜੂਝਣਾ ਪੈਂਦਾ ਹੈ, ਖ਼ਾਸ ਤੌਰ ਉਨ੍ਹਾਂ ਨੂੰ ਜੋ ਇਹ ਕਠਨ ਕਾਰਜ ਪੂਰੀ ਇਮਾਨਦਾਰੀ ਤੇ ਦਿਆਨਤਦਾਰੀ ਨਾਲ ਨਿਭਾਉਂਦੇ ਹਨ। ਉਨ੍ਹਾਂ ਦੱਸਿਆ ਕਿ ਸਮੇਂ ਦੀਆਂ ਸਰਕਾਰਾਂ ਵੱਲੋਂ ਮੀਡੀਆ ਦੇ ਵੱਡੇ ਚੈਨਲ ਤੇ ਅਖ਼ਬਾਰੀ ਅਦਾਰੇ 'ਖ਼ਰੀਦ' ਲਏ ਜਾਂਦੇ ਹਨ ਅਤੇ ਉਹ ਫਿਰ ਸਰਕਾਰ ਚਲਾ ਰਹੀ ਪਾਰਟੀ ਦੀਆਂ ਪਾਲਸੀਆਂ ਤੇ ਉਸਦੀ ਵਿਚਾਰਧਾਰਾ ਦੇ ਹੀ ਸੋਹਲੇ ਗਾਉਂਦੇ ਹਨ। ਉਨ੍ਹਾਂ ਕਿਹਾ ਕਿ ਪੱਤਰਕਾਰੀ ਵਿੱਚ ਵੀ ਪੱਤਰਕਾਰਾਂ ਦੇ ਅੱਗੋਂ ਕਈ ਗਰੁੱਪ ਬਣ ਜਾਂਦੇ ਹਨ। ਇੱਕ ਗਰੁੱਪ ਰਾਜਸੱਤਾ 'ਤੇ ਕਾਬਜ਼ ਪਾਰਟੀ ਦੀਆਂ ਪਾਲਸੀਆਂ ਨੂੰ ਅੰਜਾਮ ਦੇਣ ਵਾਲਿਆਂ ਦਾ ਅਤੇ ਦੂਸਰਾ ਨਿਧੜਕ ਤੇ ਨਿਡਰ ਹੋ ਕੇ ਲਿਖਣ ਵਾਲਿਆਂ ਦਾ ਬਣ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਪਿਛਲੀ ਸਦੀ ਦੇ 80'ਵਿਆਂ ਵਿੱਚ ਪੱਤਰਕਾਰਾਂ ਨੂੰ ਅਨੇਕਾਂ ਕਠਨਾਈਆਂ ਦਾ ਸਾਹਮਣਾ ਕਰਨਾ ਪਿਆ। ਇਸ ਦੌਰਾਨ ਉਨ੍ਹਾਂ ਭਾਰਤ ਅਤੇ ਪੰਜਾਬ ਦੇ ਅਜੋਕੇ ਹਾਲਾਤ ਬਾਰੇ ਵੀ ਕੁਝ ਟਿਪਣੀਆਂ ਕੀਤੀਆਂ ਅਤੇ ਪੰਜਾਬ ਦੇ ਇਤਿਹਾਸ ਬਾਰੇ ਲਿਖੀਆਂ ਗਈਆਂ ਆਪਣੀਆਂ ਪੁਸਤਕਾਂ ਬਾਰੇ ਵੀ ਜ਼ਿਕਰ ਕੀਤਾ। ਪ੍ਰਧਾਨਗੀ-ਮੰਡਲ ਵਿੱਚੋਂ ਬਲਰਾਜ ਚੀਮਾ, ਕਰਨ ਅਜਾਇਬ ਸਿੰਘ ਸੰਘਾ ਤੇ ਸੁਰਿੰਦਰਜੀਤ ਕੌਰ ਵੱਲੋਂ ਅਤੇ ਸਰੋਤਿਆਂ ਵਿੱਚੋਂ ਮਲੂਕ ਸਿੰਘ ਕਾਹਲੋਂ, ਡਾ. ਜਗਮੋਹਨ ਸੰਘਾ, ਤਲਵਿੰਦਰ ਮੰਡ, ਸੁਰਜੀਤ ਸਿੰਘ ਵਿਰਕ, ਸੁੱਚਾ ਸਿੰਘ ਮਾਂਗਟ, ਰਾਜਕੁਮਾਰ ਓਸ਼ੋਰਾਜ ਤੇ ਹਰਜੀਤ ਸਿੰਘ ਬਾਜਵਾ ਵੱਲੋਂ ਉਨ੍ਹਾਂ ਨੂੰ ਕਈ ਸੁਆਲ ਪੁੱਛੇ ਗਏ ਜਿਨਾਂ ਦੇ ਜੁਆਬ ਉਨ੍ਹਾਂ ਵੱਲੋਂ ਤਸੱਲੀਪੂਰਵਕ ਦਿੱਤੇ ਗਏ।

ਸਮਾਗ਼ਮ ਦੇ ਦੂਸਰੇ ਬੁਲਾਰੇ 'ਪ੍ਰਾਈਮ ਏਸ਼ੀਆ ਟੀ.ਵੀ.' ਦੇ ਹੋਸਟ ਪਰਮਵੀਰ ਬਾਠ ਨੇ ਪੰਜਾਬੀ ਰੇਡੀਓ ਤੇ ਟੀ.ਵੀ. ਚੈਨਲਾਂ ਅਤੇ ਪੰਜਾਬੀ ਸਾਹਿਤਕ ਸੰਸਥਾਵਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਜਿੱਥੇ ਇਹ ਪੰਜਾਬੀ ਸੰਸਕ੍ਰਿਤਕ ਪ੍ਰੰਪਰਾਵਾਂ ਤੇ ਸਮਾਜਿਕ ਕਦਰਾਂ-ਕੀਮਤਾਂ ਨੂੰ ਅੱਗੇ ਤੋਰ ਰਹੇ ਹਨ, ਉੱਥੇ ਕੁਝ ਲੋਕ ਅਜਿਹੇ ਵੀ ਹਨ ਜਿਨ੍ਹਾਂ ਕਰਕੇ ਪੰਜਾਬੀਅਤ ਅਤੇ ਪੰਜਾਬੀ ਭਾਸ਼ਾ ਦਾ ਨਿਰਾਦਰ ਹੋ ਰਿਹਾ ਹੈ। ਸਭਾ ਦੇ ਮੈਂਬਰਾਂ ਤੇ ਸਰੋਤਿਆਂ ਨੂੰ ਅਜਿਹੇ ਸਮਾਗ਼ਮਾਂ ਵਿੱਚ ਮਿਲ਼ ਬੈਠ ਕੇ ਵਿਚਾਰ-ਚਰਚਾ ਕਰਨ ਲਈ ਮੁਬਾਰਕਬਾਦ ਦਿੰਦਿਆਂ ਹੋਇਆਂ ਉਨ੍ਹਾਂ ਕਿਹਾ ਕਿ ਤੁਸੀ ਸਾਰੇ ਕਰਮਾਂ-ਭਾਗਾਂ ਵਾਲੇ ਹੋ ਜੋ ਇਸ ਤਰ੍ਹਾਂ ਦੇ ਸਾਹਿਤਕ ਸਮਾਗ਼ਮਾਂ ਵਿੱਚ ਆਉਣ ਲਈ ਸਮਾਂ ਕੱਢਦੇ ਹੋ। ਇੱਥੋਂ ਬੜਾ ਕੁਝ ਸਿੱਖਣ ਲਈ ਮਿਲਦਾ ਹੈ। ਇਸ ਦੌਰਾਨ ਸਮਾਗ਼ਮ ਨੂੰ ਕੰਪਿਊਟਰ ਮਾਹਿਰ ਕ੍ਰਿਪਾਲ ਸਿੰਘ ਪੰਨੂੰ ਅਤੇ ਇੰਜੀ. ਈਸ਼ਰ ਸਿੰਘ ਨੇ ਵੀ ਸੰਬੋਧਨ ਕੀਤਾ। ਪ੍ਰਧਾਨਗੀ-ਮੰਡਲ ਵਿੱਚੋਂ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਇਸ ਸੈਸ਼ਨ ਦੀ ਕਾਰਵਾਈ ਨੂੰ ਬੜੇ ਸਾਰਥਿਕ ਸ਼ਬਦਾਂ ਵਿੱਚ ਸਮੇਟਿਆ ਗਿਆ ਅਤੇ ਬਲਰਾਜ ਚੀਮਾ ਵੱਲੋਂ ਸਮੂਹ ਬੁਲਾਰਿਆਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਮੁੱਖ-ਮਹਿਮਾਨ ਜਗਤਾਰ ਸਿੰਘ ਤੇ ਉਨ੍ਹਾਂ ਦੀ ਸੁਪਤਨੀ ਨੂੰ ਸਭਾ ਵੱਲੋਂ ਸਰਟੀਫ਼ੀਕੇਟ, ਦਸਤਾਰ ਅਤੇ ਸ਼ਾਨਦਾਰ ਸ਼ਾਲ ਨਾਲ ਸਨਮਾਨਿਤ ਕੀਤਾ ਗਿਆ।

ਸਮਾਗ਼ਮ ਦੇ ਦੂਸਰੇ ਭਾਗ ਵਿੱਚ ਕਵੀ-ਦਰਬਾਰ ਦਾ ਸੰਚਾਲਨ ਡਾ. ਜਗਮੋਹਨ ਸੰਘਾ ਵੱਲੋਂ ਕੀਤਾ ਗਿਆ। ਇਸ ਸੈਸ਼ਨ ਦੇ ਪ੍ਰਧਾਨਗੀ-ਮੰਡਲ ਵਿੱਚ ਪ੍ਰੋ. ਆਸ਼ਿਕ ਰਹੀਲ, ਇਕਬਾਲ ਬਰਾੜ, ਪ੍ਰਿੰ. ਗਿਆਨ ਸਿੰਘ ਘਈ, ਹਰਜੀਤ ਸਿੰਘ ਬਾਜਵਾ ਅਤੇ ਸੁਖਚਰਨਜੀਤ ਕੌਰ ਗਿੱਲ ਸਨ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰੌੜ੍ਹ-ਕਵੀ ਪ੍ਰੀਤਮ ਧੰਜਲ ਦੀ ਸੰਜੀਦਾ ਕਵਿਤਾ ਨਾਲ ਕੀਤੀ ਗਈ। ਉਪਰੰਤ, ਵਾਰੋ-ਵਾਰੀ ਜੱਸੀ ਭੁੱਲਰ, ਰਾਜਕੁਮਾਰ ਓਸ਼ੋਰਾਜ, ਹਰਮੇਸ਼ ਜੀਂਦੋਵਾਲ, ਮਕਸੂਦ ਚੌਧਰੀ, ਅਮਰ ਸਿੰਘ ਪੰਛੀ, ਕਰਨ ਅਜਾਇਬ ਸੰਘਾ, ਤਲਵਿੰਦਰ ਮੰਡ, ਪਰਮਜੀਤ ਢਿੱਲੋਂ, ਇਕਬਾਲ ਬਰਾੜ, ਸੁਰਜੀਤ ਕੌਰ, ਹਰਜੀਤ ਬੰਮਰਾ, ਬਲਬੀਰ ਰਾਇਕੋਟੀ, ਪ੍ਰੋ. ਆਸ਼ਿਕ ਰਹੀਲ, ਅਜੀਤ ਸਿੰਘ ਲਾਇਲ, ਹਰਜੀਤ ਸਿੰਘ ਬਾਜਵਾ, ਪਿਆਰਾ ਸਿੰਘ ਕੁੱਦੋਵਾਲ, ਹਰਦਿਆਲ ਝੀਤਾ, ਮਲੂਕ ਸਿੰਘ ਕਾਹਲੋਂ, ਸਤਪਾਲ ਸਿੰਘ ਕੋਮਲ, ਜਗਮੋਹਨ ਸੰਘਾ ਤੇ ਹੋਰ ਕਈਆਂ ਵੱਲੋਂ ਆਪਣੀਆਂ ਕਵਿਤਾਵਾਂ ਤੇ ਗੀਤ ਪੇਸ਼ ਕੀਤੇ ਗਏ। ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਸੁਖਚਰਨਜੀਤ ਕੌਰ ਗਿੱਲ ਵੱਲੋਂ ਸਮਾਗ਼ਮ ਦੇ ਸਮੂਹ ਬੁਲਾਰਿਆਂ। ਕਵੀਆਂ-ਕਵਿੱਤਰੀਆਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਸਮਾਗ਼ਮ ਵਿੱਚ ਪ੍ਰੋ. ਸਿਕੰਦਰ ਸਿੰਘ ਗਿੱਲ, ਰਮਿੰਦਰ ਵਾਲੀਆ, ਰਿੰਟੂ ਭਾਟੀਆ, ਹਰਭਿੰਦਰ ਕੌਰ, ਮਿਸਿਜ਼ ਘਈ, ਮਿਸਿਜ਼ ਸ਼ਮਸ਼ੇਰ ਸਿੰਘ ਸਮੇਤ ਕਈ ਹੋਰ ਹਾਜ਼ਰ ਸਨ।

# ਵਿਧਾਇਕ ਵਿਜੇ ਸਿੰਗਲਾ ਦਾ ਦੁਬਾਰਾ ਖੁੱਲ੍ਹੇਗਾ ਭ੍ਰਿਸ਼ਟਾਚਾਰ ਕੇਸ



ਮੋਹਾਲੀ: ਹਲਕਾ ਮਾਨਸਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਵਿਜੇ ਸਿੰਗਲਾ ਦੇ ਭ੍ਰਿਸ਼ਟਾਚਾਰ ਦੇ ਕੇਸ ਦੀਆਂ ਮੁੜ ਪਰਤਾਂ ਖੁੱਲ੍ਹਣਗੀਆਂ ਕਿਉਂਕਿ ਮੋਹਾਲੀ ਵਿਚ ਦਰਜ ਇਕ ਹੋਰ ਐਫ਼.ਆਈ.ਆਰ. ਵਿਚ ਵਿਜੇ ਸਿੰਗਲਾ ਮਾਮਲੇ ਦਾ ਜ਼ਿਕਰ ਹੈ। ਦਸਿਆ ਜਾ ਰਿਹਾ ਹੈ ਕਿ ਵਿਜੇ ਸਿੰਗਲਾ ਦੇ ਕਥਿਤ ਆਡੀਓ ਨਾਲ ਛੇੜਛਾੜ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸੂਤਰਾਂ ਅਨੁਸਾਰ, ਸਾਬਕਾ ਐਫ਼.ਐਸ.ਐਲ. ਡਾਇਰੈਕਟਰ ਅਸ਼ਵਨੀ ਕਾਲੀਆ ਸਬੂਤ ਨਸ਼ਟ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। FSL ਦੇ ਸਾਬਕਾ ਡਾਇਰੈਕਟਰ ਅਸ਼ਵਨੀ ਕਾਲੀਆ ਨੇ ਅਸਲੀ ਰਿਪੋਰਟ ਬਦਲੀ ਸੀ ? ਹੁਣ ਇਸ ਮਾਮਲੇ ਦੀ ਜਾਂਚ ਪੁਲਿਸ ਕਰੇਗੀ। ਅਸ਼ਵਨੀ ਕਾਲੀਆ 'ਤੇ SC/ST ਐਕਟ ਲੱਗਿਆ ਹੈ। ਜਿਸ ਤੋਂ ਬਾਅਦ ਵੱਡੇ ਖੁਲਾਸੇ ਹੋਣਗੇ। ਦੱਸ ਦਈਏ ਕਿ ਸਾਬਕਾ ਮੰਤਰੀ ਵਿਜੇ ਸਿੰਗਲਾ ਨੂੰ ਭ੍ਰਿਸ਼ਟਾਚਾਰ ਮਾਮਲੇ ਵਿਚ ਕਲੀਨ ਚਿੱਟ ਮਿਲ ਚੁੱਕੀ ਹੈ। ਦਸਿਆ ਜਾ ਰਿਹਾ ਹੈ ਕਿ ਪਿਛਲੇ ਮਹੀਨੇ ਮੋਹਾਲੀ ਪੁਲਿਸ ਨੇ ਸਾਬਕਾ ਸਿਹਤ ਮੰਤਰੀ ਵਿਜੇ ਸਿੰਗਲਾ ਅਤੇ ਉਨ੍ਹਾਂ ਦੇ ਓ.ਐਸ.ਡੀ. ਪ੍ਰਦੀਪ ਕੁਮਾਰ ਵਿਰੁਧ ਫੇਜ਼-8 ਥਾਣਾ ਮੋਹਾਲੀ ਵਿਚ ਭ੍ਰਿਸ਼ਟਾਚਾਰ ਐਕਟ ਦੀ ਧਾਰਾ 7 ਅਤੇ 8 ਤਹਿਤ ਦਰਜ ਕੀਤੇ ਗਏ ਮਾਮਲੇ ਵਿਚ ਸਿੰਗਲਾ ਨੂੰ ਕਲੀਨ ਚਿੱਟ ਦੇ ਦਿਤੀ ਸੀ। ਜਿਸ ਤੋਂ ਬਾਅਦ ਕੇਸ ਰੱਦ ਕਰਨ ਲਈ ਮੋਹਾਲੀ ਅਦਾਲਤ ਵਿਚ ਕਲੋਜ਼ਰ ਰਿਪੋਰਟ ਦਾਇਰ ਕੀਤੀ ਗਈ ਸੀ।

# ਸੁਖਬੀਰ ਕਹਿੰਦਾ ਸਾਰੇ ਕੰਮ ਵੱਡੇ ਬਾਦਲ ਸਾਬ੍ਹ ਨੇ ਕਰਵਾਏ ਹਨ ਫਿਰ ਲੋਕਾਂ ਨੇ ਤੁਹਾਨੂੰ ਵੋਟਾਂ ਕਿਉਂ ਨਹੀਂ ਪਾਈਆਂ: ਭਗਵੰਤ ਮਾਨ



ਚਮਕੌਰ ਸਾਹਿਬ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ੍ਰੀ ਚਮਕੌਰ ਸਾਹਿਬ ਵਿਖੇ 14 ਕਰੋੜ ਦੀ ਲਾਗਤ ਨਾਲ ਉਸਾਰੀ ਹਸਪਤਾਲ ਦੀ ਨਵੀਂ ਇਮਾਰਤ ਦਾ ਉਦਘਾਟਨ ਕੀਤਾ। ਇਸ ਮੌਕੇ ਮੁੱਖ ਮੰਤਰੀ ਅਕਾਲੀ ਦਲ ਉੱਤੇ ਨਿਸ਼ਾਨੇ ਸਾਧੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਸੁਖਬੀਰ ਕਹਿੰਦਾ ਸਾਰੇ ਕੰਮ ਵੱਡੇ ਬਾਦਲ ਸਾਬ੍ਹ ਨੇ ਕਰਵਾਏ ਹਨ ਫਿਰ ਲੋਕਾਂ ਨੇ ਤੁਹਾਨੂੰ ਵੋਟਾਂ ਕਿਉਂ ਨਹੀਂ ਪਾਈਆਂ। ਸਾਰੀ ਲੁੱਟ ਹੀ ਵੱਡੇ ਬਾਦਲ ਨੇ ਕੀਤੀ ਹੈ। ਅਕਾਲੀ ਦਲ ਦੇ 2-3 ਟੋਟੇ ਹੋ ਗਏ ਹਨ। ਅਕਾਲੀ ਦਲ ਨੇ ਹੀ ਲੋਕਾਂ ਦੇ ਘਰਾਂ ਵਿੱਚ ਸੱਥਰ ਵਿਛਾਏ ਹਨ। ਉਨ੍ਹਾਂ ਨੇ ਕਿਹਾ ਹੈ ਕਿ ਅਕਾਲੀ ਦਲ ਨੇ ਆਪਣੇ ਕਾਰਜਕਾਲ ਦੌਰਾਨ ਹੀ ਪੰਜਾਬ ਦੀ ਲੁੱਟ ਕੀਤੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਬਿਕਰਮ ਮਜੀਠੀਆ ਉੱਤੇ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਨੇ ਕਿਹਾ ਹੈ ਕਿ ਜੋ ਵੀ ਪੰਜਾਬ ਵਿੱਚ ਨਸ਼ੇ ਦੇ ਕਾਰੋਬਾਰ ਕਰਦੇ ਹਨ ਉਨ੍ਹਾਂ ਨੂੰ ਬਖਸ਼ਿਆ ਜਾਵੇਗਾ ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਮਹਾਰਾਸ਼ਟਰ 'ਚ ਮੀਂਹ ਨੇ ਮਚਾਈ ਤਬਾਹੀ

## ਨਾਂਦੇੜ ਸਾਹਿਬ 'ਚ ਭਾਰੀ ਤਬਾਹੀ, 8 ਮੌਤਾਂ



ਪਿਛਲੇ ਕੁਝ ਦਿਨਾਂ ਤੋਂ ਮਹਾਰਾਸ਼ਟਰ ਵਿੱਚ ਹੋ ਰਹੀ ਬਾਰਿਸ਼ ਨੇ ਲੋਕਾਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਹੁਣ ਤੱਕ ਰਾਜ ਵਿੱਚ ਲਗਾਤਾਰ ਬਾਰਿਸ਼ ਅਤੇ ਹੜ੍ਹਾਂ ਕਾਰਨ 14 ਲੋਕਾਂ ਦੀ ਮੌਤ ਹੋ ਚੁੱਕੀ ਹੈ। ਜਦੋਂ ਕਿ ਸੈਂਕੜੇ ਲੋਕਾਂ ਨੂੰ ਬਚਾਇਆ ਗਿਆ ਹੈ। ਨੰਦੇੜ ਵਿੱਚ ਬੱਦਲ ਫਟਣ ਕਾਰਨ ਆਏ ਹੜ੍ਹਾਂ ਵਿੱਚ ਅੱਠ ਲੋਕਾਂ ਦੀ ਮੌਤ ਹੋ ਗਈ। ਜਦੋਂ ਕਿ ਵੱਖ-ਵੱਖ ਘਟਨਾਵਾਂ ਵਿੱਚ ਛੇ ਲੋਕਾਂ ਨੇ ਆਪਣੀ ਜਾਨ ਗੁਆ ਦਿੱਤੀ। ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਲੋਕਾਂ ਨੂੰ ਕਿਹਾ ਹੈ ਕਿ ਅਗਲੇ 48 ਘੰਟੇ ਬਹੁਤ ਮਹੱਤਵਪੂਰਨ ਹਨ, ਉਨ੍ਹਾਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਇਸ ਦੇ ਨਾਲ ਹੀ, ਮੀਂਹ ਕਾਰਨ ਪਟੜੀ 'ਤੇ ਪਾਣੀ ਭਰਨ ਕਾਰਨ, ਕੇਂਦਰੀ ਰੇਲਵੇ ਨੇ ਸੱਤ ਜੋੜੇ ਰੇਲਗੱਡੀਆਂ ਰੱਦ ਕਰ ਦਿੱਤੀਆਂ ਹਨ। ਕਈ ਰੇਲਗੱਡੀਆਂ ਦਾ ਰੂਟ ਬਦਲ ਦਿੱਤਾ ਗਿਆ ਹੈ।

ਨੰਦੇੜ ਜ਼ਿਲ੍ਹੇ ਵਿੱਚ ਬੱਦਲ ਫਟਣ ਕਾਰਨ ਆਏ ਹੜ੍ਹਾਂ ਵਿੱਚ ਅੱਠ ਲੋਕਾਂ ਦੀ ਮੌਤ ਹੋ ਗਈ। ਜਦੋਂ ਕਿ ਮੁੰਬਈ ਵਿੱਚ ਲਗਭਗ 300 ਮਿਲੀਮੀਟਰ ਬਾਰਿਸ਼ ਦਰਜ ਕੀਤੀ ਗਈ। ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕਿਹਾ ਕਿ ਰਾਜ ਦੇ ਵੱਖ-ਵੱਖ ਹਿੱਸਿਆਂ ਵਿੱਚ ਭਾਰੀ ਬਾਰਿਸ਼ ਕਾਰਨ 12 ਤੋਂ 14 ਲੱਖ ਏਕੜ ਜ਼ਮੀਨ 'ਤੇ ਫਸਲਾਂ ਤਬਾਹ ਹੋ ਗਈਆਂ ਹਨ। ਮੁੰਬਈ ਦੀ ਜੀਵਨ ਰੇਖਾ ਕਹੀਆਂ ਜਾਣ ਵਾਲੀਆਂ ਸਥਾਨਕ ਰੇਲਗੱਡੀਆਂ ਜਾਂ ਤਾਂ ਹੌਲੀ ਹੋ ਗਈਆਂ ਹਨ ਜਾਂ ਦੇਰ ਨਾਲ ਚੱਲ ਰਹੀਆਂ ਹਨ। ਮੁੰਬਈ ਵਿੱਚ ਮਿੱਠੀ ਨਦੀ ਖ਼ਤਰੇ ਦੇ ਨਿਸ਼ਾਨ 'ਤੇ ਪਹੁੰਚ ਗਈ ਹੈ ਅਤੇ 400 ਤੋਂ 500 ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣਾ ਪਿਆ। ਉਪ ਮੁੱਖ ਮੰਤਰੀ ਏਕਨਾਥ ਸ਼ਿੰਦੇ ਸਥਿਤੀ ਦੀ ਨਿਗਰਾਨੀ ਕਰ ਰਹੇ ਹਨ। ਮੁੱਖ ਮੰਤਰੀ ਨੇ ਦੱਸਿਆ ਕਿ ਨਾਂਦੇੜ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚੋਂ 290 ਤੋਂ ਵੱਧ ਲੋਕਾਂ ਨੂੰ ਬਚਾਇਆ ਗਿਆ ਹੈ। ਰਾਜ ਆਫ਼ਤ ਪ੍ਰਤੀਕਿਰਿਆ ਬਲ (SDRF) ਅਤੇ ਫੌਜ ਨੂੰ ਖੇਤਰ ਵਿੱਚ ਤਾਇਨਾਤ ਕੀਤਾ ਗਿਆ ਹੈ।

ਮੌਸਮ ਵਿਭਾਗ ਦੇ ਅਨੁਸਾਰ, ਬੰਗਾਲ ਦੀ ਖਾੜੀ ਉੱਤੇ ਬਣੇ ਘੱਟ ਦਬਾਅ ਵਾਲੇ ਖੇਤਰ ਅਤੇ ਮੌਨਸੂਨ ਦੀਆਂ ਹਵਾਵਾਂ ਦੇ ਤੇਜ਼ ਹੋਣ ਕਾਰਨ ਭਾਰੀ ਬਾਰਿਸ਼ ਹੋਈ। ਭਾਰਤ ਮੌਸਮ ਵਿਭਾਗ ਪੁਣੇ ਦੇ ਸੀਨੀਅਰ ਵਿਗਿਆਨੀ ਨੇ ਕਿਹਾ ਕਿ ਇਸ ਪ੍ਰਣਾਲੀ ਨੇ ਉੱਤਰੀ ਕੋਂਕਣ ਤੋਂ ਕੇਰਲ ਤੱਕ ਫੈਲੀ ਇੱਕ ਟ੍ਰਫ਼ ਨੂੰ ਸਰਗਰਮ ਕਰ ਦਿੱਤਾ ਹੈ। ਇਸ ਕਾਰਨ ਕੋਂਕਣ, ਮੱਧ ਮਹਾਰਾਸ਼ਟਰ ਅਤੇ ਘਾਟਾਂ 'ਤੇ ਬਹੁਤ ਭਾਰੀ ਤੋਂ ਬਹੁਤ ਜ਼ਿਆਦਾ ਭਾਰੀ ਬਾਰਿਸ਼ ਹੋ ਰਹੀ ਹੈ, ਜਦੋਂ ਕਿ ਰਾਜ ਦੇ ਬਾਕੀ ਹਿੱਸਿਆਂ ਵਿੱਚ ਦਰਮਿਆਨੀ ਬਾਰਿਸ਼ ਹੋ ਰਹੀ ਹੈ। ਆਈਐਮਡੀ ਨੇ ਅਗਲੇ ਦੋ ਦਿਨਾਂ ਲਈ ਕੋਂਕਣ ਅਤੇ ਮੱਧ ਮਹਾਰਾਸ਼ਟਰ ਦੇ ਕੁਝ ਹਿੱਸਿਆਂ ਵਿੱਚ, ਮੁੰਬਈ ਸਮੇਤ, ਭਾਰੀ ਬਾਰਿਸ਼ ਦੀ ਭਵਿੱਖਬਾਣੀ ਕੀਤੀ ਹੈ, ਜਦੋਂ ਕਿ ਮਰਾਠਵਾੜਾ ਅਤੇ ਵਿਦਰਭ ਵਿੱਚ ਇੱਕ ਸੰਤਰੀ ਚੇਤਾਵਨੀ ਜਾਰੀ ਕੀਤੀ ਗਈ ਹੈ।

# ਰਾਘਵ ਧਵਨ ਨੇ 100 ਮੀਲ ਦੀ ਟੈਲੀ ਇਨ ਦ ਵੈਲੀ ਟ੍ਰੇਲ ਰੇਸ ਰਿਕਾਰਡ ਸਮੇਂ ਵਿੱਚ ਪੂਰੀ ਕੀਤੀ



ਸਟਾਰ ਨਿਊਜ਼:- ਇਸ ਸਾਲ ਜੁਲਾਈ ਵਿੱਚ ਟੈਲੀ ਇਨ ਦ ਵੈਲੀ ਟ੍ਰੇਲ ਰੇਸ ਹਮਿਲਟਨ ਦੇ ਡੰਡਾਸ ਕੰਜ਼ਰਵੇਸ਼ਨ ਏਰੀਆ ਵਿਖੇ ਹੋਈ। ਹਰ ਸਾਲ ਇਸ ਰੇਸ ਵਿੱਚ ਬਹੁਤ ਸਾਰੇ ਦੌੜਾਕ ਹਿੱਸਾ ਲੈਂਦੇ ਹਨ। 100 ਮੀਲ ਤਕਰੀਬਨ 160 ਕਿਲੋਮੀਟਰ ਦੀ ਇਸ ਰੇਸ ਵਿੱਚ ਇਸ ਸਾਲ ਕਿਚਨਰ ਦੇ ਰਾਘਵ ਧਵਨ ਵਲੋਂ ਵੀ ਹਿੱਸਾ ਲਿਆ ਗਿਆ ਅਤੇ ਇਸ ਨੂੰ 29 ਘੰਟੇ 43 ਮਿੰਟ 29 ਸਕਿੰਟ ਵਿੱਚ ਪੂਰਾ ਕੀਤਾ ਗਿਆ। ਰਾਘਵ ਧਵਨ ਦੇ ਦੱਸਿਆ ਕਿ ਇਸ ਸਾਲ 22 ਅਪ੍ਰੈਲ ਨੂੰ ਮੈਂ 19 ਦਿਨਾਂ ਦੀ ਸੋਚ ਵਿਚਾਰ ਤੋਂ ਬਾਅਦ ਕਿ ਮੈਨੂੰ ਇਸ ਰੇਸ ਵਿੱਚ ਦਾਖਲਾ ਲੈਣਾ ਚਾਹੀਦਾ ਹੈ ਜਾਂ ਨਹੀਂ, ਆਖ਼ਰਕਾਰ ਮੈਂ 100 ਮੀਲ ਦੀ ਰੇਸ ਦੌੜਣ ਦਾ ਫ਼ੈਸਲਾ ਕਰ ਲਿਆ। ਮੈਨੂੰ ਪਤਾ ਸੀ ਕਿ ਇਹ ਮੇਰੀ ਜ਼ਿੰਦਗੀ ਦੇ ਸਭ ਤੋਂ ਔਖੇ ਕੰਮਾਂ ਵਿੱਚੋਂ ਇੱਕ ਹੋਵੇਗਾ, ਪਰ ਮੈਂ ਆਪਣੀਆਂ ਹੱਦਾਂ ਦੀ ਪਰਖ ਕਰਨਾ ਚਾਹੁੰਦਾ ਸੀ ਅਤੇ ਆਪਣੇ ਆਪ ਨੂੰ ਸਾਬਤ ਕਰਨਾ ਚਾਹੁੰਦਾ ਸੀ ਕਿ ਮੈਂ ਉਹ ਕਰ ਸਕਦਾ ਹਾਂ ਜੋ ਜ਼ਿਆਦਾਤਰ ਲੋਕ ਸੋਚਦੇ ਵੀ ਨਹੀਂ। ਆਪਣੀ ਬਾਡੀ ਅਤੇ ਆਪਣੇ ਆਪ ਨੂੰ ਮਾਨਸਿਕ ਤੌਰ 'ਤੇ ਤਿਆਰ ਕਰਨ ਲਈ ਮੇਰੇ ਕੋਲ 95 ਦਿਨ ਸਨ। ਟ੍ਰੇਨਿੰਗ ਬਹੁਤ ਕਠਿਨ ਸੀ—ਸਵੇਰੇ ਜਲਦੀ ਉੱਠਣਾ, ਸਕੂਲ ਤੋਂ ਬਾਅਦ ਲੰਬੀਆਂ ਦੌੜਾਂ ਲਗਾਉਣੀਆਂ, ਤੇ ਉਹ ਦਿਨ ਵੀ ਜਿਨ੍ਹਾਂ 'ਚ ਮੇਰਾ ਸਰੀਰ ਮੈਨੂੰ ਰੁਕਣ ਲਈ ਕਹਿੰਦਾ ਸੀ। ਸਕੂਲ ਦਾ ਕੰਮ ਅਤੇ ਟ੍ਰੇਨਿੰਗ ਦਾ ਸੰਤੁਲਨ ਰੱਖਣਾ ਆਸਾਨ ਨਹੀਂ ਸੀ, ਪਰ ਮੈਂ ਆਪਣੇ ਆਪ ਨੂੰ ਯਾਦ ਦਵਾਉਂਦਾ ਸੀ ਕਿ ਮੈਂ ਇਹ ਸਭ ਕਿਉਂ ਕਰ ਰਿਹਾ ਹਾਂ। ਮੇਰੀ ਸਭ ਤੋਂ ਵੱਡੀ ਟ੍ਰੇਨਿੰਗ ਦੌੜ 50 ਕਿਮੀ ਸੀ, ਅਤੇ ਉਸ ਵੇਲੇ ਵੀ ਮੈਨੂੰ ਹਾਰ ਮੰਨਣ ਦਾ ਮਨ ਕਰਦਾ ਸੀ। ਪਰ ਮੈਂ ਹਮੇਸ਼ਾ ਫਿਨਿਸ਼ ਲਾਈਨ ਬਾਰੇ ਸੋਚਦਾ ਅਤੇ ਉਹ ਮਾਣ ਮਹਿਸੂਸ ਕਰਦਾ ਜੋ ਮੈਨੂੰ ਹੋਵੇਗਾ ਜਦੋਂ ਮੈਂ ਉਹ ਕੰਮ ਕਰਾਂਗਾ ਜੋ ਕਦੇ ਅਸੰਭਵ ਜਾਪਦਾ ਸੀ। ਟ੍ਰੇਨਿੰਗ ਸਿਰਫ਼ ਮੀਲ ਵਧਾਉਣ ਬਾਰੇ ਨਹੀਂ ਸੀ, ਇਹ ਸਬਰ, ਅਨੁਸ਼ਾਸਨ ਅਤੇ ਕਿਸੇ ਵੀ ਹਾਲਤ ਵਿੱਚ ਅੱਗੇ ਵਧਣਾ ਅਤੇ ਸਿੱਖਣ ਬਾਰੇ ਸੀ। ਟੈਲੀ ਇਨ ਦ ਵੈਲੀ ਰੇਸ ਸਵੇਰੇ 3 ਵਜੇ ਸ਼ੁਰੂ ਹੋਈ, 7 ਵਜੇ ਦੀ ਸ਼ੁਰੂਆਤ ਤੋਂ ਪਹਿਲਾਂ ਮੈਂ ਸਪਲਾਈਆਂ ਸੈੱਟ ਕੀਤੀਆਂ। ਰੇਸ 100 ਮੀਲ (160.93 ਕਿਲੋਮੀਟਰ) ਦੀ ਸੀ, ਜੋ 7 ਕਿਲੋਮੀਟਰ ਦੇ ਲੂਪ 'ਤੇ 23 ਵਾਰੀ ਦੌੜਨੀ ਸੀ, ਹਰ ਇੱਕ ਵਿੱਚ ਢਲਾਨ ਅਤੇ ਚੜ੍ਹਾਈ ਸੀ। ਦਿਨ ਦੇ ਸਮੇਂ ਮੌਸਮ ਗਰਮ ਸੀ ਤੇ ਰਾਤ ਨੂੰ ਬਹੁਤ ਹੀ ਗਰਮ ਅਤੇ ਨਮੀ ਵਾਲਾ, ਜਿਸ ਕਰਕੇ ਹਰ ਲੈਪ ਹੋਰ ਔਖਾ ਲੱਗ ਰਿਹਾ ਸੀ। ਮੇਰੀ ਸਭ ਤੋਂ ਵੱਡੀ ਟ੍ਰੇਨਿੰਗ ਦੌੜ 50 ਕਿਲੋਮੀਟਰ ਸੀ, ਇਸ ਲਈ ਬਾਕੀ ਦੇ 110 ਕਿਲੋਮੀਟਰ ਮੇਰੇ ਲਈ ਬਿਲਕੁਲ ਨਵੇਂ ਸਨ। ਸ਼ੁਰੂ ਵਿੱਚ ਮੈਂ ਕੋਸ਼ਿਸ਼ ਕੀਤੀ ਕਿ ਹਰ ਲੈਪ 45 ਮਿੰਟਾਂ ਵਿੱਚ ਦੌੜਾਂ ਅਤੇ 15 ਮਿੰਟ ਦਾ ਅਰਾਮ ਲਵਾਂ, ਪਰ ਥਕਾਵਟ ਨਾਲ ਮੇਰੀ ਗਤੀ ਹੌਲੀ ਹੋ ਜਾਂਦੀ ਸੀ। ਅੱਧੀ ਰਾਤ ਦੇ ਨੇੜੇ, ਮੈਂ ਥੱਕ ਕੇ ਅਤੇ ਦਰਦ ਕਰਕੇ, ਮੈਂ ਜ਼ਮੀਨ 'ਤੇ ਬੈਠ ਗਿਆ ਤੇ ਸੋਚਣ ਲੱਗਿਆ ਕਿ ਕੀ ਮੈਂ ਛੱਡ ਦੇਵਾਂ। ਪਰ ਮੇਰੇ ਪੇਸਰ ਮਿਸਟਰ ਬ੍ਰਾਊਨ ਦੀ ਹੌਸਲਾ ਅਫ਼ਜ਼ਾਈ ਨਾਲ ਅਤੇ ਆਪਣੀ ਟ੍ਰੇਨਿੰਗ ਨੂੰ ਯਾਦ ਕਰਦਿਆਂ ਮੈਂ ਮੁੜ ਖੜ੍ਹਾ ਹੋਇਆ ਅਤੇ ਦੌੜਦਾ ਰਿਹਾ। ਆਖ਼ਰੀ 40 ਕਿਲੋਮੀਟਰ ਵਿੱਚ ਮੈਨੂੰ ਪਤਾ ਸੀ ਕਿ ਮੇਰੇ ਕੋਲ ਬ੍ਰੇਕਾਂ ਲਈ ਸਮਾਂ ਨਹੀਂ, ਇਸ ਲਈ ਮੈਂ ਰਸਤੇ ਵਿੱਚ ਹੀ ਖਾਂਦਾ ਰਿਹਾ ਅਤੇ ਦਰਦ ਦੇ ਬਾਵਜੂਦ ਦੌੜਦਾ ਰਿਹਾ। 29 ਘੰਟੇ ਅਤੇ 40 ਮਿੰਟਾਂ ਬਾਅਦ, ਕਟਆਫ਼ ਤੋਂ ਕੁਝ ਮਿੰਟ ਪਹਿਲਾਂ ਹੀ ਮੈਂ ਫਿਨਿਸ਼ ਲਾਈਨ ਪਾਰ ਕਰ ਲਈ। ਇਸ ਰੇਸ ਵਿੱਚ ਮੇਰੀ ਮਦਦ ਕਰਨ ਅਤੇ ਪੇਸ ਕਰਨ ਲਈ ਮੈਂ ਆਪਣੇ ਕੋਚ ਮਿਸਟਰ ਬ੍ਰਾਊਨ ਦਾ ਵੱਡਾ ਧੰਨਵਾਦ ਕਰਦਾ ਹਾਂ, ਅਤੇ ਆਪਣੇ ਮਾਤਾ-ਪਿਤਾ ਦਾ ਵੀ ਧੰਨਵਾਦ ਕਰਦਾ ਹਾਂ ਜਿਹੜੇ ਮੇਰੇ ਨਾਲ ਟ੍ਰੇਨਿੰਗ ਅਤੇ ਰੇਸ ਦੌਰਾਨ ਮੇਰੇ ਨਾਲ ਖੜ੍ਹੇ ਰਹੇ ਅਤੇ ਆਪਣਾ ਪਿਆਰ ਅਤੇ ਸਹਿਯੋਗ ਦਿੱਤਾ। ਉਸ ਪਲ ਵਿੱਚ, ਹਰ ਸੰਘਰਸ਼ ਸਾਰਥਕ ਲੱਗਦਾ—ਮੈਨੂੰ ਮਾਣ ਅਤੇ ਸੁਕੂਨ ਸੀ ਅਤੇ ਇਹ ਅਹਿਸਾਸ ਕਿ ਜੇ ਮੈਂ ਮਨ ਠਾਣ ਲਵਾਂ ਤਾਂ ਮੈਂ ਕੁਝ ਵੀ ਕਰ ਸਕਦਾ ਹਾਂ।

GTA
Plumbing & Electrical Supplies
GTA Plumbling & Electrical Supplies



ONE STOP SHOP
FOR ALL PLUMBING &
ELECTRICAL SUPPLIES

* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250

* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more

Moen, American Standard Pfister, Faucets, ABS, Copper and all type of fitting

905-792-0036
18 Strathearn Ave South A, Unit#25-27
Brampton (Steeles & Dixie)

ਦੇਸੀ ਦਵਾਈਆਂ ਦਾ ਚਮਤਕਾਰ

ਹਰਬਲ ਵਿਆਗਰਾ:-ਮਰਦਾਨਾ ਤਾਕਤ
ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ






ਨਸ਼ਾ ਛੁਡਾਓ
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ

ਔਰਤਾਂ ਤੇ ਮਰਦਾਂ ਦੇ
ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।

ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ



ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ੁਪਾਕੀ, ਐਲਰਜੀ, ਵਾਲ ਝੜਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ

PH: 416-425-0138
514-632-0138

ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜ੍ਹੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

ASK Mortgage Ltd.
Business Loan
Credit Line
Truck/Taxi Loan
New Immigrant Package
416-366-1234



Jaswinder Khosa
416-894-9400
1332 Khalsa Drive Unit 12

# ਡਾਕਟਰ ਨੇ ਦੱਸੇ ਚੁਕੰਦਰ ਦੇ ਹੈਰਾਨ ਕਰ ਦੇਣ ਵਾਲੇ ਨੁਕਸਾਨ



ਸਿਹਤਮੰਦ ਰਹਿਣ ਲਈ ਲੋਕ ਅਕਸਰ ਸਿਹਤਮੰਦ ਖ਼ੁਰਾਕ ਨੂੰ ਆਪਣੀ ਡਾਈਟ 'ਚ ਸ਼ਾਮਲ ਕਰਦੇ ਹਨ। ਬੀਟਰੂਟ ਜਾਂ ਚੁਕੰਦਰ ਇਨ੍ਹਾਂ ਵਿੱਚੋਂ ਇਕ ਹੈ ਜਿਸਨੂੰ ਲੋਕ ਅਕਸਰ ਖ਼ੂਨ ਵਧਾਉਣ ਲਈ ਖਾਂਦੇ ਹਨ। ਕਈ ਲੋਕਾਂ ਦਾ ਇਹ ਮੰਨਣਾ ਹੈ ਕਿ ਚੁਕੰਦਰ ਸਰੀਰ 'ਚ ਖ਼ੂਨ ਦੀ ਘਾਟ ਦੂਰ ਕਰਨ ਲਈ ਇਕ ਵਧੀਆ ਬਦਲ ਹੈ, ਪਰ ਕੀ ਤੁਸੀਂ ਜਾਣਦੇ ਹੋ ਕਿ ਇਹ ਸਿਹਤ ਲਈ ਜ਼ਹਿਰ ਦਾ ਕੰਮ ਕਰ ਸਕਦੀ ਹੈ?

ਹਾਂ, ਤੁਸੀਂ ਬਿਲਕੁਲ ਸਹੀ ਪੜ੍ਹਿਆ ਤੇ ਇਹ ਸਿਰਫ਼ ਸਾਡੇ ਵੱਲੋਂ ਨਹੀਂ, ਸਗੋਂ ਖ਼ੁਦ ਡਾਕਟਰਾਂ ਵੱਲੋਂ ਕਿਹਾ ਜਾ ਰਿਹਾ ਹੈ। ਹਾਲ ਹੀ 'ਚ ਡਾਕਟਰ ਤੁਸ਼ਾਰ ਸਿੰਘ ਰਾਜਪੂਤ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਇਕ ਵੀਡੀਓ ਸਾਂਝੀ ਕਰ ਕੇ ਦੱਸਿਆ ਕਿ ਕਿਵੇਂ ਚੁਕੰਦਰ ਤੁਹਾਡੀ ਸਿਹਤ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਆਓ, ਅਸੀਂ ਤੁਹਾਨੂੰ ਡਾਕਟਰ ਵੱਲੋਂ ਦੱਸੇ ਗਏ ਕੁਝ ਨੁਕਸਾਨਾਂ ਬਾਰੇ ਦੱਸਦੇ ਹਾਂ–

### ਫੂਡ ਪੌਇਜ਼ਨਿੰਗ ਦਾ ਖ਼ਤਰਾ

ਡਾਕਟਰ ਨੇ ਦੱਸਿਆ ਕਿ ਚੁਕੰਦਰ ਇਕ ਰੂਟ ਬੇਸਡ ਸਬਜ਼ੀ ਹੈ ਜਿਸਦਾ ਉਗਣਾ ਜ਼ਮੀਨ ਦੇ ਹੇਠਾਂ ਹੁੰਦਾ ਹੈ। ਇਸ ਦਾ ਇਹ ਸੁਭਾਵ ਇਸਨੂੰ ਹਾਨੀਕਾਰਕ ਬਣਾਉਂਦਾ ਹੈ, ਕਿਉਂਕਿ ਇਸ ਵਿਚ ਕਈ ਕਿਸਮ ਦੇ ਬੈਕਟੀਰੀਆ, ਪੈਰਾਸਾਈਟ ਤੇ ਵਾਇਰਸ ਹੋ ਸਕਦੇ ਹਨ। ਇਸ ਲਈ ਇਸਨੂੰ ਖਾਣ ਨਾਲ ਤੁਹਾਨੂੰ ਉਲਟੀਆਂ, ਡਾਇਰੀਆ ਤੇ ਫੂਡ ਪੌਇਜ਼ਨਿੰਗ ਹੋ ਸਕਦੀ ਹੈ। ਇਨ੍ਹਾਂ ਦੇ ਨਾਲ ਹੈ ਜੇ ਕੋਈ ਔਰਤ ਗਰਭਵਤੀ ਹੈ ਤਾਂ ਇਸ ਨਾਲ ਮਿਸਕੈਰੇਜ ਦਾ ਖ਼ਤਰਾ ਵੀ ਵੱਧ ਸਕਦਾ ਹੈ।

### ਹਾਰਟ ਤੇ ਲਿਵਰ ਨੂੰ ਖ਼ਤਰਾ

ਅਸਲ ਵਿਚ ਇਕ ਰੂਟ ਸਬਜ਼ੀ ਹੋਣ ਦੇ ਨਾਤੇ ਇਸ ਵਿਚ ਹਾਨੀਕਾਰਕ ਧਾਤਾਂ ਅਤੇ ਪੈਸਟਿਸਾਈਡ ਵੀ ਹੋ ਸਕਦੇ ਹਨ, ਜਿਸਨੂੰ ਖਾਣ ਨਾਲ ਸਾਡੇ ਜ਼ਰੂਰੀ ਅੰਗ ਜਿਵੇਂ ਕਿ ਹਾਰਟ, ਲਿਵਰ ਤੇ ਕਿਡਨੀ ਨੂੰ ਨੁਕਸਾਨ ਪਹੁੰਚ ਸਕਦਾ ਹੈ। ਇਸ ਨਾਲ ਕੈਲਸ਼ੀਅਮ ਸਟੋਨ ਹੋਣ ਦਾ ਖ਼ਤਰਾ ਵੀ ਵੱਧ ਜਾਂਦਾ ਹੈ। ਇਸਦੇ ਨਾਲ ਹੀ, ਆਈਬੀਐਸ ਤੇ ਆਈਬੀਡੀ ਦੇ ਮਰੀਜ਼ਾਂ ਨੂੰ ਇਸਨੂੰ ਕੱਚਾ ਖਾਣ ਤੋਂ ਬਚਣਾ ਚਾਹੀਦਾ ਹੈ।

ਡਾਕਟਰ ਨੇ ਅੱਗੇ ਇਹ ਵੀ ਦੱਸਿਆ ਕਿ ਕਈ ਲੋਕਾਂ ਦਾ ਇਹ ਮੰਨਣਾ ਹੈ ਕਿ ਚੁਕੰਦਰ 'ਚ ਭਾਰੀ ਮਾਤਰਾ ਵਿਚ ਆਇਰਨ ਹੁੰਦਾ ਹੈ, ਪਰ ਇਹ ਬਿਲਕੁਲ ਸਹੀ ਨਹੀਂ ਹੈ। ਅਸਲ ਵਿੱਚ, ਚੁਕੰਦਰ ਨਾਲੋਂ ਕਿਤੇ ਵੱਧ ਆਇਰਨ ਤੁਸੀਂ ਪਾਲਕ ਤੋਂ ਪ੍ਰਾਪਤ ਕਰ ਸਕਦੇ ਹੋ। ਹੁਣ ਇਸ ਸੰਦਰਭ 'ਚ ਸਵਾਲ ਇਹ ਉੱਠਦਾ ਹੈ ਕਿ ਕੀ ਚੁਕੰਦਰ ਖਾਣੀ ਹੀ ਨਹੀਂ ਚਾਹੀਦੀ। ਡਾਕਟਰ ਨੇ ਇਸ ਸਵਾਲ ਦਾ ਵੀ ਜਵਾਬ ਦਿੱਤਾ ਹੈ।



### ਚੁਕੰਦਰ ਖਾਣ ਦਾ ਸਹੀ ਤਰੀਕਾ

ਡਾਕਟਰ ਅਨੁਸਾਰ, ਜੇ ਤੁਸੀਂ ਚੁਕੰਦਰ ਖਾਣਾ ਪਸੰਦ ਕਰਦੇ ਹੋ ਤਾਂ ਤੁਸੀਂ ਇਸਨੂੰ ਬਿਲਕੁਲ ਖਾ ਸਕਦੇ ਹੋ। ਹਾਲਾਂਕਿ, ਇਸਨੂੰ ਡਾਇਟ 'ਚ ਸ਼ਾਮਲ ਕਰਦੇ ਸਮੇਂ ਕੁਝ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਇਸਨੂੰ ਖਾਣ ਤੋਂ ਪਹਿਲਾਂ ਚੰਗੀ ਤਰ੍ਹਾਂ ਧੋਣਾ ਨਾ ਭੁੱਲੋ। ਇਸਦੇ ਨਾਲ ਹੀ ਇਸਨੂੰ ਚੰਗੀ ਤਰ੍ਹਾਂ ਛਿੱਲ ਕੇ ਪੂਰੀ ਤਰ੍ਹਾਂ ਪਕਾ ਕੇ ਖਾਓ। ਇਸ ਤਰੀਕੇ ਨਾਲ ਇਸ ਵਿਚ ਮੌਜੂਦ ਹਾਨੀਕਾਰਕ ਬੈਕਟੀਰੀਆ ਅਤੇ ਵਾਇਰਸ ਖਤਮ ਹੋ ਜਾਣਗੇ। ਤੁਹਾਨੂੰ ਗਟ ਸਿਹਤ ਨਾਲ ਜੁੜੀ ਕੋਈ ਵੀ ਸਮੱਸਿਆ ਨਹੀਂ ਹੋਵੇਗੀ ਅਤੇ ਤੁਹਾਨੂੰ ਇਸਦੇ ਸਾਰੇ ਜ਼ਰੂਰੀ ਨਿਊਟ੍ਰੀਐਂਟਸ ਮਿਲਣਗੇ।

# ਕਟਹਲ ਫ਼ਾਈਬਰ ਨਾਲ ਭਰਪੂਰ ਹੁੰਦਾ ਹੈ


ਗਰਮੀਆਂ ਦੇ ਮੌਸਮ ਵਿਚ ਹਰ ਕੋਈ ਕਟਹਲ ਖਾਣਾ ਪਸੰਦ ਕਰਦਾ ਹੈ। ਇਹ ਫ਼ਾਈਬਰ ਨਾਲ ਭਰਪੂਰ ਹੁੰਦਾ ਹੈ ਜੋ ਤੁਹਾਡੀ ਚੰਗੀ ਸਿਹਤ ਲਈ ਬਹੁਤ ਜ਼ਰੂਰੀ ਹੈ। ਪੱਕੇ ਹੋਏ ਕਟਹਲ ਵਿਚ ਪ੍ਰੋਟੀਨ ਵੀ ਬਹੁਤ ਜ਼ਿਆਦਾ ਮਾਤਰਾ ਵਿਚ ਮਿਲ ਜਾਂਦਾ ਹੈ। ਇਸ ਤੋਂ ਇਲਾਵਾ ਇਸ ਵਿਚ ਮਿਲਣ ਵਾਲਾ ਪੋਟਾਸ਼ੀਅਮ ਦਿਲ ਨਾਲ ਜੁੜੀਆਂ ਸਮੱਸਿਆਵਾਂ ਨੂੰ ਦੂਰ ਰੱਖਣ ਵਿਚ ਮਦਦ ਕਰਦਾ ਹੈ। ਆਉ ਜਾਣਦੇ ਹਾਂ ਪੱਕੇ ਹੋਏ ਕਟਹਲ ਨੂੰ ਖਾਣ ਨਾਲ ਤੁਹਾਡੀ ਸਿਹਤ ਨੂੰ ਹੋਰ ਕਿਹੜੇ-ਕਿਹੜੇ ਫ਼ਾਇਦੇ ਹੋ ਸਕਦੇ ਹਨ।

ਸਿਰਫ਼ ਕਟਹਲ ਹੀ ਨਹੀਂ ਸਗੋਂ ਇਸ ਦੇ ਪੱਤੇ ਵੀ ਤੁਹਾਡੀ ਚੰਗੀ ਸਿਹਤ ਲਈ ਬਹੁਤ ਫ਼ਾਇਦੇਮੰਦ ਹੁੰਦੇ ਹਨ। ਜਿਨ੍ਹਾਂ ਲੋਕਾਂ ਦੇ ਮੂੰਹ ਵਿਚ ਛਾਲਿਆਂ ਦੀ ਸਮੱਸਿਆ ਹੈ ਉਨ੍ਹਾਂ ਨੂੰ ਕਟਹਲ ਦੇ ਪੱਤੇ ਚਬਾਉਣੇ ਚਾਹੀਦੇ ਹਨ। ਇਸ ਨਾਲ ਉਨ੍ਹਾਂ ਦੇ ਮੂੰਹ ਦੇ ਛਾਲਿਆਂ ਤੋਂ ਬਹੁਤ ਰਾਹਤ ਮਿਲੇਗੀ। ਜੇਕਰ ਗਰਮੀਆਂ ਵਿਚ ਤੁਹਾਡਾ ਭੋਜਨ ਹਜ਼ਮ ਨਹੀਂ ਹੋ ਪਾਉਂਦਾ ਤਾਂ ਤੁਸੀਂ ਅਪਣੀ ਡਾਈਟ 'ਚ ਪੱਕੇ ਹੋਏ ਕਟਹਲ ਨੂੰ ਸ਼ਾਮਲ ਕਰ ਸਕਦੇ ਹੋ। ਇਹ ਪਾਚਨ ਸਬੰਧੀ ਸਮੱਸਿਆਵਾਂ ਨੂੰ ਦੂਰ ਕਰ ਕੇ ਤੁਹਾਡਾ ਭਾਰ ਸੁਧਾਰਨ ਵਿਚ ਵੀ ਮਦਦ ਕਰਦਾ ਹੈ।

ਪੱਕੇ ਹੋਏ ਕਟਹਲ ਦਾ ਸੇਵਨ ਕਰਨ ਨਾਲ ਤੁਹਾਡਾ ਲਿਵਰ ਵੀ ਸਿਹਤਮੰਦ ਰਹਿੰਦਾ ਹੈ। ਇਸ ਵਿਚ ਮਿਲਣ ਵਾਲੇ ਪੋਸ਼ਕ ਤੱਤ ਤੁਹਾਡੇ ਲਿਵਰ ਨੂੰ ਮਜ਼ਬੂਤ ਬਣਾਉਂਦੇ ਹਨ। ਪੱਕੇ ਹੋਏ ਕਟਹਲ ਨੂੰ ਤੁਹਾਡੇ ਦਿਲ ਲਈ ਵੀ ਬਹੁਤ ਫ਼ਾਇਦੇਮੰਦ ਮੰਨਿਆ ਜਾਂਦਾ ਹੈ। ਇਸ ਵਿਚ ਮਿਲਣ ਵਾਲਾ ਪੋਟਾਸ਼ੀਅਮ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਵਿਚ ਮਦਦ ਕਰਦਾ ਹੈ। ਪੱਕੇ ਹੋਏ ਕਟਹਲ ਵਿਚ ਵਿਟਾਮਿਨ ਸੀ ਵੀ ਭਰਪੂਰ ਮਾਤਰਾ ਵਿਚ ਮਿਲ ਜਾਂਦਾ ਹੈ। ਵਿਟਾਮਿਨ-ਸੀ ਤੁਹਾਡੇ ਸਰੀਰ ਵਿਚ ਐਂਟੀਆਕਸੀਡੈਂਟ ਦਾ ਕੰਮ ਕਰਦਾ ਹੈ। ਇਸ ਦਾ ਸੇਵਨ ਕਰਨ ਨਾਲ ਤੁਹਾਡੀ ਇਮਿਊਨਿਟੀ ਮਜ਼ਬੂਤ ਹੁੰਦੀ ਹੈ।

# ਰਾਤ ਹੁੰਦੇ ਹੀ ਨਜ਼ਰ ਆਉਂਦੇ ਹਨ Lung Cancer ਦੇ ਇਹ ਖ਼ਤਰਨਾਕ ਲੱਛਣ

ਦੁਨੀਆ ਭਰ ਵਿੱਚ ਕੈਂਸਰ ਦੇ ਮਾਮਲੇ ਮੁਸੀਬਤ ਪੈਦਾ ਕਰ ਰਹੇ ਹਨ। ਇਹ ਇੱਕ ਗੰਭੀਰ ਬਿਮਾਰੀ ਹੈ, ਜੋ ਕਿਸੇ ਨੂੰ ਵੀ ਆਪਣਾ ਸ਼ਿਕਾਰ ਬਣਾ ਸਕਦੀ ਹੈ। ਕਈ ਤਰ੍ਹਾਂ ਦੇ ਕੈਂਸਰ ਹਨ, ਜੋ ਸਰੀਰ ਦੇ ਵੱਖ-ਵੱਖ ਹਿੱਸਿਆਂ ਨੂੰ ਪ੍ਰਭਾਵਿਤ ਕਰਦੇ ਹਨ। ਫੇਫੜੇ ਜਾਂ ਫੇਫੜਿਆਂ ਦਾ ਕੈਂਸਰ ਇਨ੍ਹਾਂ ਵਿੱਚੋਂ ਇੱਕ ਹੈ, ਜੋ ਕਿ ਇਸ ਬਿਮਾਰੀ ਦੀ ਇੱਕ ਖ਼ਤਰਨਾਕ ਕਿਸਮ ਹੈ।



ਇਸ ਸਮੇਂ, ਬਹੁਤ ਸਾਰੇ ਲੋਕ ਇਸ ਕੈਂਸਰ ਨਾਲ ਜੂਝ ਰਹੇ ਹਨ। WHO ਦੇ ਅਨੁਸਾਰ, ਫੇਫੜਿਆਂ ਦਾ ਕੈਂਸਰ ਦੁਨੀਆ ਭਰ ਵਿੱਚ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦਾ ਮੁੱਖ ਕਾਰਨ ਹੈ। ਫੇਫੜਿਆਂ ਦੇ ਕੈਂਸਰ ਦਾ ਮੁੱਖ ਕਾਰਨ ਸਿਗਰਟਨੋਸ਼ੀ ਹੈ, ਜੋ ਇਸਦੇ ਲਗਭਗ 85% ਮਾਮਲਿਆਂ ਲਈ ਜ਼ਿੰਮੇਵਾਰ ਹੈ। ਹਾਲਾਂਕਿ, ਇਸ ਸਮੇਂ ਸਿਗਰਟ ਨਾ ਪੀਣ ਵਾਲਿਆਂ ਵਿੱਚ ਵੀ ਇਸਦੇ ਮਾਮਲੇ ਵੱਧ ਰਹੇ ਹਨ। ਅਜਿਹੀ ਸਥਿਤੀ ਵਿੱਚ, ਇਹ ਜ਼ਰੂਰੀ ਹੈ ਕਿ ਇਸਦੇ ਲੱਛਣਾਂ ਦੀ ਸਮੇਂ ਸਿਰ ਪਛਾਣ ਕੀਤੀ ਜਾਵੇ, ਤਾਂ ਜੋ ਬਹੁਤ ਦੇਰ ਹੋਣ ਤੋਂ ਪਹਿਲਾਂ ਸਹੀ ਇਲਾਜ ਲੱਭਿਆ ਜਾ ਸਕੇ।

### ਫੇਫੜਿਆਂ ਦੇ ਕੈਂਸਰ ਦੇ ਲੱਛਣ ਰਾਤ ਨੂੰ ਦਿੰਦੇ ਹਨ ਦਿਖਾਈ

ਜਦੋਂ ਫੇਫੜਿਆਂ ਦੇ ਕੈਂਸਰ ਦਾ ਸ਼ਿਕਾਰ ਹੁੰਦਾ ਹੈ, ਤਾਂ ਸਰੀਰ ਇਸਦੇ ਕੁਝ ਚੇਤਾਵਨੀ ਸੰਕੇਤਾਂ ਨੂੰ ਪਹਿਲਾਂ ਹੀ ਲੈਣਾ ਸ਼ੁਰੂ ਕਰ ਦਿੰਦਾ ਹੈ। ਹਾਲਾਂਕਿ, ਇਹ ਸੰਕੇਤ ਇੰਨੇ ਆਮ ਹਨ ਕਿ ਲੋਕ ਅਕਸਰ ਇਸਨੂੰ ਨਜ਼ਰਅੰਦਾਜ਼ ਕਰਦੇ ਹਨ। ਖਾਸ ਕਰਕੇ ਰਾਤ ਨੂੰ, ਇਸਦੇ ਕੁਝ ਲੱਛਣ ਦੇਖੇ ਜਾਂਦੇ ਹਨ, ਇਹ ਪਛਾਣ ਕੇ ਕਿ ਕਿਹੜੇ ਫੇਫੜਿਆਂ ਦੇ ਕੈਂਸਰ ਦਾ ਪਤਾ ਲਗਾਇਆ ਜਾ ਸਕਦਾ ਹੈ। ਅੱਜ ਇਸ ਲੇਖ ਵਿੱਚ, ਅਸੀਂ ਫਰੀਦਾਬਾਦ ਦੇ ਮਾਰਿੰਗੋ ਏਸ਼ੀਆ ਹਸਪਤਾਲਾਂ ਦੇ ਮੈਡੀਕਲ ਓਨਕੋਲੋਜੀ ਦੇ ਕਲੀਨਿਕਲ ਡਾਇਰੈਕਟਰ ਅਤੇ ਐਚਓਡੀ ਡਾ. ਮੋਹਿਤ ਸ਼ਰਮਾ ਤੋਂ ਰਾਤ ਨੂੰ ਦੇਖੇ ਜਾਣ ਵਾਲੇ ਫੇਫੜਿਆਂ ਦੇ ਕੈਂਸਰ ਦੇ ਕੁਝ ਅਜਿਹੇ ਲੱਛਣਾਂ ਬਾਰੇ ਸਿੱਖਾਂਗੇ–

ਡਾਕਟਰ ਨੇ ਕਿਹਾ ਕਿ ਫੇਫੜਿਆਂ ਦੇ ਕੈਂਸਰ ਦੇ ਲੱਛਣ ਅਕਸਰ ਦਿਨ ਵੇਲੇ ਦੇਖੇ ਜਾਂਦੇ ਹਨ, ਪਰ ਰਾਤ ਨੂੰ ਉਨ੍ਹਾਂ ਦੀ ਪਛਾਣ ਕਰਨਾ ਆਸਾਨ ਹੋ ਜਾਂਦਾ ਹੈ, ਕਿਉਂਕਿ ਇਹ ਰਾਤ ਨੂੰ ਵਧੇਰੇ ਦਿਖਾਈ ਦਿੰਦੇ ਹਨ। ਇਨ੍ਹਾਂ ਚੇਤਾਵਨੀ ਸੰਕੇਤਾਂ ਨੂੰ ਪਛਾਣਨਾ, ਸਮੇਂ ਸਿਰ ਇਸਦਾ ਪਤਾ ਲਗਾਉਣਾ ਅਤੇ ਸਮੇਂ ਸਿਰ ਇਸਦਾ ਇਲਾਜ ਕਰਨਾ ਬਹੁਤ ਮਹੱਤਵਪੂਰਨ ਹੈ।

### ਰਾਤ ਨੂੰ ਲਗਾਤਾਰ ਖੰਘ

ਫੇਫੜਿਆਂ ਦੇ ਕੈਂਸਰ ਦਾ ਇੱਕ ਆਮ ਲੱਛਣ ਰਾਤ ਨੂੰ ਲਗਾਤਾਰ ਖੰਘ ਹੈ, ਜੋ ਲੇਟਣ ਵੇਲੇ ਵਧ ਜਾਂਦੀ ਹੈ। ਇਹ ਸਾਹ ਨਾਲੀਆਂ ਵਿੱਚ ਜਲਣ ਕਾਰਨ ਹੁੰਦਾ ਹੈ ਅਤੇ ਅਕਸਰ ਨੀਂਦ ਵਿੱਚ ਵਿਘਨ ਪਾ ਸਕਦਾ ਹੈ।

### ਸਾਹ ਲੈਣ 'ਚ ਮੁਸ਼ਕਿਲ

ਇੱਕ ਹੋਰ ਖ਼ਤਰਨਾਕ ਲੱਛਣ ਰਾਤ ਨੂੰ ਸਾਹ ਲੈਣ ਵਿੱਚ ਮੁਸ਼ਕਲ ਹੈ, ਜਿਸਨੂੰ ਅਕਸਰ ਦਮਾ ਜਾਂ ਸਲੀਪ ਐਪਨੀਆ ਸਮਝ ਲਿਆ ਜਾਂਦਾ ਹੈ। ਇਹ ਸਾਹ ਨਾਲੀ ਵਿੱਚ ਰੁਕਾਵਟ ਜਾਂ ਫੇਫੜਿਆਂ ਦੇ ਆਲੇ ਦੁਆਲੇ ਤਰਲ ਇਕੱਠਾ ਹੋਣ ਦਾ ਸੰਕੇਤ ਹੋ ਸਕਦਾ ਹੈ।

### ਛਾਤੀ 'ਚ ਦਰਦ

ਬਹੁਤ ਸਾਰੇ ਮਰੀਜ਼ਾਂ ਨੂੰ ਰਾਤ ਨੂੰ ਛਾਤੀ ਵਿੱਚ ਦਰਦ ਵੀ ਹੁੰਦਾ ਹੈ, ਜੋ ਪੇਟ ਦੇ ਭਾਰ ਲੇਟਣ ਨਾਲ ਵਿਗੜ ਸਕਦਾ ਹੈ। ਇਹ ਦਰਦ ਮੋਢਿਆਂ ਜਾਂ ਪਿੱਠ ਤੱਕ ਫੈਲ ਸਕਦਾ ਹੈ ਅਤੇ ਲੋਕ ਅਕਸਰ ਇਸਨੂੰ ਮਾਸਪੇਸ਼ੀਆਂ ਦੀ ਕਠੋਰਤਾ ਸਮਝ ਕੇ ਅਣਦੇਖਾ ਕਰ ਦਿੰਦੇ ਹਨ।

### ਰਾਤ ਨੂੰ ਪਸੀਨਾ ਆਉਣਾ

ਰਾਤ ਨੂੰ ਪਸੀਨਾ ਆਉਣਾ ਵੀ ਇੱਕ ਹੋਰ ਖ਼ਤਰੇ ਦਾ ਸੰਕੇਤ ਹੈ। ਇਸ ਵਿੱਚ, ਮਰੀਜ਼ ਬਿਨਾਂ ਕਿਸੇ ਸਪੱਸ਼ਟ ਜਾਂ ਜਾਣੇ-ਪਛਾਣੇ ਕਾਰਨ ਦੇ ਪਸੀਨੇ ਨਾਲ ਭਿੱਜ ਜਾਂਦਾ ਹੈ, ਜੋ ਸਰੀਰ ਵਿੱਚ ਕੈਂਸਰ ਨਾਲ ਸਬੰਧਤ ਤਬਦੀਲੀਆਂ ਨੂੰ ਦਰਸਾਉਂਦਾ ਹੈ।

### ਖੰਘ 'ਚ ਖ਼ੂਨ

ਇਹ ਫੇਫੜਿਆਂ ਦੇ ਕੈਂਸਰ ਦਾ ਇੱਕ ਗੰਭੀਰ ਅਤੇ ਵੱਡਾ ਲੱਛਣ ਹੈ, ਜਿਸਨੂੰ ਲੋਕ ਕਾਫ਼ੀ ਦੇਰ ਨਾਲ ਦੇਖਦੇ ਹਨ। ਰਾਤ ਨੂੰ ਖੰਘਦੇ ਸਮੇਂ ਖ਼ੂਨ ਆਉਣਾ ਇਸਦੇ ਸਭ ਤੋਂ ਖਤਰਨਾਕ ਲੱਛਣਾਂ ਵਿੱਚੋਂ ਇੱਕ ਹੈ। ਰਾਤ ਨੂੰ ਖੰਘਦੇ ਸਮੇਂ ਥੁੱਕ ਵਿੱਚ ਥੋੜ੍ਹੀ ਜਿਹੀ ਖ਼ੂਨ ਦੀ ਮਾਤਰਾ ਨੂੰ ਵੀ ਕਦੇ ਵੀ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਜੇਕਰ ਇਹ ਲੱਛਣ ਬਣੇ ਰਹਿੰਦੇ ਹਨ, ਤਾਂ ਤੁਰੰਤ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ, ਕਿਉਂਕਿ ਫੇਫੜਿਆਂ ਦੇ ਕੈਂਸਰ

# ਬਰਸਾਤ ਦੇ ਮੌਸਮ 'ਚ ਦੁੱਗਣਾ ਹੋ ਜਾਂਦੈ ਫਲੂ ਦਾ ਖ਼ਤਰਾ

ਮੌਨਸੂਨ ਦਾ ਮੌਸਮ ਗਰਮੀ ਤੋਂ ਰਾਹਤ ਤਾਂ ਦਿੰਦਾ ਹੈ, ਪਰ ਇਹ ਆਪਣੇ ਨਾਲ ਕਈ ਬਿਮਾਰੀਆਂ ਵੀ ਲੈ ਕੇ ਆਉਂਦਾ ਹੈ। ਇਨ੍ਹਾਂ ਬਿਮਾਰੀਆਂ ਵਿੱਚ ਫਲੂ ਵੀ ਸ਼ਾਮਲ ਹੈ। ਇਸ ਮੌਸਮ ਵਿੱਚ ਫਲੂ ਦਾ ਖ਼ਤਰਾ ਵੱਧ ਜਾਂਦਾ ਹੈ ਕਿਉਂਕਿ ਨਮੀ ਅਤੇ ਮੀਂਹ ਕਾਰਨ ਵਾਇਰਸ ਤੇਜ਼ੀ ਨਾਲ ਫੈਲਦੇ ਹਨ।

ਅਜਿਹੀ ਸਥਿਤੀ ਵਿੱਚ, ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਫਲੂ ਤੋਂ ਬਚਾਉਣ ਲਈ ਕੁਝ ਸਾਵਧਾਨੀਆਂ ਵਰਤਣਾ ਜ਼ਰੂਰੀ ਹੈ। ਆਓ ਜਾਣਦੇ ਹਾਂ ਕਿ ਮੌਨਸੂਨ ਵਿੱਚ ਫਲੂ ਤੋਂ ਆਪਣੇ ਆਪ ਨੂੰ ਕਿਵੇਂ ਸੁਰੱਖਿਅਤ ਰੱਖਿਆ ਜਾਵੇ।

### ਸਫ਼ਾਈ ਦਾ ਖਾਸ ਧਿਆਨ ਰੱਖੋ

ਫਲੂ ਦਾ ਵਾਇਰਸ ਛਿੱਕਣ, ਖੰਘਣ ਜਾਂ ਕਿਸੇ ਸੰਕਰਮਿਤ ਵਿਅਕਤੀ ਦੇ ਸੰਪਰਕ ਵਿੱਚ ਆਉਣ ਨਾਲ ਫੈਲਦਾ ਹੈ। ਇਸ ਲਈ, ਸਾਬਣ ਅਤੇ ਪਾਣੀ ਨਾਲ ਵਾਰ-ਵਾਰ ਹੱਥ ਧੋਵੋ, ਖਾਸ ਕਰਕੇ ਖਾਣ ਤੋਂ ਪਹਿਲਾਂ ਅਤੇ ਬਾਹਰੋਂ ਆਉਣ ਤੋਂ ਬਾਅਦ। ਜੇਕਰ ਸਾਬਣ ਨਹੀਂ ਹੈ, ਤਾਂ ਹੈਂਡ ਸੈਨੀਟਾਈਜ਼ਰ ਦੀ ਵਰਤੋਂ ਕਰੋ।

### ਮਾਸਕ ਪਹਿਨੋ

ਭੀੜ ਵਾਲੀਆਂ ਥਾਵਾਂ 'ਤੇ ਜਾਣ ਤੋਂ ਬਚੋ। ਜੇਕਰ ਜਾਣਾ ਜ਼ਰੂਰੀ ਹੈ, ਤਾਂ ਮਾਸਕ ਪਹਿਨੋ। ਇਹ ਲਾਗ ਦੇ ਫੈਲਣ ਨੂੰ ਰੋਕਣ ਵਿੱਚ ਮਦਦ ਕਰਦਾ ਹੈ।

### ਇਮਿਊਨਿਟੀ ਵਧਾਉਣ ਵਾਲੀ ਖ਼ੁਰਾਕ ਲਓ

ਇੱਕ ਮਜ਼ਬੂਤ ਇਮਿਊਨ ਸਿਸਟਮ ਫਲੂ ਨਾਲ ਲੜਨ ਵਿੱਚ ਮਦਦ ਕਰਦਾ ਹੈ। ਵਿਟਾਮਿਨ ਸੀ ਨਾਲ ਭਰਪੂਰ ਫਲ ਖਾਓ, ਜਿਵੇਂ ਕਿ ਸੰਤਰਾ, ਆਂਵਲਾ, ਨਿੰਬੂ ਅਤੇ ਹਰੀਆਂ ਸਬਜ਼ੀਆਂ। ਹਰਬਲ ਚਾਹ, ਅਦਰਕ, ਤੁਲਸੀ ਅਤੇ ਸ਼ਹਿਦ ਖਾਣਾ ਵੀ ਲਾਭਦਾਇਕ ਹੈ।

### ਉਬਲਿਆ ਹੋਇਆ ਪਾਣੀ ਪੀਓ



ਮੌਨਸੂਨ ਵਿੱਚ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਵਧਦੀਆਂ ਹਨ। ਗੰਦੇ ਪਾਣੀ ਤੋਂ ਬਚੋ ਅਤੇ ਹਮੇਸ਼ਾ ਉਬਲਿਆ ਜਾਂ ਫਿਲਟਰ ਕੀਤਾ ਹੋਇਆ ਪਾਣੀ ਪੀਓ। ਗਰਮ ਪੀਣ ਵਾਲੇ ਪਦਾਰਥ, ਜਿਵੇਂ ਕਿ ਸੂਪ ਜਾਂ ਹਰਬਲ ਚਾਹ ਪੀਣ ਨਾਲ ਗਲੇ ਨੂੰ ਰਾਹਤ ਮਿਲਦੀ ਹੈ।

### ਗਿੱਲੇ ਕੱਪੜੇ ਪਾਉਣ ਤੋਂ ਬਚੋ

ਬਾਰਿਸ਼ ਵਿੱਚ ਗਿੱਲੇ ਹੋਣ ਤੋਂ ਬਚੋ। ਜੇਕਰ ਤੁਸੀਂ ਗਿੱਲੇ ਹੋ ਜਾਂਦੇ ਹੋ, ਤਾਂ ਤੁਰੰਤ ਸੁੱਕੇ ਕੱਪੜੇ ਪਾਓ ਅਤੇ ਆਪਣੇ ਵਾਲ ਸੁਕਾ ਲਓ। ਨਮੀ ਦੇ ਕਾਰਨ, ਸਰੀਰ ਦਾ ਤਾਪਮਾਨ ਡਿੱਗ ਸਕਦਾ ਹੈ, ਜਿਸ ਨਾਲ ਜ਼ੁਕਾਮ ਅਤੇ ਖੰਘ ਦਾ ਖ਼ਤਰਾ ਵੱਧ ਜਾਂਦਾ ਹੈ।

### ਨਿਯਮਿਤ ਕਸਰਤ ਕਰੋ

ਰੋਜ਼ਾਨਾ 30 ਮਿੰਟ ਹਲਕੀ ਕਸਰਤ ਜਾਂ ਯੋਗਾ ਕਰਨ ਨਾਲ ਇਮਿਊਨਿਟੀ ਮਜ਼ਬੂਤ ਹੁੰਦੀ ਹੈ। ਪ੍ਰਾਣਾਯਾਮ ਅਤੇ ਕਪਾਲਭਾਤੀ ਵਰਗੇ ਯੋਗਾਸਨ ਫੇਫੜਿਆਂ ਨੂੰ ਸਿਹਤਮੰਦ ਰੱਖਦੇ ਹਨ।

### ਪੂਰੀ ਨੀਂਦ ਲਓ

ਘੱਟ ਨੀਂਦ ਲੈਣ ਨਾਲ ਸਰੀਰ ਦੀ ਇਮਿਊਨਿਟੀ ਕਮਜ਼ੋਰ ਹੋ ਜਾਂਦੀ ਹੈ। ਹਰ ਰੋਜ਼ 7-8 ਘੰਟੇ ਦੀ ਨੀਂਦ ਲਓ, ਤਾਂ ਜੋ ਸਰੀਰ ਨੂੰ ਆਰਾਮ ਮਿਲ ਸਕੇ।

### ਫਲੂ ਦਾ ਟੀਕਾ ਲਗਵਾਓ

ਜੇਕਰ ਤੁਹਾਨੂੰ ਅਕਸਰ ਫਲੂ ਹੁੰਦਾ ਹੈ, ਤਾਂ ਡਾਕਟਰ ਨਾਲ ਸਲਾਹ ਕਰੋ ਅਤੇ ਫਲੂ ਦਾ ਟੀਕਾ ਲਗਵਾਓ। ਇਹ ਬੱਚਿਆਂ ਅਤੇ ਬਜ਼ੁਰਗਾਂ ਲਈ ਖਾਸ ਤੌਰ 'ਤੇ ਮਹੱਤਵਪੂਰਨ ਹੈ।

### ਸਿਗਰਟਨੋਸ਼ੀ ਅਤੇ ਸ਼ਰਾਬ ਤੋਂ ਬਚੋ

ਤੰਬਾਕੂ ਅਤੇ ਸ਼ਰਾਬ ਸਰੀਰ ਦੀ ਇਮਿਊਨਿਟੀ ਸਿਸਟਮ ਨੂੰ ਕਮਜ਼ੋਰ ਕਰਦੇ ਹਨ, ਜਿਸ ਨਾਲ ਇਨਫੈਕਸ਼ਨ ਦਾ ਖ਼ਤਰਾ ਵੱਧ ਜਾਂਦਾ ਹੈ।

### ਜੇ ਇਹ ਲੱਛਣ ਦਿਖਾਈ ਦੇਣ ਤਾਂ ਡਾਕਟਰ ਨਾਲ ਸੰਪਰਕ ਕਰੋ

ਜੇਕਰ ਬੁਖਾਰ, ਗਲੇ ਵਿੱਚ ਖਰਾਸ਼, ਸਿਰ ਦਰਦ ਜਾਂ ਸਰੀਰ ਵਿੱਚ ਦਰਦ ਵਰਗੇ ਲੱਛਣ ਦਿਖਾਈ ਦਿੰਦੇ ਹਨ, ਤਾਂ ਤੁਰੰਤ ਡਾਕਟਰ ਨਾਲ ਸਲਾਹ ਕਰੋ। ਆਪਣੇ ਆਪ ਦਵਾਈ ਨਾ ਲਓ, ਕਿਉਂਕਿ ਗਲਤ ਦਵਾਈ ਸਥਿਤੀ ਨੂੰ ਹੋਰ ਵਿਗੜ ਸਕਦੀ ਹੈ।












# ਰਾਸ਼ੀਫਲ

**ਮੇਖ** : ਆਪਣੇ ਨਾਕਾਰਤਮਕ ਰਵੱਈਏ ਦੇ ਚਲਦੇ ਤੁਸੀ ਪ੍ਰਗਤੀ ਨਹੀਂ ਕਰ ਰਹੇ ਹੋ ਇਹ ਇਸ ਬਾਤ ਨੂੰ ਸਮਝਣ ਦਾ ਸਹੀ ਸਮੇਂ ਹੈ ਕਿ ਚਿੰਤਾ ਦੀ ਆਦਤ ਨੇ ਤੁਹਾਡੀ ਸੋਚਣ ਦੀ ਸ਼ਮਤਾ ਨੂੰ ਖਤਮ ਕਰ ਦਿੱਤੈ ਹੈ ਹਾਲਾਤ ਦੇ ਉਲਜੇ ਪਹਿਲੂ ਵੱਲ ਵੇਖੋ ਅਤੇ ਤੁਸੀ ਪਾਉਂਗੇ ਕਿ ਚੀਜਾਂ ਸੁਧਰ ਰਹੀਆਂ ਹਨ। ਅੱਜ ਤੁਹਾਨੂੰ ਸਮਝ ਆ ਸਕਦਾ ਹੈ ਕਿ ਪੈਸੇ ਦੀ ਕੀ ਕੀਮਤ ਹੈ ਅਤੇ ਇਸ ਨੂੰ ਫਜ਼ੂਲ ਚੀਜਾਂ ਤੇ ਖਰਚਣ ਨਾਲ ਭਵਿੱਖ ਵਿਚ ਤੁਹਾਨੂੰ ਕਿੰਨਾ ਨੁਕਸਾਨ ਹੋ ਸਕਦਾ ਹੈ। ਆਪਣੇ ਕਰੀਬੀ ਲੋਕਾਂ ਦੇ ਸਾਹਮਣੇ ਅਜਿਹੀ ਗੱਲਾਂ ਉਠਾਉਣ ਤੋਂ ਬਚੋ ਜੋ ਉਨਾਂ ਨੂੰ ਉਦਾਸ ਕਰ ਸਕਦੀਆਂ ਹਨ। ਤੁਹਾਡਾ ਪਿਆਰ ਤੁਹਾਡੇ ਤੋਂ ਕਿਸੇ ਚੀਜ ਦੀ ਮੰਗ ਕਰ ਸਕਦਾ ਹੈ ਪਰ ਤੁਸੀ ਉਹ ਸਾਰੀਆਂ ਇਛਾਵਾਂ ਨੂੰ ਪੂਰੀਆਂ ਨਹੀਂ ਕਰ ਸਕੋਂਗੇ ਇਸ ਨਾਲ ਤੁਹਾਡਾ ਸਾਥੀ ਨਾਰਾਜ਼ ਹੋ ਸਕਦਾ ਹੈ। ਜੇਕਰ ਤੁਸੀ ਸਿੱਧਾ ਜਵਾਬ ਨਹੀਂ ਦੇਵੋਂਗੇ ਤਾਂ ਤੁਹਾਡੇ ਸਹਿਯੋਗੀ ਤੁਹਾਡੇ ਤੋਂ ਨਾਰਾਜ਼ ਹੋ ਸਕਦੇ ਹਨ। ਅੱਜ ਤੁਸੀ ਆਪਣੇ ਘਰ ਬਿਖਰੀ ਚੀਜਾਂ ਅਤੇ ਸਾਫ ਸਫਾਈ ਕਰਨ ਦੀ ਯੋਜਨਾ ਬਣਾ ਸਕਦੇ ਹੋ ਪਰੰਤੂ ਅੱਜ ਤੁਹਾਨੂੰ ਇਸ ਦੇ ਲਈ ਖਾਲੀ ਸਮਾਂ ਨਹੀਂ ਮਿਲ ਪਾਵੇਗਾ। ਰੋਜ਼ਮਰਾ ਦੀ ਵਿਆਹੁਤਾ ਜ਼ਿੰਦਗੀ ਵਿਚ ਅੱਜ ਦਾ ਦਿਨ ਸੁਆਦੀ ਮਿਠਾਈ ਦਾ ਕੰਮ ਕਰੇਗਾ।

**ਬ੍ਰਿਸ਼ਭ**: ਸਿਹਤ ਦਾ ਧਿਆਨ ਰੱਖੋ ਅਤੇ ਵਸਤਾਂ ਨੂੰ ਵਿਅਸਥਿਤ ਕਰੋ। ਅੱਜ ਪਾਰਟੀ ਵਿਚ ਤੁਹਾਡੀ ਮੁਲਾਕਾਤ ਕਿਸੇ ਅਜਿਹੇ ਸ਼ਖਸ਼ ਨਾਲ ਹੋ ਸਕਦੀ ਹੈ ਜੋ ਆਰਥਿਕ ਪੱਖ ਨੂੰ ਮਜ਼ਬੂਤ ਕਰਨ ਲਈ ਤੁਹਾਨੂੰ ਅਹਿਮ ਸਲਾਹ ਦੇ ਸਕਦਾ ਹੈ। ਤੁਹਾਡੇ ਆਕਰਸ਼ਣ ਅਤੇ ਵਿਅਕਤਿਤਵ ਦੇ ਜ਼ਰੀਏ ਤੁਹਾਨੂੰ ਕੁਝ ਨਵੇਂ ਦੋਸਤ ਮਿਲਣਗੇ। ਆਪਣੇ ਸਾਥੀ ਨੂੰ ਭਾਵਨਾਤਮਕ ਤੌਰ ਤੇ ਬਲੈਕਮੇਲ ਕਰਨ ਤੋਂ ਬਚੋ। ਕੰਮ ਕਾਰ ਵਿਚ ਉਦੇਸ਼ ਹਾਸਿਲ ਕਰਨ ਦੇ ਲਈ ਆਪਣੀ ਪੂਰੀ ਉਰਜਾ ਇਸੇ ਤਰਫ ਲਗਾਉ। ਅੱਜ ਤੁਸੀ ਉਹ ਸਭ ਕੁਝ ਕਰਨਾ ਚਾਹੋਂਗੇ ਜੋ ਚੀਜ਼ਾਂ ਤੁਸੀ ਬਚਪਨ ਵਿਚ ਪਿਆਰ ਨਾਲ ਕਰਦੇ ਸੀ। ਅੱਜ ਖਰਚਿਆਂ ਨੂੰ ਲੈ ਕੇ ਤੁਹਾਡੇ ਜੀਵਨ ਸਾਥੀ ਤੇ ਸੰਬੰਧਾਂ ਵਿਚ ਤਣਾਵ ਸੰਭਵ ਹੈ।

**ਮਿਥੁਨ**: ਆਪਣੇ ਵਿਚਾਰ ਅਤੇ ਉਰਜਾ ਨੂੰ ਉਹਨਾਂ ਕੰਮਾਂ ਵਿਚ ਲਗਾਉ ਜਿਨਾਂ ਤੋਂ ਆਪਣੇ ਹਕੀਕਤ ਦਾ ਰੂਪ ਲੈ ਸਕਦੇ ਹਨ। ਸਿਰਫ ਖਿਆਲੀ ਪੁਲ ਬਣਾਉਣ ਨਾਲ ਕੁਝ ਨਹੀਂ ਹੁੰਦਾ। ਹੁਣ ਤੱਕ ਤੁਹਾਡੇ ਕੋਲ ਸਮੱਸਿਆ ਇਹ ਹੈ ਕਿ ਤੁਸੀ ਕੋਸ਼ਿਸ਼ ਕਰਨ ਦੀ ਬਜਾਏ ਕੇਵਲ ਇੱਛਾ ਕਰਦੇ ਹੋ। ਜੀਵਨ ਸਾਥੀ ਨਾਲ ਪੈਸਿਆਂ ਨਾਲ ਜੁੜੇ ਮਾਮਲੇ ਨੂੰ ਲੈ ਕੇ ਅੱਜ ਬਹਿਸ ਹੋਣ ਦੀ ਸੰਭਾਵਨਾ ਹੈ ਅੱਜ ਤੁਹਾਡੇ ਫਜ਼ੂਲ ਖਰਚ ਤੇ ਤੁਹਾਨੂੰ ਲੈਕਚਰ ਦੇ ਸਕਦਾ ਹੈ। ਆਪਣੇ ਦੋਸਤਾਂ ਅਤੇ ਪਰਿਵਾਰ ਦੇ ਸਹਿਯੋਗ ਦੇ ਚਲਦੇ ਤੁਸੀ ਨਵੇਂ ਆਤਮਵਿਸ਼ਵਾਸ਼ ਅਤੇ ਰੋਮਾਂਚ ਨਾਲ ਭਰਪੂਰ ਹੋਵੋਂਗੇ। ਅੱਜ ਅਚਾਨਕ ਕਿਸੀ ਨਾਲ ਰੋਮਾਂਟਿਕ ਮੁਲਾਕਾਤ ਹੋ ਸਕਦੀ ਹੈ। ਅੱਜ ਤੁਸੀ ਕੰਮ ਕਾਰ ਵਿਚ ਹਰ ਪਾਸੇ ਹੱਥ ਰੱਖ ਸਕਦੇ ਹੋ। ਇਹ ਪਰੇਸ਼ਾਨ ਕਰਨ ਵਾਲਾ ਦਿਨ ਹੋਵੇਗਾ ਜੇਕਰ ਤੁਸੀ ਇਕ ਲਗਤ ਸਿੱਟੇ ਤੇ ਪਹੁੰਚਦੇ ਹੋ ਅਤੇ ਬੇਲੋੜੀਆਂ ਕਾਰਵਾਈਆਂ ਕਰਦੇ ਹੋ। ਅੱਜ ਤੁਹਾਡਾ ਜੀਵਨ ਸਾਥੀ ਕਾਫੀ ਰੁਮਾਂਟਿਕ ਲੱਗ ਰਿਹਾ ਹੈ।



**ਕਰਕ** : ਭਾਵਨਾਤਮਕ ਤੌਰ 'ਤੇ ਤੁਸੀਂ ਇਸ ਗੱਲ ਨੂੰ ਲੈ ਕੇ ਅਨਿਸ਼ਚਿਤ ਅਤੇ ਬੈਚੇਨ ਰਹੋਗੇ ਕਿ ਤੁਸੀ ਕੀ ਚਾਹੁੰਦੇ ਹੋ। ਸੰਭਵ ਹੈ ਕੀ ਧੰਨ ਵਿਚ ਹਾਨੀ ਹੋਵੇਗੀ ਇਸ ਲਈ ਲੈਣ ਦੇਣ ਦੇ ਮਾਮਲੇ ਵਿਚ ਜਿੰਨਾਂ ਸਤਕ ਰਹੋਂਗੇ ਤੁਹਾਡੇ ਲਈ ਉਨਾਂ ਹੀ ਚੰਗਾ ਹੈ। ਤੁਹਾਨੂੰ ਆਪਣੇ ਨਿੱਤ ਦੇ ਕੰਮਾਂ ਤੋਂ ਛੁੱਟੀ ਲੈ ਕੇ ਅੱਜ ਦੋਸਤਾਂ ਦੇ ਨਾਲ ਘੁੰਮਣ ਜਾਣ ਦਾ ਪ੍ਰਗਰਾਮ ਬਣਾਉਣਾ ਚਾਹੀਦਾ ਹੈ। ਪਿਆਰ ਬਹਾਰ ਦੀ ਤਰਾਂ ਹੈ ਫੁਲਾਂ, ਹਵਾ, ਧੁੱਪ, ਤਿਤਲੀਆਂ ਤੁਸੀ ਅੱਜ ਰੋਮਾਂਟਿਕ ਗੁੰਝਲਦਾਰ ਮਹਿਸੂਸ ਕਰੋਂਗੇ। ਇਹ ਦਿਨ ਉਨਾਂ ਦਿਨਾਂ ਵਿਚੋਂ ਇਕ ਦਿਨ ਹੈ ਜਦੋਂ ਕੰਮ ਕਾਰ ਵਿਚ ਤੁਸੀ ਇੱਛਾ ਮਹਿਸੂਸ ਕਰੋਂਗੇ। ਅੱਜ ਤੁਹਾਡੇ ਕਰੀਬੀ ਤੁਹਾਡੇ ਕੰਮ ਦੀ ਹੋਂਸਲਾ ਅਫਜ਼ਾਈ ਕਰਨਗੇ ਅਤੇ ਤੁਹਾਡਾ ਬੋਸ ਵੀ ਤੁਹਾਡੇ ਕੰਮ ਤੋਂ ਖੁਸ਼ ਹੋਵੇਗਾ। ਕਾਰੋਬਾਰੀ ਵੀ ਅੱਜ ਵਪਾਰ ਵਿਚ ਲਾਭ ਕਮਾ ਸਕਦੇ ਹਨ। ਬੇਅੰਤ ਰਚਨਾਤਮਕਤਾ ਅਤੇ ਉਤਸ਼ਾਹ ਤੁਹਾਨੂੰ ਇਕ ਹੋਰ ਲਾਭਕਾਰੀ ਦਿਨ ਵੱਲ ਲੈ ਜਾਂਦਾ ਹੈ। ਤੁਹਾਡੇ ਜੀਵਨਸਾਥੀ ਦੀ ਅੰਦਰੂਨੀ ਸੁੰਦਰਤਾ ਅੱਜ ਬਾਹਰ ਆਵੇਗੀ।

**ਸਿੰਘ**: ਤੁਸੀਂ ਆਪਣੇ ਕੰਮ ਵਿਚ ਇਕਾਗਰਤਾ ਬਰਕਰਾਰ ਰੱਖਣ ਵਿਚ ਦਿੱਕਤ ਮਹਿਸੂਸ ਕਰ ਰਹੇ ਹੋ ਕਿਉਂ ਕਿ ਅੱਜ ਤੁਹਾਡੀ ਸਿਹਤ ਪੂਰੀ ਤਰਾਂ ਠੀਕ ਨਹੀਂ ਹੈ। ਅੱਜ ਤੁਹਾਡਾ ਸਾਹਮਣਾ ਨਵੀਂ ਆਰਥਿਕ ਯੋਜਨਾ ਨਾਲ ਹੋਵੇਗਾ ਕੋਈ ਵੀ ਫੈਂਸਲਾ ਲੈਣ ਤੋਂ ਪਹਿਲਾਂ ਅਛਾਈਆਂ ਅਤੇ ਬੁਰਾਈਆਂ ਤੇ ਸਾਵਧਾਨੀ ਨਾਲ ਧਿਆਨ ਦੇਵੋ। ਆਪਣੀ ਨਵੀਂ ਪਰਿਯੋਜਨਾ ਦੇ ਲਈ ਆਪਣੇ ਮਾਤਾ ਪਿਤਾ ਨੂੰ ਵਿਸ਼ਵਾਸ਼ ਵਿਚ ਲੈਣ ਦਾ ਸਹੀ ਸਮਾਂ ਹੈ। ਆਪਣੇ ਸਾਥੀ ਨਾਲ ਬਾਹਰ ਜਾਂਦੇ ਸਮੇਂ ਠੀਕ ਤਰਾਂ ਨਾਲ ਵਿਵਹਾਰ ਕਰੋ। ਜੋ ਆਪਣੇ ਕੰਮ ਪ੍ਰਤੀ ਇਕਾਗਰ ਰਹਿਣਗੇ ਉਨਾਂ ਨੂੰ ਪੁਰਸਕਾਰ ਅਤੇ ਲਾਭ ਦੋਨੋਂ ਹੀ ਮਿਲ ਸਕਦੇ ਹਨ। ਅੱਜ ਤੁਸੀ ਆਪਣੇ ਘਰ ਬਿਖਰੀ ਚੀਜਾਂ ਅਤੇ ਸਾਫ ਸਫਾਈ ਕਰਨ ਦੀ ਯੋਜਨਾ ਬਣਾ ਸਕਦੇ ਹੋ ਪਰੰਤੂ ਅੱਜ ਤੁਹਾਨੂੰ ਇਸ ਦੇ ਲਈ ਖਾਲੀ ਸਮਾਂ ਨਹੀਂ ਮਿਲ ਪਾਵੇਗਾ। ਅੱਜ ਕੋਈ ਵਿਅਕਤੀ ਤੁਹਾਡੇ ਜੀਵਨ ਸਾਥੀ ਵਿਚਕਾਰ ਕਾਫੀ ਦਿਲਚਸਪੀ ਦਿਖਾ ਸਕਦਾ ਹੈ ਪਰੰਤੂ ਦਿਨ ਦੇ ਅੰਤ ਤੱਕ ਤੁਹਾਨੂੰ ਅਹਿਸਾਸ ਹੋਵੇਗਾ ਕਿ ਇਸ ਨਾਲ ਕੁਝ ਗਲਤ ਨਹੀਂ ਹੈ।

**ਕੰਨਿਆ**: ਸਿਹਤ ਦਾ ਖਿਆਲ ਰੱਖੋ ਨਹੀਂ ਤਾਂ ਲੈਣੇ ਦੇ ਦੇਣੇ ਪੈ ਸਕਦਾ ਹੈ। ਨਵੇਂ ਇਕਰਾਰਨਾਮੇ ਲਾਭਦਾਇਕ ਦਿਖ ਸਕਦੇ ਹਨ ਪਰੰਤੂ ਉਹ ਉਮੀਦ ਦੇ ਮੁਤਾਬਿਕ ਲਾਭ ਨਹੀਂ ਪਹੁੰਚਣਗੇ ਨਿਵੇਸ਼ ਕਰਦੇ ਸਮੇਂ ਜਲਦਬਾਜ਼ੀ ਵਿਚ ਫੈਂਸਲੇ ਨਾ ਲਵੋ। ਰਿਸ਼ਤੇਦਾਰਾਂ ਤੋਂ ਅਚਾਨਕ ਤੋਹਫਾ ਮਿਲ ਸਕਦਾ ਹੈ ਪਰੰਤੂ ਪੂਰੀ ਸੰਭਾਵਨਾ ਹੈ ਕਿ ਇਸ ਦੇ ਬਦਲੇ ਵਿਚ ਕੁਝ ਚਾਹੁੰਦੇ ਹੋ। ਤੁਹਾਡਾ ਪ੍ਰੇਮੀ ਅੱਜ ਕੁਝ ਖਿਝਿਆ ਹੋਇਆ ਮਹਿਸੂਸ ਕਰ ਸਕਦਾ ਹੈ ਜੋ ਤੁਹਾਡੇ ਦਿਮਾਗ ਤੇ ਬੋਝ ਹੋਰ ਵਧਾ ਦੇਵੇਗਾ। ਖਾਸ ਲੋਕਾਂ ਦੇ ਨਾਲ ਗੱਲਬਾਤ ਕਰਦੇ ਸਮੇਂ ਆਪਣੇ ਅੱਖ ਤੇ ਕੰਨ ਖੁੱਲੇ ਰੱਖੋ ਹੋ ਸਕਦਾ ਹੈ ਕਿ ਤੁਹਾਡੇ ਹੱਥ ਕੋਈ ਕੀਮਤੀ ਵਿਚਾਰ ਲੱਗ ਜਾਵੇ। ਇਸ ਰਾਸ਼ੀ ਦੇ ਲੋਕਾਂ ਨੂੰ ਅੱਜ ਸ਼ਰਾਬ ਜਾਂ ਸਿਗਰੇਟ ਤੋਂ ਦੂਰ ਰਹਿਣ ਦੀ ਲੋੜ ਹੈ ਕਿਉਂ ਕਿ ਇਸ ਨਾਲ ਤੁਹਾਡਾ ਕੀਮਤੀ ਸਮਾਂ ਬਰਬਾਦ ਹੋ ਸਕਦਾ ਹੈ। ਅੱਜ ਤੁਹਾਡਾ ਜੀਵਨਸਾਥੀ ਤੁਹਾਡੇ ਲਈ ਜ਼ਿਆਦਾ ਸਮਾਂ ਨਹੀਂ ਕੱਢ ਸਕਦਾ ਹੈ।

**ਤੁਲਾ**: ਤੁਹਾਡਾ ਤਲਖ ਰਵੱਈਆ ਦੋਸਤਾਂ ਦੇ ਲਈ ਪਰੇਸ਼ਾਨੀ ਪੈਦਾ ਕਰ ਸਕਦਾ ਹੈ। ਅੱਜ ਤੁਸੀ ਆਪਣੇ ਘਰ ਦੇ ਸੀਨੀਅਰਾਂ ਨਾਲ ਪੈਸੇ ਦੀ ਬਚਤ ਕਰਨ ਨੂੰ ਲੈ ਕੇ ਕੋਈ ਸਲਾਹ ਲੈ ਸਕਦੇ ਹੋ ਅਤੇ ਉਸ ਸਲਾਹ ਨੂੰ ਜ਼ਿੰਦਗੀ ਵਿਚ ਜਗ੍ਹਾ ਵੀ ਦੇ ਸਕਦੇ ਹੋ। ਬੱਚੇ ਤੁਹਾਨੂੰ ਆਪਣੀਆਂ ਉਪਲਬਧੀਆਂ ਨਾਲ ਗਰਵ ਦਾ ਅਨੁਭਵ ਕਰਾਉਣਗੇ। ਅੱਜ ਰੋਮਾਂਸ ਦੇ ਨਜ਼ਰੀਏ ਤੋਂ ਜ਼ਿੰਦਗੀ ਬਹੁਤ ਜਟਿਲ ਹੈ। ਅੱਜ ਦਾ ਦਿਨ ਵਧੀਆ ਪ੍ਰਦਰਸ਼ਨ ਅਤੇ ਖਾਸ ਕੰਮਾਂ ਦੇ ਲਈ ਹੈ । ਅੱਜ ਤੁਸੀ ਆਪਣੇ ਜੀਵਨ ਸਾਥੀ ਨਾਲ ਸਮਾਂ ਬਿਤਾਉਣ ਅਤੇ ਬਾਹਰ ਜਾਣ ਦੀ ਯੋਜਨਾ ਬਣਾ ਸਕਦੇ ਹੋ ਪਰੰਤੂ ਉਸ ਦੀ ਖਰਾਬ ਹੋਣ ਕਾਰਨ ਅਜਿਹਾ ਕਰਨ ਦੇ ਯੋਗ ਨਹੀਂ ਹੋਵੋਂਗੇ। ਬਿਨ ਬੁਲਾਏ ਰਿਸ਼ਤੇਦਾਰ ਦੀ ਵਜਾਹ ਨਾਲ ਤੁਹਾਡੀ ਯੋਜਨਾ ਵਿਚ ਗੜਬੜ ਹੋ ਸਕਦੀ ਹੈ ਪਰੰਤੂ ਤੁਹਾਡਾ ਦਿਨ ਖੁਸ਼ਨੁਮਾ ਬਣ ਜਾਵੇਗਾ।

**ਬ੍ਰਿਸ਼ਚਕ**: ਤੁਸੀ ਖੁਦ ਨੂੰ ਬਿਮਾਰ ਮਹਿਸੂਸ ਕਰ ਸਕਦੇ ਹੋ ਮਾਲੂਮ ਹੁੰਦਾ ਹੈ ਕਿ ਪਿੱਛਲੇ ਕੁਝ ਦਿਨਾਂ ਤੋ ਬੇਝਿੱਜ ਕੰਮਕਾਜ ਨੇ ਤੁਹਾਨੂੰ ਥਕਾ ਦਿੱਤਾ ਹੈ। ਅੱਜ ਕਿਸੀ ਕਰੀਬੀ ਨਾਲ ਤੁਹਾਡੀ ਝਗੜਾ ਹੋ ਸਕਦਾ ਹੈ ਅਤੇ ਗੱਲ ਕੋਰਟ ਕਚਹਿਰੀ ਤੱਕ ਜਾ ਸਕਦੀ ਹੈ ਜਿਸ ਦੇ ਵਜਾਹ ਨਾਲ ਚੰਗਾ ਖਾਸਾ ਧੰਨ ਖਰਚ ਹੋ ਸਕਦਾ ਹੈ। ਸੰਭਵ ਹੈ ਕਿ ਪਰਿਵਾਰ ਵਾਲੇ ਤੁਹਾਡੀ ਉਮੀਦਾਂ ਨੂੰ ਪੂਰਾ ਨਾ ਕਰ ਸਕਦੇ ਹੋਣ। ਇਸ ਗੱਲ ਦੀ ਇੱਛਾ ਨਾ ਕਰੋ ਕਿ ਉਹ ਤੁਹਾਡੇ ਮੁਤਾਬਿਕ ਕੰਮ ਕਰਨਗੇ ਬਲਕਿ ਆਪਣੇ ਕੰਮਕਾਰ ਦਾ ਤਰੀਕਾ ਬਦਲ ਕੇ ਪਹਿਲ ਕਰੋ। ਅੱਜ ਦੇ ਦਿਨ ਤੁਹਾਨੂੰ ਦੋਸਤਾਂ ਦੀ ਮਹਿਕ ਉਨਾਂ ਦੀ ਗੈਰਹਾਜ਼ਰੀ ਵਿਚ ਮਹਿਸੂਸ ਹੋਵੇਗੀ। ਅੱਜ ਕੰਮ ਕਾਰ ਵਿਚ ਤੁਹਾਨੂੰ ਕੋਈ ਵਧੀਆ ਖਬਰ ਮਿਲ ਸਕਦੀ ਹੈ। ਜਿਹੜੇ ਲੋਕ ਘਰ ਤੋਂ ਬਾਹਰ ਰਹਿੰਦੇ ਹਨ ਅੱਜ ਉਹ ਆਪਣੇ ਸਾਰੇ ਕੰਮ ਪੂਰੇ ਕਰਕੇ ਸ਼ਾਮ ਦੇ ਸਮੇਂ ਕਿਸੇ ਬਗੀਚੇ ਜਾਂ ਸ਼ਾਤ ਥਾਂ ਤੇ ਸਮਾਂ ਬਿਤਾਉਣਾ ਪਸੰਦ ਕਰਨਗੇ। ਤੁਹਾਡਾ ਇਕ ਪੁਰਾਣਾ ਦੋਸਤ ਖ਼ੂਬਸੂਰਤ ਯਾਦਾਂ ਦੇ ਨਾਲ ਆ ਸਕਦਾ ਹੈ ਜੋ ਤੁਸੀ ਆਪਣੇ ਜੀਵਨ ਸਾਥੀ ਨਾਲ ਰੱਖੀਆਂ ਹਨ।

**ਧਨੂੰ**: ਤੁਹਾਡਾ ਦੁਖੀ ਸੁਭਾਅ ਤੁਹਾਨੂੰ ਉਦਾਸ ਅਤੇ ਦੁਖੀ ਬਣਾ ਸਕਦਾ ਹੈ ਤੁਸੀ ਇਹ ਚੋਟ ਖੁਦ ਨੂੰ ਪਹੁੰਚਾ ਰਹੇ ਹੋ ਇਸ ਲਈ ਜਿੰਨੀ ਜਲਦੀ ਹੋ ਸਕੇ ਇਸ ਨੂੰ ਛੋਡ ਦਿਉ। ਦੂਸਰਿਆਂ ਦੇ ਦੁੱਖ ਸੁੱਖ ਵੰਡਣ ਦੀ ਆਦਤ ਵਿਕਸਿਤ ਕਰੋ। ਆਰਥਿਕ ਤੌਰ 'ਤੇ ਬੇਹਤਰੀ ਦੇ ਚਲਦੇ ਤੁਹਾਡੇ ਲਈ ਜ਼ਰੂਰੀ ਚੀਜਾਂ ਖਰੀਦਣਾ ਆਸਾਨ ਹੋਵੇਗਾ। ਤੁਹਾਡੇ ਜੀਵਨਸਾਥੀ ਦੀ ਸਿਹਤ ਤੁਹਾਨੂੰ ਚਿੰਤਾ ਵਿਚ ਪਾ ਸਕਦੀ ਹੈ। ਜਦੋਂ ਤੁਸੀਂ ਆਪਣੇ ਪਿਆਰ ਦੇ ਨਾਲ ਬਾਹਰ ਜਾਵੋਂ ਤਾਂ ਆਪਣੀ ਦਿਖ ਅਤੇ ਵਿਵਹਾਰ ਵਿਚ ਅਸਲੀ ਬਣੋ। ਜੋ ਲੋਕ ਵਿਦੇਸ਼ ਵਪਾਰ ਨਾਲ ਜੁੜੇ ਹਨ ਨੂੰ ਲੋੜੀਂਦੇ ਨਤੀਜੇ ਮਿਲਣ ਦੀ ਉਮੀਦ ਹੈ ਇਸ ਦੇ ਨਾਲ ਇਸ ਰਾਸ਼ੀ ਦੇ ਚਿੰਨ੍ਹ ਦੇ ਮਿਹਨਤਕਸ਼ ਨਿਵਾਸੀ ਅੱਜ ਕੰਮ ਦੇ ਸਥਾਨ ਤੇ ਅੱਜ ਆਪਣੇ ਪ੍ਰਤਿਭਾ ਦੀ ਪੂਰੀ ਵਰਤੋਂ ਕਰ ਸਕਦੇ ਹਨ। ਜਿਹੜੇ ਲੋਕ ਘਰ ਤੋਂ ਬਾਹਰ ਰਹਿੰਦੇ ਹਨ ਅੱਜ ਉਹ ਆਪਣੇ ਸਾਰੇ ਕੰਮ ਪੂਰੇ ਕਰਕੇ ਸ਼ਾਮ ਦੇ ਸਮੇਂ ਕਿਸੇ ਬਗੀਚੇ ਜਾਂ ਸ਼ਾਤ ਥਾਂ ਤੇ ਸਮਾਂ ਬਿਤਾਉਣਾ ਪਸੰਦ ਕਰਨਗੇ। ਤੁਸੀ ਆਪਣੀ ਸ਼ੋਕੀਨ ਵਿਆਹੁਤ ਜ਼ਿੰਦਗੀ ਵਿਚ ਇਕ ਸੁੰਦਰ ਬਦਲਾਅ ਦਾ ਅਨੁਭਵ ਕਰ ਸਕਦੇ ਹੋ।

**ਮਕਰ**: ਕੁਝ ਤਣਾਅ ਅਤੇ ਮਤਭੇਦ ਤੁਹਾਨੂੰ ਚਿੜਚਿੜਾ ਅਤੇ ਬੈਚੇਨ ਬਣਾ ਸਕਦਾ ਹੈ। ਲਾਭ ਦੇ ਨਜ਼ਰੀਏ ਤੋਂ ਸਟਾਕ ਅਤੇ ਮਯੁਚਲ ਫੰਡ ਵਿਚ ਨਿਵੇਸ਼ ਕਰਨਾ ਲਾਭਦਾਇਕ ਰਹੇਗਾ। ਕਿਸੇ ਦੂਰ ਦੇ ਰਿਸ਼ਤੇਦਾਰ ਦੇ ਇੱਥੋ ਮਿਲੀ ਵਧੀਆ ਖਬਰ ਤੁਹਾਡੇ ਪੂਰੇ ਪਰਿਵਾਰ ਦੇ ਲਈ ਖੁਸ਼ੀ ਦੇ ਪਲ ਲੈ ਕੇ ਆਵੇਗੀ। ਤੁਹਾਡਾ ਬੇਹਦ ਪਿਆਰ ਤੁਹਾਡੇ ਪਿਆਰ ਦੇ ਲਈ ਕਾਫੀ ਕੀਮਤੀ ਹੈ। ਅੱਜ ਤੁਹਾਡੀ ਕਲਾਤਮਕ ਅਤੇ ਰਚਨਾਤਮਕ ਹੁੱਨਰ ਨੂੰ ਕਾਫੀ ਸਰਹਾਨਾ ਮਿਲੇਗੀ ਅਤੇ ਇਸਦੇ ਚਲਦੇ ਅਚਾਨਕ ਲਾਭ ਮਿਲਣ ਦੀ ਸੰਭਾਵਨਾ ਵੀ ਹੈ। ਤੁਹਾਨੂੰ ਆਪਣੇ ਜ਼ਿੰਦਗੀ ਦੇ ਰਿਸ਼ਤਿਆਂ ਅਤੇ ਲੋਕਾਂ ਨੂੰ ਸਮਾਂ ਦੇਣਾ ਸਿੱਖਣਾ ਪਵੇਗਾ ਜਿਸ ਦੀ ਤੁਸੀ ਸਭ ਤੋਂ ਵੱਧ ਕਦਰ ਕਰਦੇ ਹੋ। ਅੱਜ ਤੁਹਾਡਾ ਜੀਵਨਸਾਥੀ ਤੁਹਾਨੂੰ ਖੁਸ਼ ਕਰਨ ਦੇ ਲਈ ਕਾਫੀ ਯਤਨ ਕਰੇਗਾ।

**ਕੁੰਭ**: ਦਿਨ ਦੀ ਸ਼ੁਰੂਆਤ ਤੁਸੀ ਯੋਗ ਅਤੇ ਧਿਆਨ ਨਾਲ ਕਰ ਸਕਦੇ ਹੋ ਅਜਿਹਾ ਕਰਨਾ ਤੁਹਾਡੇ ਲਈ ਲਾਭਦਾਇਕ ਰਹੇਗਾ ਅਤੇ ਸਾਰਾ ਦਿਨ ਤੁਹਾਡੇ ਵਿਚ ਤਾਕਤ ਦੀ ਦਰ ਇਕਮਿਕ ਰਹੇਗੀ। ਜੀਵਨ ਦੇ ਮਾੜੇ ਦੌਰ ਵਿਚ ਪੈਸਾ ਤੁਹਾਡੇ ਕੰਮ ਆਵੇਗਾ ਇਸ ਲਈ ਅੱਜ ਤੋਂ ਹੀ ਆਪਣੇ ਪੈਸੇ ਦੀ ਬਚਤ ਕਰਨ ਦੇ ਬਾਰੇ ਵਿਚ ਵਿਚਾਰ ਕਰੋ ਨਹੀਂ ਤਾਂ ਤੁਹਾਨੂੰ ਮੁਸ਼ਕਿਲਾਂ ਆ ਸਕਦੀਆਂ ਹਨ। ਪਰਿਵਾਰ ਦੇ ਮੈਂਬਰਾਂ ਨਾਲ ਕੁਝ ਆਰਾਮ ਦੇ ਪਲ ਬਿਤਾਉ। ਰੋਮਾਂਟਿਕ ਯਾਦਾਂ ਅੱਜ ਤੁਹਾਡੇ ਤੇ ਛਾਈਆਂ ਰਹਿਣਗੀਆਂ ਇਕ ਅਹਿਮ ਪ੍ਰੋਜੈਕਟ ਜਿਸ ਤੇ ਤੁਸੀ ਕਾਫੀ ਸਮੇਂ ਤੋਂ ਕੰਮ ਕਰ ਰਹੇ ਹੋ ਰੁਕ ਸਕਦਾ ਹੈ। ਘਰੇਲੂ ਕੰਮਾਂ ਨੂੰ ਪੂਰਾ ਕਰਨ ਤੋਂ ਬਾਅਦ ਇਸ ਰਾਸ਼ੀ ਦੀਆਂ ਔਰਤਾਂ ਟੀਵੀ ਜਾਂ ਫਿਲਮ ਦੇਖ ਸਕਦੀਆਂ ਹਨ ਜਾਂ ਖਾਲੀ ਸਮੇਂ ਵਿਚ ਆਪਣੇ ਮੋਬਾਇਲ ਫੋਨ ਵਿਚ ਰੁਝ ਸਕਦੀਆਂ ਹਨ। ਇਹ ਤੁਹਾਡੀ ਵਿਵਾਹਿਕ ਜ਼ਿੰਦਗੀ ਦਾ ਸਭ ਤੋਂ ਖਾਸ ਦਿਨ ਰਹਿਣ ਵਾਲਾ ਹੈ ਤੁਸੀ ਪਿਆਰ ਦੀ ਗਹਿਰਾਈ ਦਾ ਅਨੁਭਵ ਕਰੋਂਗੇ।

**ਮੀਨ**: ਤੁਹਾਡੀ ਸਮੱਸਿਆਵਾਂ ਅੱਜ ਤੁਹਾਡੇ ਮਾਨਸਿਕ ਸੁੱਖ ਨੂੰ ਖਤਮ ਕਰ ਸਕਦੀਆਂ ਹਨ। ਹਾਲਾਂਕਿ ਤੁਹਾਡੀ ਆਰਥਿਕ ਸਥਿਤੀ ਵਿਚ ਸੁਧਾਰ ਆਵੇਗਾ ਪਰੰਤੂ ਪੈਸੇ ਦਾ ਲਗਾਤਾਰ ਪਾਣੀ ਦੀ ਤਰਾਂ ਵਹਿੰਦੇ ਰਹਿਣਾ ਤੁਹਾਡੀ ਯੋਜਨਾਵਾਂ ਵਿਚ ਰੁਕਾਵਟ ਪਾ ਸਕਦਾ ਹੈ। ਉਸ ਰਿਸ਼ਤੇਦਾਰ ਨੂੰ ਮਿਲੋ ਜਿਸ ਦੀ ਸਿਹਤ ਕਾਫੀ ਸਮੇਂ ਤੋਂ ਖਰਾਬ ਹੈ। ਆਪ ਨੂੰ ਪਿਆਰ ਵਿਚ ਸਫਲ ਹੋਣ ਦੀ ਕਲਪਨਾ ਲਈ ਕਿਸੇ ਦੀ ਸਹਾਇਤਾ ਕਰੋ। ਜੇਕਰ ਤੁਸੀ ਕੰਮਕਾਰ ਦੇ ਲਈ ਜਿਆਦਾ ਦਬਾਅ ਬਣਾਉਂਗੇ ਤਾਂ ਲੋਕ ਭੜਕ ਸਕਦੇ ਹਨ ਕੋਈ ਵੀ ਫੈਂਸਲਾ ਲੈਣ ਤੋਂ ਪਹਿਲਾਂ ਦੂਜਿਆਂ ਦੀਆਂ ਲੋੜਾਂ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਕਿਸੇ ਪਾਰਕ ਵਿਚ ਘੁੰਮਦੇ ਸਮੇਂ ਅੱਜ ਤੁਹਾਡੀ ਮੁਲਾਕਾਤ ਕਿਸੇ ਅਜਿਹੇ ਸਖਸ਼ ਨਾਲ ਹੋ ਸਕਦੀ ਹੈ ਜਿਸ ਨਾਲ ਅਤੀਤ ਵਿਚ ਤੁਹਾਡੇ ਮਤਭੇਦ ਸਨ। ਵਿਆਹੁਤ ਜੀਵਨ ਦੇ ਉਲਝੇ ਪਹਿਲੂ ਦਾ ਅਨੁਭਵ ਕਰਨ ਦੇ ਲਈ ਚੰਗਾ ਦਿਨ ਹੈ।

# ਪੰਜਾਬ ਦੀ ਸਥਿਤੀ ਵਿਗੜ ਕਿਉਂ ਗਈ??

ਅੱਜਕੱਲ੍ਹ ਦੇਸ਼ ਵਿੱਚ ਕੀ ਹੋ ਗਿਆ ਹੈ ,ਲੋਕਾਂ ਨੇ ਇਨਸਾਨਾਂ ਨੂੰ ਵੀ ਇੱਕ ਪੁਤਲੇ ਸਮਝ ਰੱਖਿਆ ਹੈ ਹਰ ਇਨਸਾਨ ਹੀਣ ਭਾਵਨਾ ਦਾ ਸ਼ਿਕਾਰ ਹੈ, ਹਰ ਘਰ ਦੇ ਵਿੱਚ ਨੌਜਵਾਨ ਮੁੰਡਿਆਂ ਦੀਆਂ ਲਾਸ਼ਾਂ ਤੇ ਸੱਥਰ ਵਿਛ ਰਹੇ ਹਨ ਹਰ ਰੋਜ਼ ਪਤਾ ਨਹੀਂ ਕਿੰਨੇ ਸਿਵੇ ਬਲ ਰਹੇ ਹਨ ਕੁਝ ਮਾਵਾਂ ਦੀਆਂ ਕੁੱਖਾਂ ਨਸ਼ਿਆਂ ਦੇ ਖਾਲੀ ਕਰ ਦਿੱਤੀਆਂ ਹਨ, ਕੁਝ ਆਪਸੀ ਰੰਜਿਸ਼ ਕਰਕੇ ਮਰ ਰਹੇ ਹਨ ਕੌਣ ਕਿਸ ਨੂੰ ਮਾਰ ਗਿਆ ਅੱਜ ਕੱਲ ਪਿੰਡਾਂ ਦੇ ਵਿੱਚ ਵੀ ਬਹੁਤ ਜਿਆਦਾ ਇਹ ਸਿਲਸਿਲਾ ਆਮ ਹੀ ਹੋ ਗਿਆ ਹੈ, ਪਹਿਲਾਂ ਇਹ ਚੀਜ਼ ਸ਼ਹਿਰਾਂ ਵਿੱਚ ਵੇਖੀ ਜਾਂਦੀ ਸੀ ਲੋਕ ਛੋਟੀ ਛੋਟੀ ਗੱਲ ਤੇ ਲੜਨ ਲੱਗ ਜਾਂਦੇ ਸਨ ਕਿਸੇ ਦੀ ਕਾਰ ਇੱਕ ਦੂਜੇ ਨਾਲ ਵੱਜੀ ਕੋਈ ਭੀੜ ਦੇ ਵਿੱਚ ਇੱਕ ਦੂਜੇ ਦੇ ਨਾਲ ਲੱਗ ਗਿਆ ਤਾਂ ਲੋਕੀ ਮਾਰਨ ਮਰਾਉਣ ਤੱਕ ਪਹੁੰਚ ਜਾਂਦੇ ਸੀ ਇਹ ਸਾਡੀ ਹੁਣ ਵਾਲੀ ਜਨਰੇਸ਼ਨ ਹੈ ਜੋ ਛੋਟੀ ਜਿਹੀ ਗੱਲ ਨੂੰ ਵੀ ਬਰਦਾਸ਼ਤ ਨਹੀਂ ਕਰਦੀ। ਕੰਮ ਦਾ ਲੋੜ ਜ਼ਿਆਦਾ ਹੈ ਕੁਝ ਬੇਰੁਜਗਾਰ ਹਨ ਕਮਾਈ ਘੱਟ ਹੈ ਖਰਚੇ ਜ਼ਿਆਦਾ ਦੂਸਰਾ ਹਰ ਇਨਸਾਨ ਦੇ ਉੱਪਰ ਕਰਜ਼ਾ ਬਹੁਤ ਜ਼ਿਆਦਾ ਹੈ ਅਸੀਂ ਦਿਖਾਵੇ ਦੇ ਵਿੱਚ ਖਰਚਾ ਬਹੁਤ ਜਿਆਦਾ ਕਰ ਲੈਂਦੇ ਹਾਂ, ਫਿਰ ਅਸੀਂ ਆਪਣੇ ਦਿਮਾਗ ਦਾ ਲੋਡ ਵੀ ਵਧਾ ਲੈਂਦੇ ਹਾਂ ਸਾਡੀਆਂ ਰਾਤਾਂ ਦੀਆਂ ਨੀਂਦਾਂ ਉੱਡ ਜਾਂਦੀਆਂ ਹਨ ਜਿਸ ਕੋਲ ਜਿਆਦੇ ਪੈਸਾ ਹੈ ਉਸ ਨੂੰ ਵੀ ਸਕੂਨ ਨਹੀਂ ਹੈ ਜਿਸ ਕੋ ਨਹੀਂ ਪੈਸਾ ਉਸਨੂੰ ਵੀ ਸਕੂਨ ਨਹੀਂ, ਅੱਜ ਕੱਲ ਹਰ ਵਿਅਕਤੀ ਚਾਹੇ ਉਹ ਮਿਡਲ ਕਲਾਸ ਹੈ, ਚਾਹੇ ਉਹ ਬਹੁਤ ਜਿਆਦਾ ਅਮੀਰ ਹੈ ਡਿਪਰੈਸ਼ਨ ਦਾ ਸ਼ਿਕਾਰ ਹੈ। ਮੈਨੂੰ ਲੱਗਦਾ ਹੈ ਉਸ ਤੋਂ ਵੱਧ ਕਿਤੇ ਝੁੱਗੀ ਝੋਪੜੀਆਂ ਵਾਲੇ ਖੁਸ਼ ਹਨ। ਸ਼ਾਇਦ ਜਿਨਾਂ ਨੂੰ ਪਤਾ ਹੈ ਅਸੀਂ ਸਿਰਫ ਰੋਟੀ ਹੀ ਖਾਣੀ ਹੈ ਅਸੀਂ ਬਹੁਤਾ ਜੋੜਨਾ ਅਸੀਂ ਬਹੁਤਾ ਦਿਖਾਵਾ ਨਹੀਂ ਕਰਨਾ ਸ਼ਾਇਦ ਇਸੇ ਲਈ ਉਹ ਖੁਸ਼ ਹਨ ਫਰਕ ਤਾਂ ਦੋਨਾਂ ਵਿੱਚ ਕੋਈ ਵੀ ਨਹੀਂ ਹੈ, ਹੋਰ ਲੋਕੀ ਬਿਹਾਰ ਤੋਂ ਆ ਕੇ ਇੱਥੇ ਸਾਡੇ ਕੋਲ ਕੰਮ ਕਰਦੇ ਹਨ ਪਰ ਸਾਈਕਲ ਤੋਂ ਸਕੂਟਰ ਤੇ ਆ ਜਾਂਦੇ ਹਨ ਪਰ ਅਸੀਂ ਲੋਕ ਕਨੇਡਾ ਦੇ ਵਿੱਚ ਜਾ ਕੇ ਇਨਾ ਵਿਖਾਵਾ ਕਰਦੇ ਹਾਂ ਕਿ ਅਸੀਂ ਵੱਡੀਆਂ ਗੱਡੀਆਂ ਵੱਡੇ ਘਰ ਲੈਂਦੇ ਹਾਂ ਫਿਰ ਲੋਨ ਤੇ ਲੋਨ ਚੱਕ ਲੈਂਦੇ ਹਾਂ ਮਜ਼ਦੂਰ ਲੇਬਰ ਆਪਾਂ ਵੀ ਕਨੇਡਾ ਦੇ ਵਿੱਚ ਹਾਂ ਤੇ ਬਿਹਾਰ ਦੇ ਲੋਕ ਪੰਜਾਬ ਦੇ ਵਿੱਚ ਆ ਕੇ ਲੇਵਰ ਹਨ, ਫਿਰ ਸਾਡੇ ਦੋਨਾਂ ਵਿੱਚ ਫਰਕ ਕੀ ਹੈ ਫਿਰ ਅਸੀਂ ਕਰਜਾਈ ਹੋ ਕੇ ਕਨੇਡਾ ਨੂੰ ਜਾਂਦੇ ਹਾਂ ਪਿੱਛੇ ਸਾਡੇ ਕੋਲ ਕੁਝ ਨਹੀਂ ਬਚਦਾ, ਪਿੱਛੇ ਜੋ ਘਰ ਪਰਿਵਾਰ ਦਾ ਜੀ ਇੱਕ ਅੱਧਾ ਰਹਿ ਜਾਂਦਾ ਹੈ, ਉਸ ਨੂੰ ਸ਼ਰੀਕੇ ਕਬੀਲੇ ਵਾਲਿਆਂ ਵੱਲੋਂ ਮਾਰ ਦਿੱਤੇ ਜਾਂਦੇ ਹਨ। ਜੱਟਾਂ ਦੀ ਲੜਾਈ ਵੱਟਾਂ ਪਿੱਛੇ ਖੇਤਾਂ ਪਿੱਛੇ ਹੁੰਦੀ ਹੈ ਇਹ ਲੜਾਈ ਸਦੀਆਂ ਤੋਂ ਚਲਦੀ ਆ ਰਹੀ ਹੈ ਪਰ ਜਿਸ ਤਰਾਂ ਹੁਣ ਭਿਆਨਕ ਲੜਾਈ ਹੋ ਰਹੀ ਹੈ, ਉਹ ਪਹਿਲਾਂ ਨਹੀਂ ਸੀ, ਪਹਿਲਾਂ ਵੱਡੇ ਬਜ਼ੁਰਗ ਵਿੱਚ ਪੈ ਕੇ ਖੇਤਾਂ ਵਾਲੀ ਲੜਾਈ ਕੀ ਘਰ ਵਾਲੀ ਲੜਾਈ ਵੀ ਖਤਮ ਕਰ ਲੈਂਦੇ ਸਨ। ਪਰ ਅੱਜ ਕੱਲ ਬੱਚਿਆਂ ਪਿੱਛੇ ਹੀ ਮਾਰ ਮਚਾਈ ਹੋ ਗਈ ਹੈ ਜੇ ਬੱਚਾ ਕਨੇਡਾ ਤੋਂ ਪੈਸੇ ਭੇਜ ਰਿਹਾ ਹੈ ਲੋਕੀ ਵੱਡੀਆਂ ਕੋਠੀਆਂ ਪਾ ਰਹੇ ਹਨ, ਉਹਦੇ ਵਿੱਚ ਵੀ ਆਪਣੇ ਖੁਸ਼ ਨਹੀਂ ਹੁੰਦੇ ਬੱਚੇ ਨੂੰ ਇਧਰ ਆਉਣ ਦੀ ਦੇਰ ਹੁੰਦੀ ਹੈ ਕਿ ਉਹ ਲੋਕੀ ਮਾਰਨ ਦੀਆਂ ਸਕੀਮਾਂ ਕਰਨ ਲੱਗ ਜਾਂਦੇ ਹਨ। ਕੋਈ ਵੀ ਕਿਸੇ ਨੂੰ ਰੋਟੀ ਖਾਂਦੇ ਰਾਜੀ ਨਹੀਂ ਹੈ ਫਿਰ ਇਸ ਤਰਾਂ ਤਾਂ ਪੰਜਾਬ ਬਿਲਕੁਲ ਖਾਲੀ ਹੋ ਜਾਵੇਗਾ। ਬੰਦੇ ਨੂੰ ਸਕੂਨ ਨਾ ਹੀ ਕਨੇਡਾ ਦੇ ਵਿੱਚ ਹੈ ਨਾ ਹੀ ਇੰਡੀਆ ਦੇ ਵਿੱਚ ਹੈ ਇਨਸਾਨ ਨੂੰ ਸਕੂਨ ਸਾਨੂੰ ਕਿੱਥੇ ਮਿਲੂਗਾ ਅਸੀਂ ਆਪਣਾ ਅਰਾਮ ਐਸ਼ ਲੱਭਣ ਲਈ ਦਿਨ ਰਾਤ ਭੱਜੇ ਫਿਰਦੇ ਹਾਂ, ਅਸੀਂ ਆਪਣਾ ਨੱਕ ਰੱਖਣ ਲਈ ਦਿਖਾਵਾ ਵੀ ਕਰ ਰਹੇ ਹਾਂ , ਫਿਰ ਵੀ ਅਸੀਂ ਖੁਸ਼ ਨਹੀਂ ਹਾਂ, ਕਿਉਂਕਿ ਖੁਸ਼ੀ ਲੱਭਣੀ ਨਹੀਂ ਪੈਂਦੀ ਉਹ ਸਾਡੇ ਅੰਦਰ ਹੀ ਹੁੰਦੀ ਹੈ ਪਰ ਅਸੀਂ ਆਪਣੇ ਅੰਦਰ ਝਾਕ ਕੇ ਤਾਂ ਕੁਝ ਦੇਖ ਹੀ ਨਹੀਂ ਰਹੇ? ਅਸੀਂ ਆਪਣਾ ਆਂਡ ਗੁਆਂਡ ਦੇਖਦੇ ਹਾਂ, ਬਸ ਭੱਜ ਦੌੜ ਭੱਜ ਦੌੜ ਕਰ ਰਹੇ ਹਾਂ, ਕਿਸੇ ਨੇ ਵੱਡੀ ਗੱਡੀ ਲੈ ਆਂਦੀ ਤਾਂ ਦੂਸਰੇ ਨੂੰ ਹੁੰਦਾ ਹੈ ਸਾਡੇ ਕੋਲ ਨਵੀਂ ਗੱਡੀ ਕਿਉਂ ਨਹੀਂ ਕਿਸੇ ਦਾ ਇੱਕ ਬੱਚਾ ਬਾਹਰ ਚਲਿਆ ਗਿਆ ਦੂਸਰੇ ਨੂੰ ਲੱਗਦਾ ਹੈ ਸਾਡਾ ਬੱਚਾ ਬਾਹਰ ਕਿਉਂ ਨਹੀਂ ਗਿਆ ਕਿਸੇ ਨੂੰ ਲੱਗਦਾ ਹੈ ਸਾਡੀ ਵਟ ਕਿਸੇ ਨੇ ਬਾਹ ਲਈ ਤਾਂ ਸਾਡੀ ਜਮੀਨ ਇਧਰੋਂ ਘੱਟ ਗਈ ਸਾਡਾ ਪਾਣੀ ਇਸਨੇ ਕਿਉ ਛੱਡ ਲਿਆ, ਕੀ ਅਸੀਂ ਛੋਟੀਆਂ ਛੋਟੀਆਂ ਗੱਲਾਂ ਤੇ ਆਪਣੇ ਘਰ ਖਤਮ ਕਰ ਰਹੇ ਆ ਗੋਲੀ ਮਾਰਨਾ ਆਮ ਜਿਹੀ ਗੱਲ ਹੋ ਗਈ ਕਿਸੇ ਟਾਈਮ ਅਸੀਂ ਬਿਹਾਰ ਦੇ ਵਿੱਚ ਇਹੋ ਜਿਹੀ ਸਥਿਤੀ ਨੂੰ ਦੇਖਦੇ ਹੁੰਦੇ ਸੀ, ਪਰ ਹੁਣ ਉਹੀ ਸਥਿਤੀ ਸਾਡੇ ਪੰਜਾਬ ਵਿੱਚ ਆ ਗਈ ਹੈ, ਗਰਮ ਖੂਨ ਕਿਸੇ ਵੀ ਗੱਲ ਨੂੰ ਬਰਦਾਸ਼ਤ ਨਾ ਕਰਨਾ ਹੱਦੋ ਬਾਹਰ ਦੀ ਗੱਲ ਹੋ ਗਈ ਹੈ, ਅਸੀਂ ਕਿਸੇ ਦੇ ਬੱਚੇ ਨੂੰ ਕੁਝ ਕਹਿ ਵੀ ਦਈਏ ਤਾਂ ਸਮਝ ਲਓ ਗੋਲੀ ਤੁਹਾਡੇ ਸੀਨੇ ਵਿੱਚ ਜਾ ਵੱਜਦੀ ਹੈ ਕਈ ਵਾਰ ਤਾਂ ਖੇਤਾਂ ਦੀਆਂ ਰੰਜਿਸ਼ਾਂ ਕਰਕੇ ਵੀ ਹਰ ਰੋਜ਼ ਕਿੰਨੇ ਕਤਲ ਨੌਜਵਾਨ ਮੁੰਡਿਆ ਦੇ ਹੋ ਰਹੇ ਹਨ। ਜਮੀਨ ਨੂੰ ਅਸੀਂ ਨਾ ਹੀ ਪੈਸੇ ਨੂੰ ਅਸੀਂ ਆਪਣੇ ਨਾਲ ਲੈ ਕੇ ਜਾਣਾ ਹੈ ਅਸੀਂ ਆਪਣੇ ਬੱਚਿਆਂ ਦੀਆਂ ਤੰਦਰੁਸਤੀਆਂ ਦੇਖ ਕੇ ਇੱਕ ਛੋਟਾ ਜਿਹਾ ਜਮੀਨ ਦਾ ਟੁਕੜਾ ਜੇ ਦੂਜੇ ਪਾਸੇ ਚਲਿਆ ਵੀ ਗਿਆ ਤਾਂ ਤੁਸੀਂ ਆਪਣੇ ਬੱਚਿਆਂ ਦੇ ਨਾਲ ਬਹੁਤ ਕੁਝ ਬਣਾ ਸਕਦੇ ਹੋ ,ਜਦੋਂ ਬੱਚਾ ਹੀ ਚਲਿਆ ਗਿਆ ਫਿਰ ਉਸ ਜਮੀਨ ਦੇ ਟੁਕੜੇ ਨੂੰ ਵੀ ਕੀ ਕਰੋਗੇ, ਅੱਜ ਕੱਲ ਹਰ ਕਿਸੇ ਦੇ ਇੱਕ ਇੱਕ ਹੀ ਬੱਚਾ ਹੈ ਪਹਿਲਾਂ ਲੋਕਾਂ ਦੇ ਚਾਰ ਪੰਜ ਮੁੰਡੇ ਕੁੜੀਆਂ ਜਰੂਰ ਹੁੰਦੇ ਸਨ । ਬਜ਼ੁਰਗਾਂ ਦੇ ਕੰਧੇ ਨੂੰ ਕਾਨੀ ਦੇਣ ਵਾਲੇ ਬੱਚੇ ਹੁੰਦੇ ਸਨ। ਅੱਜ ਕੱਲ ਇੱਕ ਇੱਕ ਬੱਚਾ ਹੈ ਕੋਈ ਗੁੱਸੇ ਵਿੱਚ ਘਰ ਛੱਡ ਕੇ ਚਲਿਆ ਗਿਆ, ਕਿਸੇ ਦੀ ਲਾਸ਼ ਨਹਿਰ ਵਿੱਚ ਮਿਲ ਗਈ ਕਿਸੇ ਨੇ ਸੁਸਾਈਡ ਕਰ ਲਿਆ , ਬਜ਼ੁਰਗ ਉਹਨਾਂ ਦੇ ਕੰਦਿਆਂ ਨੂੰ ਕਾਨੀ ਦੇ ਰਹੇ ਹਨਵ ਫਿਰ ਅਸੀਂ ਆਪਣੀ ਪੰਜਾਬ ਦੀ ਸਥਿਤੀ ਨੂੰ ਸੰਭਾਲ ਕਿਉਂ ਨਹੀਂ ਰਹੇ। ਪੰਜਾਬ ਦੀ ਸਥਿਤੀ ਇੰਨੀ ਡਾਵਾਂ ਡੋਲ ਕਿਉਂ ਹੋ ਰਹੀ ਹੈ। ਅਸੀਂ ਹਰ ਰੋਜ਼ ਸਵੇਰ ਦੀ ਨਿਊਜ਼ ਇਹੀ ਸੁਣਦੇ ਹਾਂ ਕਿਸੇ ਦੇ ਘਰ ਦੇ ਮੁਖੀ ਨੇ ਪੂਰੇ ਦਾ ਪੂਰੇ ਪਰਿਵਾਰ ਨੂੰ ਗੋਲੀ ਮਾਰ ਦਿੱਤੀ ਪੂਰੇ ਦੇ ਪੂਰੇ ਪਰਿਵਾਰ ਨੂੰ ਜਹਿਰ ਦੇ ਦਿੱਤੀ ਕੀ ਸਾਡਾ ਕਰਜਾ ਇਨਾ ਜਿਆਦਾ ਵੱਧ ਚੁੱਕਿਆ ਹੁੰਦਾ ਹੈ ਕਿ ਸਾਡੀ ਮਾਨਸਿਕ ਸਥਿਤੀ ਇਨੀ ਕਮਜ਼ੋਰ ਹੋ ਜਾਂਦੀ ਹੈ ਕਿ ਸੋਝੀ ਸਮਝੀ ਖਤਮ ਹੋ ਜਾਂਦੀ ਹੈ ਤੇ ਅਸੀਂ ਐਡਾ ਵੱਡਾ ਕਦਮ ਚੁੱਕ ਲੈਂਦੇ ਆਂ ਪਰ ਕੀ ਇਸ ਤਰ੍ਹਾਂ ਦੇ ਕਦਮ ਚੁੱਕ ਕੇ ਆਪਣੇ ਆਪ ਨੂੰ ਮਾਰਨਾ ਕੀ ਤੁਹਾਡੀਆਂ ਆਤਮਾ ਭਟਕਦੀਆਂ ਨਹੀਂ ਰਹਿੰਦੀਆਂ ਰੱਬ ਨੇ ਲਿਖੀ ਹੋਵੇ ਤਾਂ ਉਸ ਦੀ ਸਵਰਗਾਂ ਦੇ ਵਿੱਚ ਰੂਹ ਨੂੰ ਜਗਾ ਮਿਲ ਜਾਂਦੀ ਹੈ ਹੈ ਪਰ ਜਦੋਂ ਅਸੀਂ ਆਪਣੇ ਪਰਿਵਾਰ ਨੂੰ ਆਪਣੇ ਆਪ ਨੂੰ ਮਾਰਨ ਦਾ ਰਿਸਕ ਚੁੱਕਦੇ ਹਾਂ ਤਾਂ ਸਾਡੀ ਆਤਮਾ ਹਮੇਸ਼ਾ ਭਟਕਦੀਆਂ ਹੀ ਰਹਿੰਦੀਆਂ, ਸਾਡੀ ਰੂਹ ਨੂੰ ਸਕੂਨ ਮਰ ਕੇ ਵੀ ਨਹੀਂ ਮਿਲਦਾ। ਕਿਉਂਕਿ ਅਸੀਂ ਭੱਜ ਦੌੜ ਵਾਲੀ ਲਾਈਫ ਜੀ ਰਹੇ ਹਾਂ ਇੱਕ ਦੂਜੇ ਤੋਂ ਅੱਗੇ ਵਧਣ ਦੀ ਖਵਾਹਿਸ਼ ਸਾਨੂੰ ਕਰਜਿਆਂ ਥੱਲੇ ਦੱਬ ਦਿੰਦੀ ਹੈ ਫਿਰ ਅਸੀਂ ਉਹਨਾਂ ਨੰਨੇ ਮੁੰਨੇ ਬੱਚਿਆਂ ਨੂੰ ਵੀ ਮਾਰਨ ਤੋਂ ਸੰਕੋਚ ਨਹੀਂ ਕਰਦੇ ਜਿਨਾਂ ਦੇ ਵਿੱਚ ਸਾਡੀ ਜਾਨ ਵਸਦੀ ਹੁੰਦੀ ਹੈ। ਜਿਨਾਂ ਦੇ ਅਸੀਂ ਇਕ ਸੂਈ ਵੀ ਚੁਬਦੀ ਨਹੀਂ ਦੇਖ ਸਕਦੇ, ਅਸੀਂ ਜੇ ਅੱਡੀਆਂ ਚੁੱਕ ਕੇ ਫਾਹਾ ਨਾ ਲਈਏ ਤਾਂ ਸ਼ਾਇਦ ਅਸੀਂ ਆਪ ਸਕੂਨ ਦੀ ਜਿੰਦਗੀ ਜੀ ਸਕੀਏ ਛੋਟੀ ਛੋਟੀ ਲੜਾਈ ਨੂੰ ਇਗਨੋਰ ਕਰਨਾ ਸਿੱਖਣਾ ਚਾਹੀਦਾ ਹੈ ਗੁੱਸੇ ਤੇ ਕਾਬੂ ਹੋਣਾ ਬਹੁਤ ਜਰੂਰੀ ਹੈ ਸਾਨੂੰ ਹਰ ਰੋਜ ਮੈਡੀਟੇਸ਼ਨ ਕਰਨੀ ਬਹੁਤ ਜਰੂਰੀ ਹੈ ਡਿਪਰੈਸ਼ਨ ਵਾਲੇ ਇਨਸਾਨ ਨੂੰ ਕੌਂਸਲਿੰਗ ਬਹੁਤ ਜਰੂਰੀ ਹੈ ਛੋਟੀਆਂ ਛੋਟੀਆਂ ਗੱਲਾਂ ਨੂੰ ਦਿਮਾਗ ਦੇ ਵਿੱਚ ਨਾਲ ਲੈ ਕੇ ਅਸੀਂ ਆਪਣੇ ਆਪ ਨੂੰ ਗੁਰਬਾਣੀ ਦੇ ਨਾਲ ਜੋੜੀਏ ਤਾਂ ਅਸੀਂ ਸ਼ਾਇਦ ਜਿੰਦਗੀ ਦੀਆਂ ਆਪ ਵੀ ਤੇ ਅਸੀਂ ਆਸੇ ਪਾਸੇ ਵਾਲਿਆਂ ਨੂੰ ਵੀ ਸਕੂਨ ਦੀ ਜ਼ਿੰਦਗੀ ਦੇ ਸਕਦੇ ਹਾਂ ਅਸੀਂ ਗੁਰਦੁਆਰਿਆਂ ਚ ਮੱਥਾ ਟੇਕਣ ਜਰੂਰ ਜਾਂਦੇ ਹਾਂ ਪਰ ਸਾਡੀ ਭਟਕਣਾ ਫੋਨ ਵਿੱਚ ਜਾਂ ਸਾਡੇ ਕੰਮ ਵਿੱਚ ਹੁੰਦੀ ਹੈ। 10 ਮਿੰਟ ਅਸੀਂ ਗੁਰਦੁਆਰਾ ਦੇ ਵਿੱਚ ਬਹਿ ਕੇ ਪਾਠ ਨਹੀਂ ਕਰ ਸਕਦੇ, ਕਿਉਂਕਿ ਸਾਡੀ ਆਤਮਾ ਤਾਂ ਬਾਹਰ ਭਟਕ ਰਹੀ ਹੁੰਦੀ ਹ ਜਿਆਦਾਤਰ ਅਸੀਂ ਲੋਕਾਂ ਦੀਆਂ ਗੱਡੀਆਂ ਦੇਖਣ ਵਿੱਚ ਲਾ ਦਿੰਦੇ ਆ ਸਾਡੇ ਅੰਦਰ ਇੱਕ ਹੀਣਭਾਵਨਾ ਜਾਗ ਪੈਂਦੀ ਹੈ ਸਾਡੇ ਅੰਦਰ ਲੋਕਾਂ ਪ੍ਰਤੀ ਈਰਖਾ ਜਾਗ ਪੈਂਦੀ ਹੈਂ ਅਸੀਂ ਗੁਰਬਾਣੀ ਦੇ ਨਾਲ ਜੁੜ ਕੇ ਇਸ ਈਰਖਾ ਇਸ ਹੀਣ ਭਾਵਨਾ ਨੂੰ ਮਿਟਾਉਣਾ ਹੈ ਕਦੇ ਵੀ ਦੂਸਰੇ ਦੀ ਗੱਲ ਦਾ ਜਵਾਬ ਨਾ ਦੇਵੋ ਉਥੇ ਚੁੱਪ ਕਰ ਜਾਵੋ ਜਦੋਂ ਉਸ ਇਨਸਾਨ ਦਾ ਗੁੱਸਾ ਉਤਰ ਜਾਵੇ ਤਾਂ ਉਸ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰੋਂ। ਸੋਸ਼ਲ ਮੀਡੀਆ ਤੇ ਵੀ ਜਦੋਂ ਅਸੀਂ ਇੱਕ ਦੂਜੇ ਦੀ ਗੱਲ ਦਾ ਜਵਾਬ ਦਿੰਦੇ ਹਾਂ ਤਾਂ ਅਸੀਂ ਖੁਦ ਹੀ ਡਿਪਰੈਸ਼ਨ ਵਿੱਚ ਆ ਜਾਂਦੇ ਹਾਂ ਅਸੀਂ ਮੁੱਲ ਦੀ ਲੜਾਈ ਲੈ ਰਹੇ ਹਾਂ ਸਭ ਤੋਂ ਵੱਡਾ ਡਿਪਰੈਸ਼ਨ ਵਿੱਚੋਂ ਨਿਕਲਣਾ ਹੱਲ ਇਹੀ ਹੈ ਕਿ ਜੋ ਕੋਈ ਤੁਹਾਨੂੰ ਕੁਝ ਕਹਿੰਦਾ ਜਾਂ ਸੋਸ਼ਲ ਮੀਡੀਆ ਤੇ ਤੁਹਾਡੇ ਬਾਰੇ ਕੁਝ ਲਿਖਦਾ ਤਾਂ ਉਸਨੂੰ ਇਗਨੋਰ ਕਰ ਦਿਓ ਉਸ ਨੂੰ ਚੁੱਪ ਕਰਕੇ ਪਾਸੇ ਲੰਘ ਜਾਓ ਆਪਣਾ ਕੰਮ ਕਰਨਾ ਸ਼ੁਰੂ ਕਰ ਦੇ ਲੋਕ ਇੱਕ ਦਿਨ ਤੁਹਾਡੇ ਬਾਰੇ ਬੁਰਾ ਕਹਿਣਗੇ ਦੋ ਦਿਨ ਤੁਹਾਡੇ ਬਾਰੇ ਬੁਰਾ ਲਿਖਣਗੇ ਜਦੋਂ ਤੁਸੀਂ ਉਹਨਾਂ ਦੀ ਗੱਲ ਦਾ ਜਵਾਬ ਨਹੀਂ ਦੇਵੋਗੇ ਤਾਂ ਉਹ ਲੋਕ ਖੁਦ ਹੀ ਖੁਦ ਪਿੱਛੇ ਹਟ ਜਾਣਗੇ ।ਸਾਨੂੰ ਇਹ ਚੀਜ਼ ਬੱਚਿਆਂ ਨੂੰ ਸਮਝਾਉਣੀ ਬਹੁਤ ਜਰੂਰੀ ਹੈ ਤਾਂ ਜੋ ਬੱਚੇ ਕਿਸੇ ਹੋਰ ਦਾ ਘਰ ਉਜਾੜ ਕੇ ਆਪਣਾ ਘਰ ਵੀ ਨਾ ਜਾ ਕਿਸੇ ਹੋਰ ਦੇ ਬੱਚੇ ਨੂੰ ਮਾਰ ਕੇ ਆਪ ਜੇਲ ਚਲੇ ਜਾਣਗੇ ਦੋ ਘਰ ਉਜੜ ਗਏ ਦੋ ਬੱਚਿਆਂ ਦੇ ਮਾਂ ਬਾਪ ਘਰ ਵਿੱਚ ਖੂਨ ਦੇ ਅੱਥਰੂ ਰੋ ਰਹੇ ਜਿਸ ਤਰ੍ਹਾਂ ਹਰ ਰੋਜ਼ ਦੇ ਸਿਵੇ ਬਲ ਰਹੇ ਹਨ ਮੈਨੂੰ ਲੱਗਦਾ ਹੈ ਕਿ ਇਸ ਤਰਾਂ ਇੱਕ ਦਿਨ ਸਾਨੂੰ ਇਹਨਾਂ ਲਾਸ਼ਾਂ ਨੂੰ ਜਲਾਉਣ ਤੋਂ ਪਹਿਲਾਂ ਆਪਣੇ ਆਪ ਨੂੰ ਮਾਰਨਾ ਪਵੇਗਾ ਕਿਉਂਕਿ ਇਨੀਆਂ ਲਾਸ਼ਾਂ ਇੱਕ ਇਨਸਾਨ ਹਰ ਰੋਜ਼ ਦੇਖਦਾ ਹਰ ਰੋਜ਼ ਜਲਾਉਂਦਾ ਹੈ,ਕੀ ਉਹਦੀ ਮਾਨਸਿਕ ਸਥਿਤੀ ਅਡੋਲ ਰਹਿ ਪਾਵੇਗੀ?? ਨਹੀਂ ਉਹ ਖੁਦ ਹੀ ਡਿਪਰੈਸ਼ਨ ਚ ਵਿੱਚ ਚਲਿਆਂ ਜਾਵੇਗਾ ।ਇੱਕ ਕਮਲਿਆਂ ਵਾਲੀ ਉਸਦੀ ਸਥਿਤੀ ਹੋ ਜਾਵੇਗੀ। ਮਾਵਾਂ ਕਿੰਨੀਆਂ ਡਿਪਰੈਸ਼ਨ ਚ ਜਾ ਰਹੀਆਂ ਹਨ, ਘਰ ਬਿਲਕੁਲ ਖਾਲੀ ਹੋ ਗਏ ਹਨ । ਸਭ ਦਾ ਬੱਚਾ ਇੱਕ ਇੱਕ ਹੈ ਉਸ ਨੂੰ ਬਾਹਰ ਭੇਜ ਦਿੱਤੇ ਹਨ ਉਹ ਘਰ ਖਾਲੀ ਹਨ ਕੁਝ ਰੋਜ ਦੇ ਮਾਰ ਮਰਾਈ ਮਾਰ ਮਰਾਈ ਹੋ ਰਹੀ ਹੈ ਫਿਰ ਅਸੀਂ ਕਹਿੰਦੇ ਹਾਂ ਜੋ ਕਿਸਮਤ ਚ ਲਿਖਿਆ ਹੁੰਦਾ ਹੈ ,ਸਾਨੂੰ ਪੰਜਾਬ ਦੀ ਸਥਿਤੀ ਕੀ ਪਹਿਲਾਂ ਸਾਨੂੰ ਆਪਣੇ ਘਰ ਦੀ ਸਥਿਤੀ ਨੂੰ ਸੰਭਾਲਣਾ ਬਹੁਤ ਜਰੂਰੀ ਹੈ। ਸਾਨੂੰ ਆਪਣੇ ਆਪ ਨੂੰ ਸੰਭਾਲਣਾ ਬਹੁਤ ਜਰੂਰੀ ਹੈ ਅਸੀਂ ਪੂਰੇ ਦੇ ਪੂਰੇ ਪਰਿਵਾਰ ਨੂੰ ਆਪਦੀਆਂ ਕੁਝ ਕੁ ਗਲਤ ਡਿਸੀਜ਼ਨ ਚੱਕ ਕੇ ਬੱਚਿਆਂ ਨੂੰ ਮਾੜੇ ਦਿਨ ਦਿਖਾਉਂਦੇ ਹਾਂ ਤਾਂ ਫਿਰ ਅਸੀਂ ਸੁਸਾਈਡ ਕਰਨ ਤੱਕ ਜਾਂਦੇ ਹਾਂ ਬੱਚਿਆਂ ਨੂੰ ਵੀ ਖੁਦ ਹੀ ਮਾਰ ਦਿੰਦੇ ਹਾਂ ਉਹ ਗਲਤ ਹੈ ਅਸੀਂ ਆਪਣੀ ਜਿੰਦਗੀ ਜੀ ਚੁੱਕੇ ਹਾਂ ਜਦੋਂ ਬੱਚਿਆਂ ਨੇ ਆਪਣੀ ਜਿੰਦਗੀ ਜੀਉਣ ਦੀ ਹੈ ਤਾਂ ਅਸੀਂ ਉਹਨਾਂ ਨੂੰ ਆਪਣੀਆਂ ਗਲਤੀਆਂ ਕਰਕੇ ਮਾਰ ਦਿੰਦੇ ਫਿਰ ਸਾਨੂੰ ਮਾਂ ਬਾਪ ਬਣਦਾ ਹੱਕ ਕਿਸਨੇ ਦਿੱਤਾ ਪਰਮਾਤਮਾ ਨੇ ਤੁਹਾਨੂੰ ਖੁਸ਼ੀਆਂ ਦਿੱਤੀਆਂ ਹੈ ਉਹਨਾਂ ਖੁਸ਼ੀਆਂ ਨਾਲ ਸਮਝੌਤਾ ਨਾ ਕਰੋ ਅੱਡੀਆਂ ਚੱਕ ਕੇ ਫਾਹਾ ਨਾ ਲਵੋ ਆਪਣੀ ਤੇ ਆਪਣੇ ਬੱਚਿਆਂ ਨੂੰ ਸੁਰੱਖਿਅਤ ਰੱਖੋ।





ਡਾ.ਦਵਿੰਦਰ ਕੌਰ ਖੁਸ਼
ਧਾਲੀਵਾਲ,ਖੋਜਕਾਰ,ਧੂਰਕੋਟ
ਮੋਗਾ

# ਭਾਰਤ ਪ੍ਰਤੀ ਅਮਰੀਕਾ ਦੀ ਤਾਨਾਸ਼ਾਹੀ ਰਵੱਈਆ



ਜਦੋਂ ਤੋਂ ਡੋਨਲਡ ਟਰੰਪ ਅਮਰੀਕਾ ਦੇ ਰਾਸ਼ਟਰਪਤੀ ਬਣੇ ਹਨ ਉਦੋਂ ਤੋਂ ਹੀ ਉਨ੍ਹਾਂ ਦਾ ਰਵੱਈਆ ਭਾਰਤ ਵਰਗੇ ਦੇਸ਼ਾਂ ਨਾਲ ਵਧੀਆ ਨਹੀਂ ਹੈ । ਉਹ ਕਦੇ ਰੂਸ ਨੂੰ ਧਮਕੀਆਂ ਦੇਣ ਲੱਗ ਜਾਂਦਾ ਹੈ, ਕਦੇ ਈਰਾਨ ਤੇ ਹਮਲਾ ਕਰ ਦਿੰਦਾ ਹੈ ਅਤੇ ਕਦੇ ਯੂਕਰੇਨ ਦੇ ਰਾਸ਼ਟਰਪਤੀ ਨੂੰ ਗੱਲਬਾਤ ਲਈ ਬੁਲਾ ਕੇ ਉਸ ਤੇ ਸਮਝੌਤਾ ਲਈ ਦਬਾਅ ਬਣਾਉਣ ਦਾ ਯਤਨ ਕਰਦਾ ਹੈ। ਹੁਣ ਭਾਰਤ ਨੂੰ ਸਿੱਧੇ ਤੌਰ ਤੇ ਰੂਸ ਤੋਂ ਕੱਚਾ ਤੇਲ ਨਾ ਖਰੀਦਣ ਲਈ ਜ਼ੋਰ ਪਾ ਰਿਹਾ ਹੈ । ਉਸਦੀਆਂ ਧਮਕੀਆਂ ਵਿਚ ਖੋਖਲੇਪਣ ਅਤੇ ਹੰਕਾਰ ਦੀ ਬੂਅ ਨਜ਼ਰ ਆ ਰਹੀ ਹੈ । ਅੱਜ ਦੇ ਸਮੇਂ ਟੈਰਿਫ ਵਧਾਉਣੇ ਦੂਸਰੇ ਮੁਲਕ ਨੂੰ ਸਜ਼ਾ ਦੇਣ ਦੇ ਬਰਾਬਰ ਮੰਨਿਆ ਜਾਂਦਾ ਹੈ ।

ਦੁਨੀਆ ਡੋਨਲਡ ਟਰੰਪ ਦੀ ਬੁਖਲਾਹਟ ਸਮਝਦੀ ਹੈ । ਉਸਦਾ ਮੁੱਖ ਮਕਸਦ ਆਪਣੇ ਵਪਾਰ ਨੂੰ ਸਿਖਰਾਂ ਤੱਕ ਪਹੁੰਚਾਉਣਾ ਹੈ । ਉਹ ਭਾਰਤ ਨੂੰ ਸਿਰਫ਼ ਇਸ ਲਈ ਵਧੀਆ ਭਾਈਵਾਲ ਨਹੀਂ ਮੰਨ ਰਿਹਾ ਕਿਉਂਕਿ ਭਾਰਤ ਰੂਸ ਨਾਲ ਵਪਾਰਕ ਨੇੜਤਾ ਵਧਾ ਰਿਹਾ ਹੈ । ਇਸੇ ਬੁਖਲਾਹਟ ਕਰਕੇ ਹੀ ਉਹ ਲੱਗਭਗ 1700 ਗੈਰਕਾਨੂੰਨੀ ਤੌਰ ਤੇ ਅਮਰੀਕਾ ਪਹੁੰਚੇ ਭਾਰਤੀਆਂ ਨੂੰ ਗੁਲਾਮਾਂ ਵਾਂਗ ਭਾਰਤ ਵਾਪਸ ਭੇਜ ਚੁੱਕਿਆ ਹੈ । ਪਿਛਲੇ ਦਿਨੀਂ ਗੁਆਂਢੀ ਮੁਲਕ ਨਾਲ ਵਪਾਰਕ ਸਬੰਧ ਸੁਧਾਰਦਿਆਂ ਉਸਨੂੰ ਟੈਕਸ 29 ਫੀਸਦੀ ਤੋਂ ਘਟਾ ਕਿ 19 ਫੀਸਦੀ ਕਰ ਰਿਹਾ ਹੈ । ਪਰ ਭਾਰਤ ਤੇ ਟੈਕਸ 50% ਤੱਕ ਵਧਾ ਕੇ ਵੀ ਉਹ ਭਾਰਤ ਨੂੰ ਧਮਕੀਆਂ ਦੇ ਬਿਆਨ ਦਾਗ਼ ਰਿਹਾ ਹੈ ।

ਅਸਲ ਵਿੱਚ ਕੁੱਝ ਪਿੱਛੇ ਮੁੜ ਕੇ ਵੇਖਿਆ ਜਾਵੇ ਤਾਂ ਸੰਸਾਰਿਕ ਠੰਢੀ ਜੰਗ ਤੋਂ ਬਾਅਦ ਅਮਰੀਕਾ ਨੂੰ ਦੁਨੀਆ ਤੇ ਆਪਣੀ ਧੌਂਸ ਜਮਾਉਣ ਦੀ ਆਦਤ ਪੈ ਗਈ ਹੈ । ਸਭ ਤੋਂ ਪਹਿਲਾਂ ਅਮਰੀਕਾ ਨੇ ਗ੍ਰੇਨਾਡਾ ਵਰਗੇ ਕੈਰੀਬੀਅਨ ਗੁਆਂਢੀਆਂ , ਵੀਅਤਨਾਮੀਆਂ ਅਤੇ 1986 ਵਿੱਚ ਲਿਬੀਅਨਾਂ ਉਪਰ ਹਮਲਾਵਰ ਕਾਰਵਾਈ ਕੀਤੀ ਅਤੇ ਉਸ ਤੋਂ ਬਾਅਦ ਇਰਾਕ ਉਪਰ ਰਸਾਇਣਕ ਹਥਿਆਰਾਂ ਦੇ ਨਾਂ ਤੇ ਤਖਤਾ ਪਲਟਾਉਣ ਤੋਂ ਬੰਦਸ਼ਾਂ ਲਾਉਣ ਤੱਕ ਕਾਰਵਾਈ ਕਰਦਾ ਰਿਹਾ । ਲਿਬੀਆ ਦੇ ਕਰਨਲ ਗੱਦਾਫ਼ੀ ਇਸਦੇ ਸ਼ਿਕਾਰ ਬਣੇ । ਸੂਡਾਨ ਵਰਗੇ ਦੇਸ਼ਾਂ ਤੇ ਦਹਿਸ਼ਤਗਰਦਾਂ ਨੂੰ ਖਤਮ ਕਰਨ ਦੇ ਨਾਮ ਤੇ ਮਿਜ਼ਾਇਲ ਦਾਗ਼ ਦਿੰਦਾ ਰਿਹਾ ਹੈ, ਜਿਹੜਾ ਕਿ ਇਸਦੀ ਧੌਂਸ ਦਾ ਨੰਗਾ ਨਾਚ ਹੁੰਦਾ ਹੈ । ਅਫਗਾਨਿਸਤਾਨ ਚੋਂ ਇਸਨੂੰ ਖਹਿੜਾ ਛੁਡਾ ਕੇ ਭੱਜਣਾ ਪਿਆ । ਗੱਲ ਕੀ ਅਮਰੀਕਾ ਆਪਣੇ ਆਪ ਨੂੰ ਸੁਪਰ ਤਾਕਤ ਸਮਝ ਰਿਹਾ ਹੈ ਅਤੇ ਸੰਸਾਰ ਵਿੱਚ ਅਮਨ ਦਾ ਮਸੀਹਾ ਕਹਾਉਣ ਦਾ ਯਤਨ ਕਰ ਰਿਹਾ ਹੈ । ਪਰ ਮਾੜੀਆਂ ਸੋਚਾਂ ਅਤੇ ਮਾੜੀਆਂ ਨੀਅਤਾਂ ਕਾਰਨ ਫਿਰ ਮੂੰਹ ਦੀ ਖਾਣੀ ਪੈਂਦੀ ਹੈ ।

ਭਾਰਤ ਨੂੰ ਪਹਿਲਾਂ ਵੀ ਸੀ ਟੀ ਬੀ ਟੀ ਦੇ ਮਾਮਲੇ ਤੇ ਦਸਤਖ਼ਤ ਨਾ ਕਰਨ ਤੇ ਬੰਦਿਸ਼ਾਂ ਦਾ ਸਾਹਮਣਾ ਕਰਦਿਆਂ ਇਸਦੀ ਧੌਂਸ ਦਾ ਸ਼ਿਕਾਰ ਹੋਣਾ ਪਿਆ ਹੈ । ਪਰ ਸਰਦਾਰ ਮਨਮੋਹਨ ਸਿੰਘ ਜਿਹੇ ਅਰਥ ਸ਼ਾਸਤਰੀ ਕਾਰਨ ਇਸਦੀਆਂ ਬੰਦਿਸ਼ਾਂ ਬਹੁਤਾ ਅਸਰਦਾਇਕ ਸਾਬਤ ਨਹੀਂ ਹੋਈਆਂ । ਅੱਜ ਦੇ ਸਮੇਂ ਯੂ ਐਨ ਓ ਨੂੰ ਆਪਣੀ ਚੁੱਪ ਤੋੜਨੀ ਚਾਹੀਦੀ ਹੈ । ਸੰਸਾਰ ਨੇ ਇਸਦੀ ਸਥਾਪਨਾ ਹੀ ਇਸ ਮਕਸਦ ਲਈ ਕੀਤੀ ਸੀ ਕਿ ਵਿਕਸਤ ਦੇਸ਼ ਕਲਿਆਣਕਾਰੀ ਬਣਨਗੇ ਅਤੇ ਯੂ ਐਨ ਓ ਕਿਤੇ ਵੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਹੀਂ ਹੋਣ ਦੇਵੇਗੀ । ਪਰ ਅੱਜ ਇਹ ਸੰਘ ਵੀ ਇਸਦੀ ਘੁਰਕੀ ਅੱਗੇ ਚੁੱਪ ਹੈ ਅਤੇ ਗਾਜ਼ਾ ਵਿੱਚ ਹੁੰਦਾ ਮਨੁੱਖੀ ਕਤਲੇਆਮ ਇਸਨੂੰ ਵਿਖਾਈ ਨਹੀਂ ਦੇ ਰਿਹਾ।

ਖ਼ੈਰ, ਅਮਰੀਕਾ ਦੁਨੀਆ ਨੂੰ ਆਪਣਾ ਰੰਗ ਵਿਖਾ ਰਿਹਾ ਹੈ । ਕਦੇ ਕਿਸੇ ਦੇਸ਼ ਨੂੰ ਰਲਕੇ ਵਪਾਰ ਕਰਨ ਦਾ ਸੱਦਾ ਦਿੰਦਾ ਹੈ, ਕਦੇ ਧਮਕੀਆਂ ਤੇ ਉਤਰ ਆਉਂਦਾ ਹੈ। ਭਾਰਤ ਜਾਣਦਾ ਹੈ ਕਿ ਅਮਰੀਕਾ ਖੁਦ ਆਪ ਪਰਮਾਣੂ ਅਤੇ ਆਟੋਮੋਬਾਈਲ ਉਦਯੋਗਾਂ ਲਈ ਰੂਸੀ ਸਮਾਨ ਖਰੀਦ ਰਿਹਾ ਹੈ । ਅਮਰੀਕਾ ਅਤੇ ਯੂਰਪੀਨ ਯੂਨੀਅਨ ਦੇ ਦੋਗਲੇ ਕਿਰਦਾਰਾਂ ਨੂੰ ਭਾਰਤ ਦੁਨੀਆ ਅੱਗੇ ਰੱਖ ਰਿਹਾ ਹੈ । ਕਿਉਂਕਿ ਇਹਨਾਂ ਖੁਦ ਰੂਸ ਨਾਲ ਕਾਰੋਬਾਰੀ ਸਬੰਧ ਰੱਖੇ ਹੋਏ ਹਨ । ਜੇ ਅਮਰੀਕਾ ਸ਼ਰੇਆਮ ਭਾਰਤ ਨੂੰ ਟੈਰਿਫ ਵਧਾਉਂਣ ਤੇ ਬੰਦਿਸ਼ਾਂ ਲਗਾਉਣ ਦੀ ਸੋਚ ਰਿਹਾ ਹੈ ਤਾਂ ਭਾਰਤ ਵੀ ਇਸਨੂੰ ਨੂੰ ਆਪਣਾ ਸ਼ੀਸ਼ਾ ਦਿਖਾ ਸਕਦਾ ਹੈ । ਕੱਲ੍ਹ ਐਕਸ ਤੇ ਪਾਈ ਗਈ ਕਲਿਪਿੰਗ ਅਮਰੀਕਾ ਨੂੰ ਵਰਜਣ ਲਈ ਕਾਫ਼ੀ ਹੈ । ਜਦੋਂ ਅਮਰੀਕਾ ਨੇ 1971 ਵਿੱਚ ਭਾਰਤ ਪਾਕਿ ਜੰਗ ਦੇ ਸਮੇਂ ਪਾਕਿਸਤਾਨ ਨੂੰ ਅਰਬਾਂ ਦੇ ਹਥਿਆਰ ਭੇਜੇ ਸਨ ਤਾਂ ਕਿ ਭਾਰਤ ਨੂੰ ਟੱਕਰ ਦੇ ਸਕੇ । ਉਥੇ ਰੂਸ ਅਤੇ ਫਰਾਂਸ ਭਾਰਤ ਦੇ ਹੱਕ ਵਿੱਚ ਖੜ੍ਹੇ ਸਨ । ਇਸ ਮਾਹੌਲ ਵਿੱਚ ਰੂਸ ਅੱਜ ਵੀ ਭਾਰਤ ਦੇ ਅਧਿਕਾਰ ਦਾ ਸਮਰਥਣ ਕਰ ਰਿਹਾ ਹੈ।

ਭਾਰਤ ਇੱਕ ਆਜ਼ਾਦ ਅਤੇ ਲੋਕਤੰਤਰਿਕ ਦੇਸ਼ ਹੈ । ਦੁਨੀਆ ਭਰ ਦੇ ਮੰਚ ਤੇ ਆਪਣੀ ਆਵਾਜ਼ ਮਜ਼ਬੂਤੀ ਨਾਲ ਪੇਸ਼ ਕਰੇਗਾ ਅਤੇ ਕਰਨੀ ਵੀ ਚਾਹੀਦੀ ਹੈ । ਇਹ ਅਮਰੀਕਾ ਦਾ ਪਿਛਲਗ ਨਹੀਂ ਹੈ । ਇਹ ਡਰਪੋਕ ਵੀ ਨਹੀਂ ਹੈ ਕਿ ਅਮਰੀਕਾ ਦੀ ਹਾਂ ਵਿੱਚ ਹਾਂ ਮਿਲਾ ਦੇਵੇਗਾ । ਇਹ ਵਿਕਾਸ ਦੇ ਰਾਹ ਤੇ ਹੈ ਅਮਰੀਕਾ ਦੀਆਂ ਗਿੱਦੜ ਭਬਕੀਆਂ ਦਾ ਟਾਕਰਾ ਕਰੇਗਾ । ਦੁਨੀਆ ਵਿੱਚ ਆਪਣੀ ਛਬੀ ਬਰਕਰਾਰ ਰੱਖੇਗਾ , ਮੈਨੂੰ ਇਸਤੇ ਪੂਰਾ ਮਾਣ ਹੈ ਕਿ ਭਾਰਤ ਆਪਣੀ ਤਾਕਤ ਦੀ ਅਹਿਮੀਅਤ ਦਾ ਅੰਦਾਜ਼ਾ ਜ਼ਰੂਰ ਲਗਾਏਗਾ ਅਤੇ ਤਾਨਾਸ਼ਾਹ ਨੂੰ ਸਮਝਾਉਣ ਲਈ ਯਤਨਸ਼ੀਲ ਰਹੇਗਾ ।



ਰਜਿੰਦਰ ਸਿੰਘ ਰਾਜਨ,
9876184954






# 'ਮਾਂਗ ਭਰ-ਭਰ ਕੇ ਥੱਕ ਗਿਆਂ...!'

## 50 ਵਾਰ ਵਿਆਹ ਕਰਵਾ ਚੁੱਕੇ ਮਸ਼ਹੂਰ ਅਦਾਕਾਰ ਨੇ ਸਭ ਨੂੰ ਕੀਤਾ ਹੈਰਾਨ



ਇੱਕ ਮਸ਼ਹੂਰ ਟੀਵੀ ਅਦਾਕਾਰ ਨੇ ਆਪਣੇ ਵਿਆਹ ਅਤੇ ਰਿਸ਼ਤੇ ਬਾਰੇ ਗੱਲ ਕੀਤੀ। ਅਦਾਕਾਰ ਨੇ ਵਿਆਹ ਬਾਰੇ ਆਪਣੇ ਤਾਜ਼ਾ ਇੰਟਰਵਿਊ ਵਿੱਚ ਇੱਕ ਹੈਰਾਨ ਕਰਨ ਵਾਲਾ ਖੁਲਾਸਾ ਕੀਤਾ ਹੈ। ਕਲਰਜ਼ ਚੈਨਲ ਦੇ ਸ਼ੋਅ ਸਵਰਾਗਿਨੀ ਵਿੱਚ ਲਕਸ਼ਯ ਦੀ ਭੂਮਿਕਾ ਨਿਭਾ ਕੇ ਪ੍ਰਸਿੱਧੀ ਹਾਸਲ ਕਰਨ ਵਾਲੇ ਨਮੀਸ਼ ਤਨੇਜਾ ਕਿਸੇ ਜਾਣ-ਪਛਾਣ ਦੇ ਮੁਹਤਾਜ਼ ਨਹੀਂ ਹਨ। ਉਹ 30 ਸਾਲ ਦੇ ਹਨ ਪਰ ਹਾਲੇ ਵੀ ਸਿੰਗਲ ਹਨ।

ਇਕ ਇੰਟਰਵਿਊ ਵਿੱਚ ਨਮੀਸ਼ ਨੇ ਵਿਆਹ ਬਾਰੇ ਖੁੱਲ੍ਹ ਕੇ ਗੱਲ ਕੀਤੀ। ਅਦਾਕਾਰ 13 ਸਾਲਾਂ ਤੋਂ ਇੱਕ ਰਿਸ਼ਤੇ ਵਿੱਚ ਹੈ। ਉਨ੍ਹਾਂ ਦੀ ਪ੍ਰੇਮਿਕਾ ਦਾ ਨਾਮ ਆਂਚਲ ਹੈ। ਵਿਆਹ ਬਾਰੇ ਗੱਲ ਕਰਦੇ ਹੋਏ ਅਦਾਕਾਰ ਨੇ ਕਿਹਾ ਕਿ ਉਨ੍ਹਾਂ ਨੂੰ ਵਿਆਹ ਕਰਨ ਦੀ ਲਾਲਸਾ ਨਹੀਂ ਹੁੰਦੀ। ਕਿਉਂਕਿ ਉਨ੍ਹਾਂ ਨੇ ਸਕ੍ਰੀਨ 'ਤੇ 50 ਤੋਂ ਵੱਧ ਵਿਆਹ ਕੀਤੇ ਹਨ।

ਨਮੀਸ਼ ਨੇ ਕਿਹਾ ਕਿ ਪਰ ਪਿਛਲੇ ਇੱਕ ਸਾਲ ਤੋਂ ਮੈਨੂੰ ਇਹ ਮਹਿਸੂਸ ਹੋਣ ਲੱਗਾ ਹੈ ਕਿ ਹਾਂ, ਮੈਨੂੰ ਵਿਆਹ ਕਰਨਾ ਚਾਹੀਦਾ ਹੈ। ਮੈਂ ਸਭ ਕੁਝ ਪਲੈਨਿੰਗ ਨਾਲ ਹੀ ਕਰਾਂਗਾ। ਕਿਉਂਕਿ ਡੇਲੀ ਸ਼ੋਪ ਵਿੱਚ ਮੁਫਤ ਦੇ ਵਿਆਹ ਹੋਇਆ ਕਰਦੇ ਸਨ। ਅਦਾਕਾਰ ਨੇ ਕਿਹਾ ਕਿ ਮੈਂ ਇੰਨੀ ਵਾਰ ਮਾਂਗ ਭਰ ਦਿੱਤੀ ਹੈ ਕਿ ਮੈਂ ਥੱਕ ਗਿਆ ਹਾਂ। ਮੇਰੀਆਂ ਬਹੁਤ ਸਾਰੀਆਂ ਪਤਨੀਆਂ ਹਨ। ਮੈਂ ਆਂਚਲ ਨਾਲ 13 ਸਾਲਾਂ ਤੋਂ ਰਿਸ਼ਤੇ 'ਚ ਹਾਂ ਪਰ ਮੈਨੂੰ ਕਦੇ ਵਿਆਹ ਕਰਨ ਦੀ ਇੱਛਾ ਨਹੀਂ ਹੋਈ ਕਿਉਂਕਿ ਮੈਂ ਸਕ੍ਰੀਨ 'ਤੇ ਬਹੁਤ ਵਾਰ ਵਿਆਹ ਕੀਤਾ ਹੈ।

ਨਮੀਸ਼ ਨੇ ਕਿਹਾ ਕਿ ਇੱਕ ਸਾਲ ਘਰ ਬੈਠਣ ਤੋਂ ਬਾਅਦ ਮੈਨੂੰ ਲੱਗਣ ਲੱਗਾ ਕਿ ਮੈਨੂੰ ਹੁਣ ਵਿਆਹ ਕਰਨਾ ਪਵੇਗਾ। ਅਦਾਕਾਰ ਨੇ ਕਿਹਾ ਕਿ ਉਹ ਆਂਚਲ ਨੂੰ ਲੋਖੰਡਵਾਲਾ ਵਿੱਚ ਮਿਲੇ ਸਨ। ਮੈਂ ਦਿੱਲੀ ਤੋਂ ਆਇਆ ਸੀ ਅਤੇ ਉਹ ਮੁੰਬਈ ਵਿੱਚ ਬਰਗਰ ਖਾ ਰਹੀ ਸੀ। ਮੈਨੂੰ ਉਨ੍ਹਾਂ ਨੂੰ ਦੇਖਦੇ ਹੀ ਉਸ ਨਾਲ ਪਿਆਰ ਹੋ ਗਿਆ। ਉਨ੍ਹਾਂ ਨੇ ਕਿਹਾ ਕਿ ਜਿਵੇਂ ਹੀ ਮੈਂ ਆਂਚਲ ਨੂੰ ਦੇਖਿਆ, ਮੈਂ ਉਸਨੂੰ ਪੁੱਛਿਆ ਕਿ ਕੀ ਉਹ ਫੇਸਬੁੱਕ 'ਤੇ ਹਨ, ਉਨ੍ਹਾਂ ਨੇ ਇਨਕਾਰ ਕਰ ਦਿੱਤਾ। ਮੈਂ ਉਨ੍ਹਾਂ ਦਾ ਵਟਸਐਪ ਨੰਬਰ ਲਿਆ। ਮੈਂ ਉਨ੍ਹਾਂ ਨਾਲ 3-4 ਮਹੀਨਿਆਂ ਤੋਂ ਗੱਲ ਸ਼ੁਰੂ ਕੀਤੀ ਅਤੇ ਮੈਂ ਹਾਲੇ ਵੀ ਉਨ੍ਹਾਂ ਗੱਲ ਕਰਦਾ ਹਾਂ।

# ਪੰਜਾਬੀ ਸਨਸੇਸ਼ਨ ਗਿੱਪੀ ਗਰੇਵਾਲ ਦਾ ਨਵਾਂ ਧਮਾਕੇਦਾਰ ਗੀਤ 'ਕੈਮਰਾ' ਰਿਲੀਜ਼




ਟੀ-ਸੀਰੀਜ਼ ਦੁਆਰਾ ਪੇਸ਼ ਕੀਤਾ ਗਿਆ ਪੰਜਾਬੀ ਸਨਸੇਸ਼ਨ ਗਿੱਪੀ ਗਰੇਵਾਲ ਦਾ ਨਵਾਂ ਧਮਾਕੇਦਾਰ ਗੀਤ 'ਕੈਮਰਾ' ਰਿਲੀਜ਼ ਹੋ ਗਿਆ ਹੈ। ਚਾਰਟਬਸਟਰ ਸੰਗੀਤ ਜੋੜੀ ਦੇਸੀ ਕਰੂ ਦੁਆਰਾ ਕੰਪੋਜ਼ ਕੀਤੇ ਗਏ ਸੰਗੀਤ ਅਤੇ ਸ਼ਕਤੀਸ਼ਾਲੀ ਬੋਲਾਂ ਨਾਲ, ਇਹ ਗੀਤ ਡਾਂਸ ਫਲੋਰ 'ਤੇ ਅੱਗ ਲਗਾਉਣ ਲਈ ਤਿਆਰ ਹੈ।

ਕੈਮਰਾ ਗੀਤ ਗਿੱਪੀ ਗਰੇਵਾਲ ਦੇ ਸਟਾਈਲ ਅਤੇ ਸੁਭਾਅ ਨੂੰ ਦਰਸਾਉਂਦਾ ਹੈ, ਜਿੱਥੇ ਉਹ ਇੱਕ ਕੁੜੀ ਦੀ ਮੌਜੂਦਗੀ ਨੂੰ ਉਸ ਗਲੈਮਰ ਨਾਲ ਜੋੜਦਾ ਹੈ ਜਿਸਨੂੰ ਉਹ ਅਕਸਰ ਗਲੋਬਲ ਆਈਕਨ ਨੋਰਾ ਫਤੇਹੀ ਨਾਲ ਜੋੜ ਕੇ ਦੇਖਦੇ ਹਨ। ਬੁਲਬੁਲੇ ਬੋਲ ਅਤੇ ਦੇਸੀ ਕਰੂ ਦੇ ਸ਼ਕਤੀਸ਼ਾਲੀ ਬੀਟਸ ਗੀਤ ਨੂੰ ਸਟਾਈਲਿਸ਼ ਅਤੇ ਬਹੁਤ ਹੀ ਆਕਰਸ਼ਕ ਬਣਾਉਂਦੇ ਹਨ। ਹਾਈ-ਐਨਰਜੀ ਡਿਸਕੋ ਬੀਟਸ ਤੋਂ ਲੈ ਕੇ ਗਿੱਪੀ ਗਰੇਵਾਲ ਦੇ ਬੇਮਿਸਾਲ ਮੂਵਜ਼ ਤੱਕ, ਕੈਮਰਾ ਹਰ ਕਿਸੇ ਨੂੰ ਨੱਚਣ ਲਈ ਤਿਆਰ ਹੈ।

ਇਸ ਦਾ ਸੰਗੀਤ ਵੀਡੀਓ ਬਰਾਬਰ ਸ਼ਾਨਦਾਰ ਹੈ, ਰੰਗੀਨ ਵਿਜ਼ੂਅਲ ਅਤੇ ਸ਼ਾਨਦਾਰ ਸਥਾਨਾਂ ਨਾਲ ਭਰਿਆ ਹੋਇਆ ਹੈ ਜੋ ਗੀਤ ਦੀ ਸੁੰਦਰਤਾ ਨੂੰ ਵਧਾਉਂਦੇ ਹਨ। ਡਾਂਸ ਦੁਆਰਾ ਕੀਤੇ ਗਏ ਮਿਸ਼ਰਣ ਅਤੇ ਮਾਸਟਰਿੰਗ ਦੇ ਨਾਲ, ਕੈਮਰਾ ਇੱਕ ਸੰਪੂਰਨ ਆਡੀਓ-ਵਿਜ਼ੂਅਲ ਧਮਾਕਾ ਹੈ, ਸਵੈਗ, ਊਰਜਾ ਅਤੇ ਪੰਜਾਬੀ ਤੜਕਾ ਨੂੰ ਜੋੜਦਾ ਹੈ। ਇਹ ਗੀਤ ਹੁਣ ਟੀ-ਸੀਰੀਜ਼ ਯੂਟਿਊਬ ਚੈਨਲ ਅਤੇ ਸਾਰੇ ਪ੍ਰਮੁੱਖ ਸਟ੍ਰੀਮਿੰਗ ਪਲੇਟਫਾਰਮਾਂ 'ਤੇ ਉਪਲਬਧ ਹੈ।

# ਨਾਮੀ ਖੂਬਸੂਰਤ ਅਦਾਕਾਰਾ ਹੋਵੇਗੀ ਭਾਜਪਾ 'ਚ ਸ਼ਾਮਲ!



ਜਿਵੇਂ-ਜਿਵੇਂ ਬਿਹਾਰ ਵਿੱਚ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਰਾਜਨੀਤਿਕ ਹਵਾ ਵਿੱਚ ਨਵੇਂ ਚਿਹਰਿਆਂ ਅਤੇ ਨਵੇਂ ਸਮੀਕਰਨਾਂ ਦੀ ਚਰਚਾ ਤੇਜ਼ ਹੁੰਦੀ ਜਾ ਰਹੀ ਹੈ। ਇਸ ਵਾਰ, ਭੋਜਪੁਰੀ ਫਿਲਮ ਇੰਡਸਟਰੀ ਦੀ ਮਸ਼ਹੂਰ ਅਦਾਕਾਰਾ ਪਾਖੀ ਹੇਗੜੇ ਰਾਜਨੀਤੀ ਦੇ ਮੈਦਾਨ ਵਿੱਚ ਐਂਟਰੀ ਕਰਨ ਲਈ ਖ਼ਬਰਾਂ ਵਿੱਚ ਹੈ।

ਹਾਲ ਹੀ ਵਿੱਚ ਪਾਖੀ ਹੇਗੜੇ ਨੇ ਬਿਹਾਰ ਦੇ ਉਪ ਮੁੱਖ ਮੰਤਰੀ ਸਮਰਾਟ ਚੌਧਰੀ ਨਾਲ ਮੁਲਾਕਾਤ ਕੀਤੀ ਅਤੇ ਉਦੋਂ ਤੋਂ ਇਹ ਕਿਆਸ ਲਗਾਏ ਜਾ ਰਹੇ ਹਨ ਕਿ ਉਹ ਭਾਰਤੀ ਜਨਤਾ ਪਾਰਟੀ (ਭਾਜਪਾ) ਵਿੱਚ ਸ਼ਾਮਲ ਹੋ ਸਕਦੀ ਹੈ। ਮੁਲਾਕਾਤ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ ਅਤੇ ਉਨ੍ਹਾਂ ਦੇ ਰਾਜਨੀਤਿਕ ਭਵਿੱਖ ਬਾਰੇ ਚਰਚਾ ਤੇਜ਼ ਹੋ ਗਈ ਹੈ।

### ਪਾਖੀ ਦੀ ਮੁਲਾਕਾਤ ਅਤੇ ਭਾਜਪਾ ਲਈ ਸੰਕੇਤ

ਪਾਖੀ ਨੇ ਨਾ ਸਿਰਫ ਸਮਰਾਟ ਚੌਧਰੀ ਨਾਲ ਮੁਲਾਕਾਤ ਕੀਤੀ, ਬਲਕਿ ਉਨ੍ਹਾਂ ਦੀ ਅਗਵਾਈ ਦੀ ਪ੍ਰਸ਼ੰਸਾ ਵੀ ਕੀਤੀ ਅਤੇ ਬਿਹਾਰ ਦੇ ਵਿਕਾਸ ਅਤੇ ਭਵਿੱਖ ਲਈ ਉਮੀਦ ਵੀ ਪ੍ਰਗਟ ਕੀਤੀ। ਇਸ ਨਾਲ ਇਹ ਅੰਦਾਜ਼ੇ ਹੋਰ ਮਜ਼ਬੂਤ ਹੋ ਗਏ ਹਨ ਕਿ ਉਹ ਭਾਜਪਾ ਨਾਲ ਆਪਣਾ ਰਾਜਨੀਤਿਕ ਸਫ਼ਰ ਸ਼ੁਰੂ ਕਰ ਸਕਦੀ ਹੈ।

### ਪਹਿਲਾਂ ਵੀ ਦਿਖਿਆ ਹੈ ਭਾਜਪਾ ਵੱਲ ਝੁਕਾਅ

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਪਾਖੀ ਦਾ ਨਾਮ ਰਾਜਨੀਤੀ ਅਤੇ ਭਾਜਪਾ ਨਾਲ ਜੋੜਿਆ ਗਿਆ ਹੈ। ਇਸ ਤੋਂ ਪਹਿਲਾਂ ਵੀ, ਉਹ ਕਈ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦਾ ਸਮਰਥਨ ਪ੍ਰਗਟ ਕਰ ਚੁੱਕੀ ਹੈ। ਇਸ ਤੋਂ ਇਲਾਵਾ, ਭਾਜਪਾ ਨੇਤਾਵਾਂ ਨਾਲ ਉਨ੍ਹਾਂ ਦੀਆਂ ਮੁਲਾਕਾਤਾਂ ਅਕਸਰ ਸੁਰਖੀਆਂ ਬਣੀਆਂ ਹਨ।

### ਭੋਜਪੁਰੀ ਸਿਤਾਰੇ ਰਾਜਨੀਤੀ ਵਿੱਚ ਕਿਉਂ ਸਰਗਰਮ ਹੋ ਰਹੇ ਹਨ?

ਬਿਹਾਰ ਚੋਣਾਂ 2025 ਦੇ ਆਉਣ ਦੇ ਨਾਲ, ਬਹੁਤ ਸਾਰੇ ਭੋਜਪੁਰੀ ਸਿਤਾਰੇ ਰਾਜਨੀਤਿਕ ਗਤੀਵਿਧੀਆਂ ਵਿੱਚ ਸਰਗਰਮ ਹੁੰਦੇ ਦਿਖਾਈ ਦੇ ਰਹੇ ਹਨ। ਹਾਲ ਹੀ ਵਿੱਚ ਸਾਬਕਾ ਕੇਂਦਰੀ ਮੰਤਰੀ ਅਤੇ ਆਰਾ ਦੇ ਸੰਸਦ ਮੈਂਬਰ ਆਰਕੇ ਸਿੰਘ ਨਾਲ ਅਦਾਕਾਰ ਪਵਨ ਸਿੰਘ ਦੀ ਮੁਲਾਕਾਤ ਵੀ ਇਸੇ ਦਿਸ਼ਾ ਵੱਲ ਇਸ਼ਾਰਾ ਕਰ ਰਹੀ ਹੈ। ਮਨੋਰੰਜਨ ਤੋਂ ਰਾਜਨੀਤੀ ਵਿੱਚ ਆਉਣ ਵਾਲੇ ਇਨ੍ਹਾਂ ਚਿਹਰਿਆਂ ਨੂੰ ਵੇਖਦਿਆਂ, ਇਹ ਸਪੱਸ਼ਟ ਹੈ ਕਿ ਪਾਰਟੀਆਂ ਹੁਣ ਜਨਤਕ ਭਾਵਨਾਵਾਂ ਅਤੇ ਪ੍ਰਸਿੱਧੀ ਨੂੰ ਰਾਜਨੀਤਿਕ ਲਾਭ ਵਿੱਚ ਬਦਲਣ ਦੀ ਰਣਨੀਤੀ ਅਪਣਾ ਰਹੀਆਂ ਹਨ।

### ਪਾਖੀ ਹੇਗੜੇ: ਸਕ੍ਰੀਨ ਤੋਂ ਸਟੇਜ ਤੱਕ?

ਪਾਖੀ ਹੇਗੜੇ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਟੀਵੀ ਸ਼ੋਅ 'ਮੈਂ ਬਨੂੰਗੀ ਮਿਸ ਇੰਡੀਆ' ਨਾਲ ਕੀਤੀ। ਇਸ ਤੋਂ ਬਾਅਦ, ਉਸਨੇ ਭੋਜਪੁਰੀ ਸਿਨੇਮਾ ਵਿੱਚ ਕਦਮ ਰੱਖਿਆ ਅਤੇ ਸੁਪਰਸਟਾਰਾਂ ਨਾਲ ਕਈ ਹਿੱਟ ਫਿਲਮਾਂ ਦਿੱਤੀਆਂ। ਉਸਨੇ ਮਰਾਠੀ ਅਤੇ ਹਿੰਦੀ ਫਿਲਮਾਂ ਵਿੱਚ ਵੀ ਕੰਮ ਕੀਤਾ ਹੈ। ਜੇਕਰ ਉਹ ਰਾਜਨੀਤੀ ਵਿੱਚ ਕਦਮ ਰੱਖਦੀ ਹੈ, ਤਾਂ ਇਹ ਉਸਦੇ ਕਰੀਅਰ ਵਿੱਚ ਇੱਕ ਨਵਾਂ ਮੋੜ ਹੋਵੇਗਾ - ਜਿੱਥੇ ਉਹ ਸਕ੍ਰੀਨ ਤੋਂ ਬਾਹਰ ਆ ਕੇ ਆਮ ਲੋਕਾਂ ਦੀ ਆਵਾਜ਼ ਬਣਨ ਦੀ ਕੋਸ਼ਿਸ਼ ਕਰੇਗੀ। ਹੁਣ ਤੱਕ, ਪਾਖੀ ਹੇਗੜੇ ਵੱਲੋਂ ਭਾਜਪਾ ਵਿੱਚ ਸ਼ਾਮਲ ਹੋਣ ਬਾਰੇ ਕੋਈ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਗਈ ਹੈ।

# ਬਾਲੀਵੁੱਡ ਦੀ ਮਸ਼ਹੂਰ ਅਦਾਕਾਰਾ ਨੇ Pregnancy 'ਚ ਦਿੱਤਾ ਲੋਕਾਂ ਨੂੰ ਨਾਲ ਸੌਣ ਦਾ ਖੁੱਲ੍ਹਾ ਸੱਦਾ !



ਫਿਲਮ 'ਇਸ਼ਕ ਵਿਸ਼ਕ' ਵਿੱਚ ਆਪਣੀ ਭੂਮਿਕਾ ਲਈ ਜਾਣੀ ਜਾਂਦੀ ਅਦਾਕਾਰਾ ਸ਼ਹਿਨਾਜ਼ ਟ੍ਰੇਜ਼ਰੀ ਨੇ ਹਾਲ ਹੀ ਵਿੱਚ ਬਾਲੀਵੁੱਡ ਦੇ ਡਾਰਕ ਸਾਈਡ ਬਾਰੇ ਦੇ ਬਾਰੇ 'ਚ ਹੈਰਾਨ ਕਰਨ ਵਾਲੇ ਖੁਲਾਸੇ ਕੀਤੇ ਹਨ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਆਪਣੀ ਪਹਿਲੀ ਫਿਲਮ ਦੀ ਸ਼ੂਟਿੰਗ ਦੌਰਾਨ ਬਾਡੀ ਸ਼ੇਮਿੰਗ ਦਾ ਸਾਹਮਣਾ ਕਰਨਾ ਪਿਆ ਸੀ। ਸ਼ਹਿਨਾਜ਼ ਨੇ ਕਿਹਾ, "ਮੇਰਾ ਢਿੱਡ ਬਾਹਰ ਨਿਕਲ ਰਿਹਾ ਸੀ, ਇਸ ਲਈ ਮੈਨੂੰ ਡਾਈਟ ਕਰਨ ਲਈ ਕਿਹਾ ਗਿਆ ਸੀ। ਉਨ੍ਹਾਂ ਨੇ ਇੱਕ ਪਾਰਟੀ ਵਿੱਚ ਨਸ਼ੇ ਦਾ ਨਾਟਕ ਕਰਦੇ ਹੋਏ ਲੋਕਾਂ ਨੂੰ 'ਨਾਲ ਸੌਣ ਦਾ ਆਫਰ' ਵੀ ਦਿੱਤਾ ਸੀ। ਇਸ ਦੌਰਾਨ ਉਨ੍ਹਾਂ ਨੇ ਇੱਕ ਗਰਭਵਤੀ ਔਰਤ ਦੀ ਐਕਟਿੰਗ ਕੀਤੀ ਸੀ। ਜਿਸ ਤੋਂ ਬਾਅਦ ਉਨ੍ਹਾਂ ਦੀ ਬਹੁਤ ਆਲੋਚਨਾ ਵੀ ਹੋਈ।

### 'ਅਜੀਬ ਜਿਹੀ ਡਾਈਟ 'ਤੇ ਰੱਖਿਆ ਗਿਆ

ਸ਼ਹਿਨਾਜ਼ ਨੇ ਕਿਹਾ ਕਿ ਉਨ੍ਹਾਂ ਨੂੰ ਫਿਲਮ ਵਿੱਚ 'ਕਾਲਜ ਦੀ ਸਭ ਤੋਂ ਖੂਬਸੂਰਤ ਕੁੜੀ' ਯਾਨੀ ਅਲੀਸ਼ਾ ਦਾ ਕਿਰਦਾਰ ਨਿਭਾਉਣਾ ਸੀ, ਜਿਸ ਦਾ ਉਨ੍ਹਾਂ 'ਤੇ ਬਹੁਤ ਦਬਾਅ ਸੀ। ਉਨ੍ਹਾਂ ਨੇ ਕਿਹਾ, "ਹਰੀ ਲੈਂਸ ਲਗਾਓ, ਸੁੰਦਰ ਦਿਖੋ।" ਉਨ੍ਹਾਂ ਨੇ ਅੱਗੇ ਕਿਹਾ ਕਿ ਉਨ੍ਹਾਂ ਨੂੰ ਜਾਣਬੁੱਝ ਕੇ ਪਤਲਾ ਦਿਖਣ ਲਈ 'ਅਜੀਬ ਡਾਈਟ' 'ਤੇ ਰੱਖਿਆ ਗਿਆ ਸੀ। ਸ਼ਹਿਨਾਜ਼ ਨੇ ਕਿਹਾ, "ਮੇਰਾ ਢਿੱਡ ਬਾਹਰ ਆ ਰਿਹਾ ਸੀ, ਇਸ ਲਈ ਮੈਨੂੰ ਡਾਈਟ ਕਰਨ ਲਈ ਕਿਹਾ ਗਿਆ ਸੀ, ਜਦੋਂ ਕਿ ਦੂਜੀਆਂ ਅਭਿਨੇਤਰੀਆਂ ਨੂੰ ਪਤਲਾ ਦਿਖਾਉਣ ਲਈ ਪੈਡਿੰਗ ਦੀ ਵਰਤੋਂ ਕੀਤੀ ਜਾ ਰਹੀ ਸੀ।" ਉਨ੍ਹਾਂ ਨੇ ਇਸ ਅਨੁਭਵ ਨੂੰ 'ਦੁਖਦ ਅਤੇ ਬੇਤੁਕਾ' ਦੱਸਿਆ।

### ਸੌਣ ਦਾ ਦਿੱਤਾ ਸੀ ਆਫਰ

ਸ਼ਹਿਨਾਜ਼ ਨੇ ਇਹ ਵੀ ਦੱਸਿਆ ਕਿ ਇੱਕ ਵਾਰ ਉਨ੍ਹਾਂ ਨੇ ਇੱਕ ਪਾਰਟੀ ਵਿੱਚ ਨਸ਼ੇ ਦਾ ਨਾਟਕ ਕਰਦੇ ਹੋਏ ਲੋਕਾਂ ਨੂੰ 'ਨਾਲ ਸੌਣ' ਦੀ ਪੇਸ਼ਕਸ਼ ਕੀਤੀ ਸੀ। ਇਸ ਦੌਰਾਨ ਉਨ੍ਹਾਂ ਨੇ ਗਰਭਵਤੀ ਔਰਤ ਦੀ ਐਕਟਿੰਗ ਕੀਤੀ ਸੀ। ਜਿਸ ਕਾਰਨ ਉਨ੍ਹਾਂ ਦੀ ਬਹੁਤ ਆਲੋਚਨਾ ਹੋਈ। ਫਿਰ ਉਨ੍ਹਾਂ ਨੇ ਸਫਾਈ ਦਿੰਦੇ ਹੋਏ ਕਿਹਾ ਕਿ ਉਹ ਇਸ 'ਪ੍ਰੈਂਕ' ਰਾਹੀਂ ਲੋਕਾਂ ਦੀ ਸੋਚ ਜਾਣਨਾ ਚਾਹੁੰਦੀ ਹੈ।

# ਮਨਿਕਾ ਵਿਸ਼ਵਕਰਮਾ ਨੇ ਮਿਸ ਯੂਨੀਵਰਸ ਇੰਡੀਆ 2025 ਦਾ ਪਹਿਨਿਆ ਤਾਜ




ਨਵੀਂ ਦਿੱਲੀ: ਰਾਜਸਥਾਨ ਦੇ ਜੈਪੁਰ ਵਿੱਚ ਹੋ ਰਹੇ ਮਿਸ ਯੂਨੀਵਰਸ ਇੰਡੀਆ 2025 ਦੀ ਜੇਤੂ ਦੀ ਚੋਣ ਕਰ ਲਈ ਗਈ ਹੈ। ਇਸ ਮੁਕਾਬਲੇ ਦੀ ਜੇਤੂ ਦਾ ਤਾਜ ਮਨਿਕਾ ਵਿਸ਼ਵਕਰਮਾ ਨੂੰ ਪਹਿਨਾਇਆ ਗਿਆ ਹੈ। ਮਨਿਕਾ ਮੂਲ ਰੂਪ ਵਿੱਚ ਰਾਜਸਥਾਨ ਦੇ ਗੰਗਾਨਗਰ ਦੀ ਰਹਿਣ ਵਾਲੀ ਹੈ ਅਤੇ ਦਿੱਲੀ ਵਿੱਚ ਮਾਡਲਿੰਗ ਕਰਦੀ ਹੈ।

ਮਨਿਕਾ ਨੂੰ ਪਹਿਲਾਂ ਮਿਸ ਯੂਨੀਵਰਸ ਰਾਜਸਥਾਨ 2024 ਲਈ ਵੀ ਚੁਣਿਆ ਗਿਆ ਸੀ। ਹੁਣ ਉਹ ਇਸ ਸਾਲ ਦੇ ਅੰਤ ਵਿੱਚ ਥਾਈਲੈਂਡ ਵਿੱਚ ਹੋਣ ਵਾਲੇ 74ਵੇਂ ਮਿਸ ਯੂਨੀਵਰਸ ਮੁਕਾਬਲੇ ਵਿੱਚ ਭਾਰਤ ਦੀ ਨੁਮਾਇੰਦਗੀ ਕਰੇਗੀ। ਮਨਿਕਾ ਨੇ ਆਪਣੀ ਜਿੱਤ 'ਤੇ ਖੁਸ਼ੀ ਪ੍ਰਗਟ ਕੀਤੀ ਹੈ ਅਤੇ ਆਪਣੇ ਸਲਾਹਕਾਰਾਂ ਦਾ ਧੰਨਵਾਦ ਕੀਤਾ ਹੈ।

ਆਪਣੀ ਜਿੱਤ ਤੋਂ ਬਾਅਦ, ਮਨਿਕਾ ਨੇ ਕਿਹਾ, 'ਮੇਰਾ ਸਫ਼ਰ ਮੇਰੇ ਸ਼ਹਿਰ ਗੰਗਾਨਗਰ ਤੋਂ ਸ਼ੁਰੂ ਹੋਇਆ। ਮੈਂ ਦਿੱਲੀ ਆਈ ਅਤੇ ਮੁਕਾਬਲੇ ਲਈ ਤਿਆਰੀ ਕੀਤੀ। ਸਾਨੂੰ ਆਪਣੇ ਆਪ ਵਿੱਚ ਵਿਸ਼ਵਾਸ ਅਤੇ ਹਿੰਮਤ ਪੈਦਾ ਕਰਨ ਦੀ ਲੋੜ ਹੈ। ਇਸ ਵਿੱਚ ਸਾਰਿਆਂ ਨੇ ਵੱਡੀ ਭੂਮਿਕਾ ਨਿਭਾਈ। ਮੈਂ ਉਨ੍ਹਾਂ ਸਾਰਿਆਂ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਮੇਰੀ ਮਦਦ ਕੀਤੀ ਅਤੇ ਮੈਨੂੰ ਬਣਾਇਆ ਜੋ ਮੈਂ ਅੱਜ ਹਾਂ। ਮੁਕਾਬਲਾ ਸਿਰਫ਼ ਇੱਕ ਖੇਤਰ ਨਹੀਂ ਹੈ, ਇਹ ਆਪਣੀ ਇੱਕ ਦੁਨੀਆ ਹੈ ਜੋ ਇੱਕ ਵਿਅਕਤੀ ਦੇ ਚਰਿੱਤਰ ਨੂੰ ਬਣਾਉਂਦੀ ਹੈ।'

ਮਨਿਕਾ ਦੀ ਜਿੱਤ 'ਤੇ, ਅਦਾਕਾਰਾ ਅਤੇ ਜਿਊਰੀ ਮੈਂਬਰ ਉਰਵਸ਼ੀ ਰੌਤੇਲਾ ਨੇ ਕਿਹਾ, 'ਮੁਕਾਬਲਾ ਬਹੁਤ ਔਖਾ ਸੀ, ਪਰ ਜੇਤੂ ਸਾਡੇ ਨਾਲ ਹਨ। ਇਹ ਮੇਰੀ 10ਵੀਂ ਵਰ੍ਹੇਗੰਢ ਵੀ ਹੈ। ਅਸੀਂ ਬਹੁਤ ਖੁਸ਼ ਹਾਂ ਕਿ ਸਾਨੂੰ ਆਪਣਾ ਜੇਤੂ ਮਿਲਿਆ ਹੈ। ਉਹ ਯਕੀਨੀ ਤੌਰ 'ਤੇ ਮਿਸ ਯੂਨੀਵਰਸ 'ਤੇ ਸਾਨੂੰ ਮਾਣ ਦਿਵਾਏਗੀ।'

ਇਸ ਦੇ ਨਾਲ ਹੀ, ਮਿਸ ਯੂਨੀਵਰਸ ਇੰਡੀਆ 2024 ਜਿੱਤਣ ਵਾਲੀ ਰੀਆ ਸਿੰਘਾ ਨੇ ਕਿਹਾ, 'ਮਿਸ ਯੂਨੀਵਰਸ ਇੰਡੀਆ ਦਾ ਤਾਜ ਜਿੱਤਣ ਵਾਲੀ ਮਨਿਕਾ ਨੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਹੈ। ਉਸਨੇ 50 ਹੋਰ ਪ੍ਰਤੀਯੋਗੀਆਂ ਨਾਲ ਮੁਕਾਬਲਾ ਕੀਤਾ ਹੈ। ਉਹ ਥਾਈਲੈਂਡ ਵਿੱਚ ਹੋਣ ਵਾਲੇ ਮਿਸ ਯੂਨੀਵਰਸ ਮੁਕਾਬਲੇ ਵਿੱਚ 130 ਦੇਸ਼ਾਂ ਦੇ ਭਾਗੀਦਾਰਾਂ ਵਿੱਚ ਭਾਰਤ ਦੀ ਨੁਮਾਇੰਦਗੀ ਕਰੇਗੀ। ਮੈਂ ਉਸਨੂੰ ਸ਼ੁਭਕਾਮਨਾਵਾਂ ਦਿੰਦਾ ਹਾਂ।








# ਕਿੱਕਲੀ ਕਲੀਰ ਦੀ...



ਜਸਵਿੰਦਰ ਸਿੰਘ ਰੁਪਾਲ
9814715796

ਸਮੇਂ ਦੀ ਤਬਦੀਲੀ ਨੇ ਸਾਡੇ ਰਸਮ ਰਿਵਾਜ, ਸਾਡੇ ਸ਼ੌਕ, ਸਾਡੇ ਕਿੱਤੇ, ਸਾਡੀਆਂ ਖੇਡਾਂ, ਸਾਡੇ ਲੋਕ-ਗੀਤ ਆਦਿ ਸਭ ਕੁਝ ਹੀ ਬਦਲ ਕੇ ਰੱਖ ਦਿੱਤਾ ਹੈ। ਆਉਣ ਵਾਲੀ ਪੀੜ੍ਹੀ ਨੂੰ ਉਹ ਸਭ ਕੁਝ ਓਪਰਾ ਹੀ ਨਹੀਂ ਲੱਗੇਗਾ, ਸਗੋਂ ਨਿਰਾਰਥਕ ਅਤੇ ਬੇਲੋੜਾ ਵੀ ਲੱਗੇਗਾ। ਪਰ ਅਸੀਂ ਜੋ ਆਪਣੀ ਉਮਰ ਦੇ ਪੰਜਵੇਂ ਛੇਵੇਂ ਜਾਂ ਵਧੇਰੇ ਦਹਾਕੇ ਵਿਚੋਂ ਗੁਜ਼ਰ ਰਹੇ ਹਾਂ, ਉਹਨਾਂ ਸਭ ਗੀਤਾਂ, ਬੋਲੀਆਂ, ਰਸਮਾਂ, ਅਤੇ ਖੇਡਾਂ ਨੂੰ ਸ਼ਿੱਦਤ ਨਾਲ ਯਾਦ ਕਰਦੇ ਹਾਂ ਕਿਉਂਕਿ ਸਾਨੂੰ ਅਹਿਸਾਸ ਹੈ ਕਿ ਉਹ ਸਭ ਸਾਂਝ ਅਤੇ ਪਿਆਰ ਮੁਹੱਬਤਾਂ ਪ੍ਰਗਟਾਉਂਦੀਆਂ ਸਨ। ਅੱਜ ਜਦੋਂ ਬੱਚਿਆਂ ਨੂੰ ਕੰਪਿਊਟਰ ਤੇ ਵੀਡੀਓ ਗੇਮਜ਼ ਖੇਡਦਿਆਂ ਦੇਖਦੇ ਹਾਂ, ਤਾਂ ਮਨ ਵਿਚ ਇਹ ਆਉਣਾ ਸੁਭਾਵਿਕ ਹੀ ਹੈ ਕਿ ਇਹਨਾਂ ਨੂੰ ਸਾਥੀ ਨਾਲ ਖੇਡਣ, ਰੁੱਸਣਾ, ਮਨਾਉਣਾ ਅਤੇ ਦੂਜੇ ਨਾਲ ਪੀਡੀਆਂ ਸਾਂਝਾਂ ਕਿੱਥੋਂ ਪਤਾ ਲੱਗਣੀਆਂ ਨੇ ????

ਪਿਛੋਕੜ ਵੱਲ ਹੀ ਨਜ਼ਰ ਮਾਰਦੇ ਹੋਏ ਅੱਜ ਅਸੀਂ ਕੁੜੀਆਂ ਦੀ ਇੱਕ ਖੇਡ ਕਿੱਕਲੀ ਨੂੰ ਯਾਦ ਕਰਦੇ ਹਾਂ ਅਤੇ ਇਸ ਖੇਡ ਰੂਪੀ ਲੋਕ-ਨਾਚ ਦਾ ਆਨੰਦ ਮਾਨਣ ਦਾ ਯਤਨ ਕਰਦੇ ਹਾਂ। ਇਹ ਨਿੱਕੀਆਂ ਬੱਚੀਆਂ ਅਤੇ ਅਲੜ੍ਹ ਮੁਟਿਆਰਾਂ ਦਾ ਨਾਚ ਹੈ। ਇਸ ਵਿੱਚ ਦੋ ਕੁੜੀਆਂ ਆਹਮੋ ਸਾਹਮਣੇ ਖਲੋ ਕੇ ਸੱਜੇ ਹੱਥ ਨੂੰ ਸੱਜੇ ਨਾਲ ਅਤੇ ਖੱਬੇ ਹੱਥ ਨੂੰ ਖੱਬੇ ਨਾਲ ਫੜਕੇ ਕੰਘੀ ਪਾ ਲੈਂਦੀਆਂ ਹਨ। ਫੇਰ ਉਹ ਆਪਣੇ ਪੈਰਾਂ ਦੀਆਂ ਅੱਡੀਆਂ ਜੋੜ ਕੇ ਇੱਕ ਦੂਜੀ ਦੇ ਪੈਰਾਂ ਦੀਆਂ ਉਂਗਲਾਂ ਜੋੜ ਲੈਂਦੀਆ। ਹੁਣ ਬਾਹਾਂ ਨੂੰ ਕਸ ਕੇ ਸਰੀਰ ਦਾ ਭਾਰ ਪਿੱਛੇ ਨੂੰ ਸੁੱਟ ਕੇ ਪੈਰਾਂ ਤੇ ਇੱਕ ਚੱਕਰ ਵਿੱਚ ਘੁੰਮਦੀਆਂ ਹਨ। ਇੰਸ ਤਰਾਂ ਤੇਜ ਤੇਜ ਚੱਕਰਕਾਰ ਗੇੜੇ ਕੱਢਦੀਆਂ ਹਨ ਅਤੇ ਨਾਲ ਨਾਲ ਜ਼ਬਾਨ ਤੋਂ ਕਿੱਕਲੀ ਦੇ ਗੀਤ ਵੀ ਗਾਉਂਦੀਆਂ ਹਨ।

ਕਈ ਵਾਰ ਬਾਕੀ ਕੁੜੀਆਂ ਇਹਨਾਂ ਦੇ ਦੁਆਲੇ ਚੱਕਰ ਬਣਾ ਕੇ ਗਿੱਧਾ ਪਾਉਂਦੀਆਂ ਹਨ ਅਤੇ ਕਈ ਵਾਰ ਉਹਨਾਂ ਵਿਚੋਂ ਵੀ ਦੋ ਦੋ ਦੇ ਜੁੱਟ ਬਣਾ ਕੇ ਉਹ ਵੀ ਕਿੱਕਲੀ ਪਾਉਣ ਲੱਗਦੀਆਂ ਹਨ । ਗੀਤਾਂ ਦੀ ਧੁਨ ਉੱਠਦੀ ਹੈ--

* ਕਿੱਕਲੀ ਕਲੀਰ ਦੀ
ਕਿੱਕਲੀ ਕਲੀਰ ਦੀ
ਪੱਗ ਮੇਰੇ ਵੀਰ ਦੀ
ਦੁਪੱਟਾ ਭਰਜਾਈ ਦਾ
ਫਿਟੇ ਮੂੰਹ ਜਵਾਈ ਦਾ।

* ਗਈ ਸਾਂ ਮੈਂ ਗੰਗਾ
ਗਈ ਸਾਂ ਮੈਂ ਗੰਗਾ
ਚੜ੍ਹਾ ਲਿਆਈ ਵੰਗਾਂ
ਅਸਮਾਨੀ ਮੇਰਾ ਘਗਰਾ
ਮੈਂ ਕਿਹੜੀ ਕਿੱਲੀ ਟੰਗਾਂ
ਨੀ ਮੈਂ ਏਸ ਕਿੱਲੀ ਟੰਗਾਂ
ਨੀ ਮੈਂ ਓਸ ਕਿੱਲੀ ਟੰਗਾਂ।

ਕਿੱਕਲੀ ਸ਼ਬਦ ਦੀ ਉਤਪਤੀ ਕਿਲਕਿਲਾ ਸ਼ਬਦ ਤੋਂ ਹੋਈ ਹੈ। ਕਿਲਕਿਲਾ ਦਾ ਭਾਵ ਹੈ ਅਨੰਦ ਦੇਣ ਵਾਲੀ ਧੁਨੀ। ਪੋਠੋਹਾਰ ਦੇ ਇਲਾਕੇ ਵਿਚ ਇਸਨੂੰ ਕਿਰਕਿਲੀ ਵੀ ਕਿਹਾ ਜਾਂਦਾ ਹੈ। ਇਹ ਖੇਡਮਈ ਨਾਚ ਕੁੜੀਆਂ ਨੂੰ ਬਹੁਤ ਜਿਆਦਾ ਖੁਸ਼ੀ ਦਿੰਦਾ ਹੈ। ਉਹ ਚੱਕਰ ਵਿਚ ਇੰਨੇ ਜੋਰ ਦੀ ਘੁੰਮਦੀਆਂ ਹਨ ਕਿ ਉਹਨਾਂ ਦਾ ਆਪਣੇ ਸਰੀਰ ਦਾ ਸੰਤੁਲਨ ਬਣਾਈ ਰੱਖਣਾ ਅਤੇ ਲਗਾਤਾਰ ਘੁੰਮਦੇ ਰਹਿਣਾ ਵੱਡੀ ਮੁਹਾਰਤ ਅਤੇ ਕੁਸ਼ਲਤਾ ਦੀ ਮੰਗ ਕਰਦਾ ਹੈ। ਗੋਲ ਚੱਕਰ ਵਿਚ ਘੁੰਮਦੀਆਂ ਚੀਜਾਂ ਛੋਟੇ ਬੱਚਿਆਂ ਨੂੰ ਵੈਸੇ ਵੀ ਖੁਸ਼ੀ ਦਿੰਦੀਆਂ ਹਨ। ਕਿੱਕਲੀ ਪਾਉਂਦੀਆਂ ਬੱਚੀਆਂ ਨੂੰ ਪਸੀਨਾ ਆ ਜਾਂਦਾ ਹੈ, ਕਈਆਂ ਨੂੰ ਸਾਹ ਵੀ ਚੜ੍ਹ ਜਾਂਦਾ ਹੈ, ਪਰ ਮਨ ਦੀ ਖੁਸ਼ੀ ਅਤੇ ਆਨੰਦ ਉਹਨਾਂ ਦਾ ਹੌਂਸਲਾ ਬਣਾਈ ਰੱਖਦੀ ਹੈ। ਜਦੋਂ ਪਹਿਲੀਆਂ ਦੋ ਕੁੜੀਆਂ ਥੱਕ ਜਾਂਦੀਆਂ ਹਨ, ਤਾਂ ਅਗਲੀਆਂ ਕੁੜੀਆਂ ਪਿੜ ਵਿਚ ਆ ਜਾਂਦੀਆਂ ਹਨ ਅਤੇ ਉਹ ਉਸੇ ਤਰਾਂ ਕਿੱਕਲੀ ਪਾਉਣ ਲੱਗਦੀਆਂ ਹਨ। ਇਹ ਕੰਮ ਉਤਨੀ ਦੇਰ ਤੱਕ ਜਾਰੀ ਰਹਿੰਦਾ ਹੈ, ਜਿੰਨੀ ਦੇਰ ਤੱਕ ਉਹਨਾਂ ਕੋਲ ਕਿੱਕਲੀ ਨਾਲ ਸੰਬੰਧਿਤ ਬੋਲੀਆਂ ਅਤੇ ਗੀਤ ਹਨ। ਕੁਝ ਹੋਰ ਗੀਤ ਇਸ ਤਰਾਂ ਹਨ--

* ਕਿੱਕਲੀ ਪਾਵਣ ਆਈਆਂ
ਕਿੱਕਲੀ ਪਾਵਣ ਆਈਆਂ
ਬਦਾਮ ਖਾਵਣ ਆਈਆਂ
ਬਦਾਮ ਦੀ ਗੁੱਲੀ ਮਿੱਠੀ
ਮੈਂ ਵੀਰ ਦੀ ਕੁੜੀ ਡਿੱਠੀ
ਮੇਰੇ ਵੀਰ ਦੀ ਕੁੜੀ ਕਾਲੀ
ਮੈਨੂੰ ਆ ਗਈ ਭਵਾਲੀ
ਥਾਲੀ ਥਾਲੀ ਥਾਲੀ ।

* . ਕਿੱਕਲੀ ਕੁਲੱਸ ਦੀ
ਕਿੱਕਲੀ ਕੁਲੱਸ ਦੀ, ਲੱਤ ਭੱਜੇ ਸੱਸ ਦੀ
ਗੋਡਾ ਭੱਜੇ ਜੇਠ ਦਾ, ਝੀਤਾਂ ਵਿੱਚੀਂ ਵੇਖਦਾ
ਮੋੜ ਸੂ ਜਠਾਣੀਏ, ਮੋੜ ਸੱਸੇ ਰਾਣੀਏ
ਸੱਸ ਦਾਲ ਚਾ ਪਕਾਈ, ਛੰਨਾ ਭਰ ਕੇ ਲਿਆਈ
ਸੱਸ ਖੀਰ ਚਾ ਪਕਾਈ, ਹੇਠ ਟੰਗਣੇ ਲੁਕਾਈ।
ਅੰਦਰ ਬਾਹਰ ਵੜਦੀ ਖਾਵੇ
ਭੈੜੀ ਗੱਲ੍ਹ-ਗੜੱਪੇ ਲਾਵੇ
ਲੋਕੋ ਸੱਸਾਂ ਬੁਰੀਆਂ ਵੇ
ਕਲੇਜੇ ਲਾਵਣ ਛੁਰੀਆਂ ਵੇ।

ਗੀਤਾਂ ਦਾ ਵਿਸ਼ਾ ਆਮ ਲੋਕ-ਗੀਤਾਂ ਅਤੇ ਬੋਲੀਆਂ ਵਾਂਗ ਹੀ ਸਮਾਜਿਕ ਅਤੇ ਰੋਜ਼ਾਨਾ ਜਿੰਦਗੀ ਦੇ ਆਮ ਮਸਲੇ ਹੁੰਦੇ ਹਨ। ਇਹਨਾਂ ਵਿੱਚ ਸਾਡੇ ਸਮਾਜਿਕ ਅਤੇ ਪਰਿਵਾਰਿਕ ਰਿਸ਼ਤਿਆਂ ਦੀ ਮਿਠਾਸ, ਨਿਹੋਰੇ ਅਤੇ ਉਲਾਂਭੇ ਵੀ ਸਮੋਏ ਹੁੰਦੇ ਹਨ। ਜਿੱਥੇ ਉਸ ਸਮੇ ਦੀ ਸਮਾਜ ਵਿਚ ਪ੍ਰਚੱਲਤ ਧਾਰਨਾ ਅਨੁਸਾਰ ਮਰਦ ਨੂੰ ਪਿਓ, ਵੀਰ ਅਤੇ ਕੰਤ ਦੇ ਰੂਪ ਵਿੱਚ ਵਡਿਆਇਆ ਜਾਂਦਾ ਸੀ, ਉੱਥੇ ਸੱਸ ਨਾਲ ਹਲਕੀ ਫੁਲਕੀ ਨੋਕ ਝੋਕ ਵੀ ਚੱਲਦੀ ਸੀ। ਕਿਉਂਕਿ ਉਸ ਸਮੇ ਲੜਕੀਆਂ ਨੂੰ ਛੋਟੀ ਉਮਰ ਵਿਚ ਹੀ ਵਿਆਹ ਦਿੱਤਾ ਜਾਂਦਾ ਸੀ । ਜਿਹਨਾਂ ਦਾ ਨਹੀਂ ਵੀ ਸੀ ਹੋਇਆ ਹੁੰਦਾ, ਉਹਨਾਂ ਦਾ ਵਾਹ ਵੀ ਸੰਯੁਕਤ ਪਰਿਵਾਰ ਨਾਲ ਪਿਆ ਹੋਣ ਕਰਕੇ ਉਹਨਾਂ ਨੂੰ ਇਹਨਾਂ ਰਿਸ਼ਤਿਆਂ ਦੀ ਪੂਰੀ ਸਮਝ ਹੁੰਦੀ ਸੀ। ਇਹਨਾਂ ਗੀਤਾਂ ਵਿਚ ਸੱਸ ਹੀ ਨਹੀਂ, ਨਨਾਣ ਭਰਜਾਈਆਂ ਦਾ ਜਿਕਰ ਵੀ ਹੁੰਦਾ ਸੀ। ਇਹਨਾਂ ਪਰਿਵਾਰਿਕ ਰਿਸ਼ਤਿਆਂ ਦਾ ਮੋਹ ਪਿਆਰ, ਦੂਜੇ ਲਈ ਕੁਝ ਕਰਨ ਦਾ ਚਾਅ ਅਤੇ ਪਰਿਵਾਰ ਦੀ ਹੀ ਨਹੀਂ, ਸਗੋਂ ਸੰਸਾਰ ਦੀ ਵੀ ਸੁੱਖ ਦੀ ਕਾਮਨਾ ਇਹਨਾਂ ਗੀਤਾਂ ਵਿੱਚ ਕੀਤੀ ਗਈ ਮਿਲਦੀ ਹੈ। ਝਲਕ ਦੇਖੋ –

* ਐਸ ਗਲੀ ਮੈਂ ਆਵਾਂ ਜਾਵਾਂ
ਐਸ ਗਲੀ ਮੈਂ ਆਵਾਂ ਜਾਵਾਂ
ਐਸ ਗਲੀ ਲਸੂੜ੍ਹਾ
ਭਾਬੋ ਮੰਗੇ ਮੁੰਦਰੀਆਂ
ਨਨਾਣ ਮੰਗੇ ਚੂੜਾ
ਨੀ ਇਹ ਲਾਲ ਲਸੂੜ੍ਹਾ ।

* ਕਿੱਕਲੀ ਕਲਾਈ ਦੀ
ਸੁੱਖ ਮੰਗਾਂ ਭਾਈ ਦੀ
ਤਾਏ ਅਤੇ ਤਾਈ ਦੀ
ਭਾਪੇ ਅਤੇ ਝਾਈ ਦੀ
ਘਰ ਪਰਿਵਾਰ ਦੀ
ਸਾਰੇ ਸੰਸਾਰ ਦੀ।

ਵੈਸੇ ਤਾਂ ਨੱਚਣ ਗਾਉਣ ਅਤੇ ਖੇਡਣ ਲਈ ਸਾਰੇ ਸਮੇਂ ਹੀ ਢੁਕਵੇਂ ਹੁੰਦੇ ਹਨ। ਪਰ ਸਾਉਣ ਦਾ ਮਹੀਨਾ ਇਸ ਕਰਕੇ ਆਪਣੀ ਵਿਸ਼ੇਸ਼ਤਾ ਰੱਖਦਾ ਹੈ ਕਿਉਂਕਿ ਇਸ ਮਹੀਨੇ ਤੀਆਂ ਲੱਗਦੀਆਂ ਹੁੰਦੀਆਂ ਸਨ। ਵਿਆਹੀਆਂ ਹੋਈਆਂ ਲੜਕੀਆਂ ਵੀ ਆਪਣੇ ਪੇਕੇ ਘਰ ਆਉਂਦੀਆਂ ਸਨ ਅਤੇ ਬੋਹੜ ਅਤੇ ਪਿੱਪਲਾਂ ਥੱਲੇ ਪੀਂਘਾਂ ਝੂਟਦੀਆਂ ਲੜਕੀਆਂ ਗਿੱਧੇ ਦੇ ਰੰਗ ਬੰਨਦੀਆਂ ਸਨ। ਇਸ ਸਮੇਂ ਹੋਰ ਗਿੱਧੇ ਨਾਲ ਕਿੱਕਲੀ ਵੀ ਚੱਲਦੀ ਸੀ ।

ਇਹਨਾਂ ਗੀਤਾਂ ਵਿਚ ਸਾਉਣ ਮਹੀਨੇ ਦੇ ਮਨਪਸੰਦ ਪਕਵਾਨ ਖੀਰਾਂ ਪੂੜਿਆਂ ਦਾ ਜਿਕਰ ਵੀ ਮਿਲਦਾ ਹੈ ਅਤੇ ਸਖੀਆਂ ਨੂੰ ਹੋਰ ਜੋਰ ਨਾਲ ਗਿੱਧਾ ਪਾਉਣ ਅਤੇ ਨੱਚਣ ਦੀ ਤਾਕੀਦ ਵੀ ਹੈ। ਜਿੱਥੇ ਸਰੀਰਕ ਤੌਰ ਤੇ ਇਹ ਨਾਚ ਇਕ ਬਹੁਤ ਵਧੀਆ ਕਸਰਤ ਦਾ ਕੰਮ ਕਰਦੇ ਨੇ ਉੱਥੇ ਇਹਨਾਂ ਗੀਤਾਂ ਰਾਹੀਂ ਆਪਣੇ ਜਜ਼ਬੇ ਪ੍ਰਗਟਾ ਕੇ ਇਹਨਾਂ ਕੁੜੀਆਂ ਦੀ ਅੰਦਰੂਨੀ ਊਰਜਾ ਦਾ ਕਥਾਰਸਿਸ ਵੀ ਹੁੰਦਾ ਹੈ।

* ਸਾਉਣ ਸਹੀਆਂ ਹੋਈਆਂ ਇਕੱਠੀਆਂ
ਖੀਰ ਬਣ ਗਈ ਪੂੜਿਆਂ ਦੀ ਵਾਰੀ
ਬੋਹੜ ਥੱਲੇ ਪਾਉਣ ਕਿੱਕਲੀ
ਤੀਆਂ ਲੱਗੀਆਂ ਸਾਉਣ ਦੀਆਂ ਭਾਰੀ
ਪਿੱਪਲੀਂ ਪੀਂਘਾਂ ਪਾ ਲਈਆਂ
ਝੂਟੇ ਲੈਂਦੀਆਂ ਨੇ ਵਾਰੋ ਵਾਰੀ
ਰਹੇ ਨੱਚਣੋ ਨਾ , ਵਿਆਹੀ ਤੇ ਕੁਆਰੀ
ਨੀ ਤਾੜੀ ਜਰਾ ਦੱਬ ਕੇ ਲਾਇਓ
ਅੱਜ ਨੱਚਣਾ ਝਾਂਜਰਾਂ ਵਾਲੀ ।

* ਚਾਰ ਚੁਰਾਸੀ ਘੁਮਰ ਘਾਸੀ
ਨੌਂ ਸੌ ਘੋੜਾ ਨੌਂ ਸੌ ਹਾਥੀ
ਨੌਂ ਸੌ ਫੁੱਲ ਗੁਲਾਬ ਦਾ
ਮੁੰਡੇ ਖੇਡਣ ਗੁੱਲੀ ਡੰਡਾ
ਕੁੜੀਆਂ ਕਿੱਕਲੀ ਪਾਂਦੀਆਂ
ਮੁੰਡੇ ਕਰਦੇ ਖੇਤੀ ਪੱਤੀ
ਕੁੜੀਆਂ ਘਰ ਵਸਾਂਦੀਆਂ।

* ਤੋ ਵੇ ਤੋਤੜਿਆ ਤੋਤਾ ਸਿਕੰਦਰ ਦਾ
ਪਾਣੀ ਪੀਵੇ ਸਮੁੰਦਰ ਦਾ
ਕੰਮ ਕਰੇ ਦੁਪਹਿਰਾਂ ਦਾ
ਚਿੱਟੀ ਚਾਦਰ ਕਾਕੇ ਦੀ
ਕਾਕੜਾ ਖਿਡਾਨੀ ਆਂ
ਚਾਰ ਛੱਲੇ ਪਾਨੀ ਆਂ
ਇੱਕ ਛੱਲਾ ਰਹਿ ਗਿਆ
ਸਿਪਾਹੀ ਫੜ ਕੇ ਲੈ ਗਿਆ।

ਅੱਜ ਸਮਾਂ ਬਦਲ ਗਿਆ ਹੈ। ਬੱਚੀਆਂ ਪੜ੍ਹਾਈ ਵਿੱਚ ਮਸ਼ਰੂਫ ਹਨ, ਨਵੀਂ ਤਕਨਾਲੋਜੀ ਦੀਆਂ ਨਵੀਆਂ ਖੇਡਾਂ ਵਿਚ ਅਸਤ ਵਿਅਸਤ ਹਨ। ਬੋਹੜ ਅਤੇ ਪਿੱਪਲ ਵੀ ਕਿਧਰੇ ਨਹੀਂ ਦਿਖਦੇ। ਉਹਨਾਂ ਤੇ ਪੈਂਦੀਆਂ ਪੀਂਘਾਂ ਵੀ ਉਸ ਲਹਿਜੇ ਵਾਲੀਆਂ ਨਹੀਂ। ਸਭਿਆਚਾਰਕ ਵਿਰਸੇ ਨੂੰ ਸੰਭਾਲਣ ਲਈ ਉਚੇਚੇ ਤੌਰ 'ਤੇ ਉਹ ਸੀਨ ਪੈਦਾ ਕਰਨ ਦੇ ਯਤਨ ਹੋ ਰਹੇ ਹਨ, ਪਰ ਅੰਦਰੋਂ ਆਉਂਦੀਆਂ ਬੋਲੀਆਂ ਅਤੇ ਨੱਚਣ ਦਾ ਉਹ ਪ੍ਰਬਲ ਵੇਗ ਵੀ ਹੁਣ ਨਜਰ ਨਹੀਂ ਆ ਰਿਹਾ। ਜਾਂਦੇ ਜਾਂਦੇ ਨਵੀ ਵਿੱਦਿਆ ਅਨੁਸਾਰ ਬਣਾਈ ਗਈ ਨਵੀ ਬੋਲੀ ਵੀ ਪੜ੍ਹਦੇ ਚੱਲੀਏ--

* ਕਿੱਕਲੀ ਕਲੀਰ ਦੀ
ਸੁਣ ਗੱਲ ਵੀਰ ਜੀ
ਵਿੱਦਿਆ ਦੀ ਰੋਸ਼ਨੀ
ਨ੍ਹੇਰਿਆਂ ਨੂੰ ਚੀਰਦੀ
ਮੇਰੇ ਸੁਹਣੇ ਵੀਰਿਆ
ਸਕੂਲ ਪੜ੍ਹਨ ਜਾਈਂ ਤੂੰ
ਵਿੱਦਿਆ ਦੀ ਪੌੜੀ ਤੇ
ਪੈਰ ਜਾ ਟਿਕਾਈਂ ਤੂੰ
ਕਰਕੇ ਪੜ੍ਹਾਈ ਵੀਰੇ
ਬੀਬਾ ਅਖਵਾਈਂ ਤੂੰ ।

ਆਪਣੇ ਅਮੀਰ ਵਿਰਸੇ ਦੀਆਂ ਇਹ ਅਮੀਰ ਝਲਕੀਆਂ ਨੂੰ ਸਦਾ ਹੀ ਨਮਸਕਾਰ ਕਰਦੇ ਰਹਾਂਗੇ।

# "ਕੁਦਰਤ ਨਾਲ ਖਿਲਵਾੜ: ਮਨੁੱਖਤਾ ਲਈ ਕਾਲ ਦਾ ਸੰਦੇਸ਼"



ਮਨੁੱਖੀ ਸਭਿਆਚਾਰ ਦੀ ਪ੍ਰਗਤੀ, ਵਿਗਿਆਨ ਅਤੇ ਤਕਨੀਕ ਦੀਆਂ ਸਹੂਲਤਾਂ ਨੇ ਅਜੋਕੇ ਜੀਵਨ ਅਤੇ ਰਹਿਣ ਸਹਿਣ ਨੂੰ ਆਸਾਨ ਬਣਾਇਆ ਹੈ ਪਰੰਤੂ ਉੱਥੇ ਹੀ ਮਨੁੱਖਾਂ ਦੁਆਰਾ ਕੁਦਰਤ ਨਾਲ ਕੀਤੇ ਗਏ ਅਤਿ-ਸ਼ੋਸ਼ਣ ਨੇ ਮਨੁੱਖਤਾ ਨੂੰ ਖਤਰੇ ਦੇ ਕੰਢੇ 'ਤੇ ਲਿਆ ਖੜ੍ਹਾ ਕਰ ਦਿੱਤਾ ਹੈ। ਧਰਤੀ ਦੇ ਕੁਦਰਤੀ ਸੰਤੁਲਨ ਨਾਲ ਮਨੁੱਖੀ ਛੇੜਛਾੜ ਦੇ ਨਤੀਜੇ ਵਜੋਂ ਅੱਜ ਧਰਤੀ ਨੂੰ ਵਾਤਾਵਰਣ ਪ੍ਰਦੂਸ਼ਣ, ਗਲੋਬਲ ਵਾਰਮਿੰਗ, ਭਾਰੀ ਬਾਰਿਸ਼ਾਂ, ਤੂਫ਼ਾਨਾਂ, ਬਰਫ਼ ਦੇ ਪਹਾੜਾਂ ਦਾ ਖੁਰਨਾਂ, ਭੂਚਾਲ ਅਤੇ ਭਾਰੀ ਬਰਫਬਾਰੀ ਵਰਗੀਆਂ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਹਨਾਂ ਕੁਦਰਤੀ ਆਫ਼ਤਾਂ ਦੀ ਸੰਖਿਆ ਦਿਨ ਬ ਦਿਨ ਵੱਧ ਰਹੀਆਂ ਹਨ।

**ਕੁਦਰਤੀ ਸੰਤੁਲਨ ਅਤੇ ਮਨੁੱਖੀ ਦਖਲਅੰਦਾਜ਼ੀ**

ਕੁਦਰਤ ਨੇ ਹਰ ਇਕ ਜੀਵ ਨੂੰ ਇੱਕ ਸੰਤੁਲਿਤ ਪ੍ਰਣਾਲੀ ਦੇ ਅਧੀਨ ਰਚਿਆ ਹੈ। ਜੰਗਲ, ਪਾਣੀ, ਹਵਾ, ਮਿੱਟੀ, ਪਹਾੜ ਅਤੇ ਸਮੁੰਦਰ ਸਾਰੇ ਹੀ ਇੱਕ ਦੂਜੇ ਨਾਲ ਜੁੜੇ ਹੋਏ ਹਨ। ਪਰ ਮਨੁੱਖ ਨੇ ਆਪਣੀ ਵਾਜ਼ਿਬ ਅਤੇ ਗੈਰ ਵਾਜ਼ਿਬ ਲੋੜਾਂ ਦੀ ਪੂਰਤੀ ਲਈ ਉਦਯੋਗੀਕਰਨ, ਜੰਗਲਾਂ ਦਾ ਨਾਸ਼, ਖਣਿਜ-ਖੋਜ ਅਤੇ ਸ਼ਹਿਰੀਕਰਨ ਰਾਹੀਂ ਇਸ ਸੰਤੁਲਨ ਨੂੰ ਗੰਭੀਰ ਢੰਗ ਨਾਲ ਵਿਗਾੜਿਆ ਹੈ। ਵਣ ਨਾਸ਼ ਕਾਰਨ ਜਿੱਥੇ ਜਾਨਵਰਾਂ ਦੇ ਕੁਦਰਤੀ ਆਵਾਸ ਖ਼ਤਮ ਹੋ ਰਹੇ ਹਨ ਉੱਥੇ ਹੀ ਹਵਾ ਵਿੱਚ ਜ਼ਹਿਰੀਲੀ ਗੈਸ ਕਾਰਬਨ ਡਾਈਆਕਸਾਈਡ ਦੀ ਮਾਤਰਾ ਵੱਧ ਰਹੀ ਹੈ।ਇਸ ਗੈਸ ਦੇ ਵੱਧਣ ਨਾਲ ਧਰਤੀ ਦਾ ਤਾਪਮਾਨ ਵੱਧ ਰਿਹਾ ਹੈ ਜੋ ਮੌਸਮੀ ਤਬਦੀਲੀ ਦਾ ਮੁੱਖ ਕਾਰਨ ਹੈ।

**ਪ੍ਰਦੂਸ਼ਣ ਤੇ ਉਸ ਦੇ ਪ੍ਰਭਾਵ**

**ਹਵਾ ਪ੍ਰਦੂਸ਼ਣ:**
ਉਦਯੋਗਾਂ, ਵਾਹਨਾਂ ਅਤੇ ਪਲਾਸਟਿਕ ਦੇ ਸਾੜਨ ਨਾਲ ਜਹਿਰੀਲੀ ਗੈਸਾਂ ਵਾਤਾਵਰਣ ਨੂੰ ਵਿਗਾੜ ਰਹੀਆਂ ਹਨ।

**ਜਲ ਪ੍ਰਦੂਸ਼ਣ:**
ਰਸਾਇਣਿਕ ਖਾਦਾਂ ਅਤੇ ਫੈਕਟਰੀਆਂ ਦੇ ਗੰਦਲੇ ਪਾਣੀ ਨਾਲ ਦਰਿਆ, ਝੀਲਾਂ ਅਤੇ ਜ਼ਮੀਨੀ ਪਾਣੀ ਜ਼ਹਿਰੀਲਾ ਹੋ ਰਿਹਾ ਹੈ।

**ਮਿੱਟੀ ਦਾ ਨਾਸ਼:**
ਖੇਤੀਬਾੜੀ ਵਿੱਚ ਜ਼ਹਿਰੀਲੇ ਪਦਾਰਥਾਂ ਅਤੇ ਰਸਾਇਣਿਕ ਖਾਦਾਂ ਦੇ ਕਾਰਨ ਮਿੱਟੀ ਦੀ ਉਪਜਾਊ ਸ਼ਕਤੀ ਘੱਟ ਰਹੀ ਹੈ।

ਇਹ ਸਾਰੇ ਪ੍ਰਦੂਸ਼ਣ ਮਨੁੱਖੀ ਸਿਹਤ ਲਈ ਹੀ ਨਹੀਂ, ਸਗੋਂ ਧਰਤੀ ਦੇ ਸਮੂਹ ਜੀਵ-ਜੰਤੂਆਂ ਲਈ ਖ਼ਤਰਾ ਬਣੇ ਹੋਏ ਹਨ।

**ਮੌਸਮੀ ਤਬਦੀਲੀ ਅਤੇ ਕੁਦਰਤੀ ਆਫ਼ਤਾਂ**

ਪਿਛਲੇ ਕੁਝ ਸਾਲਾਂ ਵਿੱਚ ਅਸੀਂ ਵੇਖਿਆ ਹੈ ਕਿ ਹਿਮਾਚਲ, ਜੰਮੂ-ਕਸ਼ਮੀਰ, ਪੰਜਾਬ ਅਤੇ ਉੱਤਰੀ ਭਾਰਤ ਵਿੱਚ ਅਸਧਾਰਣ ਬਾਰਿਸ਼ਾਂ ਤੇ ਹੜ੍ਹਾਂ ਨੇ ਤਬਾਹੀ ਮਚਾਈ ਹੈ। ਇਹ ਸਿਰਫ਼ ਕੁਦਰਤ ਦਾ ਕਹਿਰ ਨਹੀਂ ਸਗੋਂ ਮਨੁੱਖੀ ਲਾਲਚ ਅਤੇ ਬੇਤਰਤੀਬੀ ਦਾ ਨਤੀਜ਼ਾ ਵੀ ਹੈ। ਗਲੋਬਲ ਵਾਰਮਿੰਗ ਕਾਰਨ ਹਿਮਾਲਿਆਈ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ ਜਿਸ ਨਾਲ ਨਦੀਆਂ ਦਾ ਪਾਣੀ ਵੱਧ ਰਿਹਾ ਹੈ।

**ਮਨੁੱਖ ਲਈ ਚੇਤਾਵਨੀ**

ਕੁਦਰਤ ਵਿਰੁੱਧ ਕੀਤੇ ਗਏ ਹਰ ਕਦਮ ਦਾ ਪਰਿਣਾਮ ਮਨੁੱਖਤਾ ਨੂੰ ਭੁਗਤਣਾ ਪੈਂਦਾ ਹੈ। ਅੱਜ ਜਿੱਥੇ ਬੀਮਾਰੀਆਂ ਦੇ ਨਵੇਂ ਰੂਪ ਸਾਹਮਣੇ ਆ ਰਹੇ ਹਨ, ਉੱਥੇ ਹੀ ਖਾਦ ਪਦਾਰਥਾਂ ਦੀ ਕਮੀ, ਪਾਣੀ ਦੀ ਘਾਟ ਅਤੇ ਵਾਤਾਵਰਣੀ ਅਸੰਤੁਲਨ ਵੱਡੀ ਚੁਣੌਤੀ ਬਣ ਕੇ ਮਨੁੱਖਤਾ ਦੇ ਸਨਮੁੱਖ ਖੜ੍ਹੇ ਹਨ।

**ਹੱਲ ਅਤੇ ਭਵਿੱਖ ਦੇ ਕਾਰਜ**

1. ਵਣਰੋਪਣ: ਜੰਗਲਾਂ ਦੀ ਸੁਰੱਖਿਆ ਤੇ ਨਵੇਂ ਰੁੱਖ ਲਗਾਉਣਾ ਬਾਬਤ ਕਾਨੂੰਨ ਬਣਾਉਣ ਲਈ ਪਹਿਲ।
2. ਨਵੀਕਰਣਯੋਗ ਊਰਜਾ: ਸੂਰਜੀ, ਪੌਣ ਤੇ ਜਲ ਊਰਜਾ ਨੂੰ ਤਰਜ਼ੀਹ ਦੇਣੀ।
3. ਸਥਾਈ ਖੇਤੀਬਾੜੀ: ਰਸਾਇਣਕ ਖਾਦਾਂ ਦੀ ਥਾਂ ਜੈਵਿਕ ਖੇਤੀ ਨੂੰ ਪ੍ਰੋਤਸਾਹਿਤ ਕਰਨਾ।
4. ਜਲ ਸੰਭਾਲ: ਵਰਖਾ ਜਲ ਸੰਭਾਲ, ਪਾਣੀ ਦੀ ਬਰਬਾਦੀ ਰੋਕਣੀ।
5. ਜਾਗਰੂਕਤਾ: ਸਮਾਜ ਵਿੱਚ ਵਾਤਾਵਰਣ ਸੁਰੱਖਿਆ ਲਈ ਸਿੱਖਿਆ ਤੇ ਅਭਿਆਸ ਵਧਾਉਣੇ।

ਮਨੁੱਖ ਨੇ ਆਪਣੇ ਵਿਕਾਸ ਲਈ ਕੁਦਰਤ ਨੂੰ ਹਮੇਸ਼ਾ ਇਕ ਸਰੋਤ ਵਜੋਂ ਵਰਤਿਆ ਹੈ ਪਰ ਹੁਣ ਸਮਾਂ ਆ ਗਿਆ ਹੈ ਕੁਦਰਤ ਨੂੰ ਉਸ ਦਾ ਬਣਦਾ ਮਾਣ ਸਤਿਕਾਰ ਦੇ ਕੇ ਉਸ ਦੀ ਰੱਖਿਆ ਕੀਤੀ ਜਾਵੇ। ਜੇ ਮਨੁੱਖ ਨੇ ਕੁਦਰਤ ਨਾਲ ਖਿਲਵਾੜ ਜਾਰੀ ਰੱਖਿਆ ਤਾਂ ਇਹ ਮਨੁੱਖਤਾ ਲਈ "ਕਾਲ" ਸਾਬਤ ਹੋਵੇਗਾ। ਕੁਦਰਤ ਨਾਲ ਸਾਂਝ ਪਾ ਕੇ ਹੀ ਮਨੁੱਖ ਆਪਣੇ ਭਵਿੱਖ ਨੂੰ ਸੁਰੱਖਿਅਤ ਬਣਾ ਸਕਦੇ ਹੈ।



ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ

# ਸੈਰ ਬਹੁਤ ਵਧੀਆ ਕਸਰਤ



ਸੈਰ ਇੱਕ ਬਹੁਤ ਵਧੀਆ ਕਸਰਤ ਹੈ। ਬਹੁਤ ਘੱਟ ਲੋਕ ਜਾਣਦੇ ਹਨ ਕਿ ਇਹ ਸਰੀਰਕ ਕਸਰਤ ਦੇ ਨਾਲ ਨਾਲ ਮਾਨਸਿਕ ਕਸਰਤ ਵੀ ਹੈ। ਪਰ ਇਸ ਲਈ ਇਹ ਲਾਜ਼ਮੀ ਹੈ ਕਿ ਲੰਬੀ ਸੈਰ ਕੀਤੀ ਜਾਵੇ ਤੇ ਇਕੱਲਿਆਂ ਕੀਤੀ ਜਾਵੇ। ਜਦੋਂ ਅਸੀਂ ਤੁਰਦੇ ਹਾਂ ਤਾਂ ਸਾਡੇ ਸਰੀਰ ਦੇ ਸਾਰੇ ਤੰਤੂ ਕਿਰਿਆਸ਼ੀਲ ਹੋ ਜਾਂਦੇ ਹਨ। ਲੰਬੀ ਸੈਰ ਦਾ ਫਾਇਦਾ ਇਹ ਹੈ ਕਿ ਇੱਕ ਖਾਸ ਸਮੇਂ ਤੋਂ ਬਾਅਦ ਸਾਡੇ ਦਿਲ ਤੇ ਉਸਦਾ ਪ੍ਰਭਾਵ ਪੈਣਾ ਸ਼ੁਰੂ ਹੁੰਦਾ ਹੈ। ਇੰਜ ਨਹੀਂ ਹੁੰਦਾ ਕਿ ਤੁਸੀਂ 10 ਮਿੰਟ ਤੁਰੇ ਤੇ ਤੁਹਾਡੇ ਦਿਲ ਨੂੰ ਉਸ ਕਸਰਤ ਦਾ ਫਾਇਦਾ ਹੋਣ ਲੱਗਾ। ਅੱਜ ਕੱਲ ਡਾਕਟਰ ਕਹਿੰਦੇ ਨੇ ਕਿ ਹਫਤੇ ਵਿੱਚ ਤਿੰਨ ਦਿਨ 60 ਮਿੰਟ ਤੁਰਨਾ ਚਾਹੀਦਾ ਹੈ। ਸੈਰ ਹਮੇਸ਼ਾ ਇਕੱਲੇ ਕਰੋ। ਇਹ ਤੁਹਾਡੇ ਲਈ ਮਾਨਸਿਕ ਕਸਰਤ ਸਾਬਿਤ ਹੋਵੇਗੀ। ਤੁਰਦਿਆਂ ਤੁਰਦਿਆਂ ਵਿਚਾਰ ਵੀ ਤੁਹਾਡੇ ਨਾਲ ਚੱਲਣਗੇ।

ਜਦੋਂ ਅਸੀਂ ਇਕੱਲੇ ਹੁੰਦੇ ਹਾਂ ਉਦੋਂ ਹੀ ਅਸੀਂ ਆਪਣੇ ਆਪ ਬਾਰੇ ਸੋਚ ਸਕਦੇ ਹਾਂ। ਆਪਣੇ ਵਿਹਾਰ ਬਾਰੇ ਸੋਚ ਸਕਦੇ ਹਾਂ। ਆਪਣੀ ਗਲਤੀ ਨੂੰ ਸਮਝ ਸਕਦੇ ਹਾਂ। ਆਪਣੀ ਕਮਜ਼ੋਰੀ ਤੇ ਕੰਮ ਕਰ ਸਕਦੇ ਹਾਂ। ਆਪਣੀ ਤਾਕਤ ਨੂੰ ਪਛਾਣ ਸਕਦੇ ਹਾਂ। ਕਹਿੰਦੇ ਨੇ ਦਿਮਾਗ ਦੀ ਉਮਰ ਵਧਾਉਂਦਾ ਹੈ ਕੁਝ ਸਮਾਂ ਇਕੱਲੇ ਬਿਤਾਉਣਾ। ਫਿਰ ਜੇਕਰ ਸੈਰ ਖਾਸ ਤੌਰ ਤੇ ਲੰਬੀ ਸੈਰ ਸਾਡੇ ਮਾਨਸਿਕ ਤੇ ਸਰੀਰਕ ਦੋਹਾਂ ਤਰ੍ਹਾਂ ਦੀ ਤੰਦਰੁਸਤੀ ਲਈ ਲਾਹੇਵੰਦ ਹੈ ਤਾਂ ਇਸਨੂੰ ਕਰ ਲੈਣਾ ਚਾਹੀਦਾ ਹੈ। ਅਸੀਂ ਅਕਸਰ ਸਾਥੀ ਲੱਭ ਲੈਂਦੇ ਹਾਂ ਸੈਰ ਕਰਨ ਲਈ। ਸਾਰਾ ਰਾਹ ਤੁਰਦੇ ਜਾਂਦੇ ਹਾਂ ਤੇ ਗੱਲਾਂ ਕਰਦੇ ਜਾਂਦੇ ਹਾਂ। ਇਸ ਦਾ ਨਾਂ ਤਾਂ ਸਰੀਰਕ ਕੋਈ ਲਾਭ ਹੁੰਦਾ ਹੈ ਤੇ ਨਾ ਹੀ ਮਾਨਸਿਕ। ਇਹ ਬਹੁਤ ਜਰੂਰੀ ਹੈ ਕਿ ਤੁਸੀਂ ਆਪਣੇ ਆਪ ਨੂੰ ਸਮਾਂ ਦਿਓ। ਆਪਣੇ ਸਰੀਰ ਨੂੰ ਸਮਾਂ ਦਿਓ। ਇਹ ਦੋਵੇਂ ਚੀਜ਼ਾਂ ਇਕੱਠੀਆਂ ਤੁਹਾਡੇ ਇਕੱਲੇ ਸੈਰ ਕਰਨ ਵਿੱਚ ਸੰਭਵ ਹੋ ਸਕਦੀਆਂ ਹਨ।

ਹਰਪ੍ਰੀਤ ਕੌਰ ਸੰਧੂ

## ਕਵਿਤਾ
# ਤੇਰੇ ਨੈਣਾਂ ਪਿੱਛੇ



ਮੈਂ ਨਹੀਂ ਜਾਣਦਾ ਕਿ,
ਕਿੱਥੇ ਸੀ ਗ਼ਲਤ, ਕਿੱਥੇ ਸਹੀ ਸੀ।
ਤੈਨੂੰ ਤਾਂ ਯਾਦ ਹੋਣੈ ਕਿ,
ਜੋ ਗੱਲ ਤੈਨੂੰ ਮੈਂ, ਦਿਲੋਂ ਕਹੀ ਸੀ।

ਸੀ ਸ਼ੈਤਾਨੀ ਤੇਰੀ,
ਮੇਰੀ ਨਾਦਾਨੀ ਸੀ।
ਤੇਰੇ ਨੈਣਾਂ ਪਿੱਛੇ,
ਰੋਲੀ ਜਵਾਨੀ ਸੀ।

ਸੌਖਾ ਸੀ, ਤੇਰੇ ਲਈ,
ਕਹਿਣਾ ਅਵਾਰਾ ਮੈਨੂੰ,
ਤੂੰ ਕੀ ਜਾਣੇ, ਦੀਵਾਨਗੀ ਨੇ,
ਪਾਗ਼ਲ, ਅਵਾਰਾ ਬਣਾਇਆ ਏ।
ਜਿਉਂਦਾ ਸੀ, ਜਿਉਂਦਾ ਹਾਂ,
ਤੇ ਜਿਉਂਦਾ ਰਹਿਣਾ ਚਾਹਾਂ,
ਤੇਰੀਆਂ ਯਾਦਾਂ ਸਹਾਰੇ,
ਤੇਰੀ ਬੇਰੁੱਖੀ ਮਾਰ ਮੁਕਾਇਆ ਏ।

ਮਿਲ ਜਾਂਦੀ ਜੇ ਮੁਸਕਾਨ ਤੇਰੀ,
ਸਭ ਕੁਝ ਤੈਨੂੰ ਸੌਂਪ ਦਿੰਦਾ,
ਪਰ ਕੀ ਕਰਾਂ, ਤੇਰੀ ਬੇਰੁੱਖੀ ਨੇ,
ਮਾਰਿਆ ਕਰ ਬੇਸਹਾਰਾ।
ਸੰਗ ਦਿਲ ਤੂੰ ਸੀ, ਜਾਂ ਮੈਂ,
ਜਾਂ ਮਾਰਗੀ ਸੰਗ ਦੋਹਾਂ ਨੂੰ,
ਨਾ ਤੂੰ ਮੇਰੀ ਪਿਆਰੀ ਬਣ ਸਕੀ,
ਨਾ ਬਣ ਸਕਿਆ ਤੇਰਾ ਪਿਆਰਾ।

ਸਰਬਜੀਤ ਸੰਗਰੂਰਵੀ
9463162463

# ਅਲੋਪ ਹੋ ਰਿਹਾ ਘਰਾਂ 'ਚੋਂ ਆਪਸੀ ਸਾਂਝ ਤੇ ਪਿਆਰ ਵਾਲਾ ਤੰਦੂਰ



ਸੱਭਿਆਚਾਰ ਹਰ ਸਮਾਜ ਦੀ ਰੂਹ ਹੁੰਦਾ ਹੈ ਤੇ ਜੇਕਰ ਪੰਜਾਬੀ ਸੱਭਿਆਚਾਰ ਦੀ ਗੱਲ ਕੀਤੀ ਜਾਵੇ, ਤਾਂ ਉਸ ਦੀਆਂ ਅਨੇਕ ਹੀ ਕੜੀਆਂ ਹਨ ਜੋ ਸਾਡੇ ਰਹਿਣ-ਸਹਿਣ ਤੋਂ ਲੈ ਕੇ ਸਾਡੇ ਖਾਣ-ਪੀਣ ਤੱਕ ਨਾਲ ਜੁੜੀਆਂ ਹਨ। ਜਦੋਂ ਦਾਲ-ਸਬਜ਼ੀ ਮਿੱਟੀ ਦੀ ਤੌੜੀ 'ਚ, ਲੱਸੀ ਤੇ ਦਹੀਂ ਚਾਟੀ 'ਚ, ਚਟਣੀ ਮਿੱਟੀ ਦੇ ਕੂੰਡੇ 'ਚ ਅਤੇ ਰੋਟੀ ਮਿੱਟੀ ਦੇ ਬਣੇ ਤੰਦੂਰ ਤੇ ਲਾਹੀ ਜਾਂਦੀ ਸੀ ਤਾਂ ਖਾਣ ਵਾਲੇ ਨੂੰ ਸੁਆਦ ਆ ਜਾਂਦਾ ਸੀ।

ਪਹਿਲੇ ਸਮੇਂ ਵਿਚ ਹਰ ਘਰ 'ਚ ਤੰਦੂਰ ਹੁੰਦਾਂ ਸੀ ਤੇ ਘਰ ਦੀ ਹਰ ਵੱਡੀ ਛੋਟੀ ਔਰਤ ਨੂੰ ਤੰਦੂਰ ਬਣਾਉਣਾ, ਲਿੱਪਣਾ, ਤਪਾਉਣਾ ਤੇ ਉਸ ਉੱਤੇ ਰੋਟੀ ਲਾਹੁਣੀ ਆਉਂਦੀ ਸੀ। ਤੰਦੂਰੀ ਰੋਟੀ ਦੇ ਸੁਆਦ ਹੋਣ ਦਾ ਕਾਰਨ ਇਹ ਵੀ ਹੁੰਦਾ ਸੀ ਕਿ ਤੰਦੂਰ 'ਚ ਰੋਟੀ ਪਕਾਉਣ ਸਮੇਂ ਉਸ 'ਤੇ ਪਾਣੀ ਲਾਇਆ ਜਾਂਦਾ ਜੋ ਰੋਟੀ ਨੂੰ ਨਰਮ ਰੱਖਦਾ ਸੀ। ਮਿੱਟੀ ਦਾ ਸੇਕ ਰੋਟੀ ਨੂੰ ਖੁਸ਼ਬੂਦਾਰ ਅਤੇ ਹਾਜ਼ਮੇਦਾਰ ਬਣਾਉਂਦਾ ਸੀ।

ਕਈ ਵਾਰ ਪਿੰਡਾਂ ਦੀਆਂ ਔਰਤਾਂ ਰਲ ਕੇ ਕਿਸੇ ਇਕ ਜਗ੍ਹਾ ਜਾਂ ਕੋਠੇ ਤੇ ਸਾਂਝਾ ਤੰਦੂਰ ਬਣਾਉਂਦੀਆਂ। ਸਵੇਰ ਜਾਂ ਸ਼ਾਮ ਵੇਲੇ ਉਸ ਤੰਦੂਰ ਨੂੰ ਜਦੋਂ ਤਪਾਇਆ ਜਾਂਦਾ ਤਾਂ ਆਂਢ-ਗੁਆਂਢ ਦੀਆਂ ਮਾਵਾਂ, ਭੈਣਾਂ, ਨੂੰਹਾਂ ਤੇ ਕੁੜੀਆਂ ਉਸ ਸਾਂਝੇ ਤੰਦੂਰ 'ਤੇ ਰੋਟੀਆਂ ਲਾਉਣ ਵਾਸਤੇ ਇਕੱਠੀਆਂ ਹੋ ਜਾਂਦੀਆ। ਹਰ ਕੋਈ ਆਪਣੇ ਨਾਲ ਲੱਕੜਾ ਜਾਂ ਬਾਲਣ ਲਿਆਉਂਦੀ ਤਾਂ ਜੋ ਕਿਸੇ ਇਕ ਉੱਤੇ ਬੋਝ ਨਾ ਪਵੇ। ਤੰਦੂਰ ਨੇ ਸਿਰਫ਼ ਰੋਟੀਆਂ ਹੀ ਨਹੀਂ, ਸਗੋਂ ਪਿਆਰ, ਸਾਂਝ, ਸਹਿਯੋਗ ਤੇ ਸਿੱਖਣ-ਸਿਖਾਉਣ ਦੀ ਰੀਤ ਨੂੰ ਵੀ ਜਨਮ ਦਿੱਤਾ। ਹਰ ਔਰਤ ਆਪਣਾ ਪੂਰ ਲਾਉਣ ਤੋਂ ਬਾਅਦ ਦੂਸਰੀ ਔਰਤ ਨਾਲ ਹੱਥ ਵਡਾਉਂਦੀ। ਤਜਰਬੇਕਾਰ ਔਰਤਾਂ ਤੰਦੂਰ ਸੰਭਾਲਦੀਆਂ , ਜਦਕਿ ਨੌਜਵਾਨ ਕੁੜੀਆਂ ਪੇੜੇ ਬਣਾਉਂਦੀਆਂ ਅਤੇ ਤੰਦੂਰੀ ਰੋਟੀ ਬਣਾਉਣੀਆਂ ਸਿੱਖਦੀਆਂ। ਇਹ ਮਾਂਵਾਂ-ਧੀਆਂ ਅਤੇ ਨੂੰਹ-ਸੱਸ ਦੀ ਸਾਂਝੀ ਸਿੱਖਿਆ ਹੁੰਦੀ ਸੀ ਜੋ ਜੀਵਨ ਦੇ ਅਨੁਭਵਾਂ ਰਾਹੀਂ ਤਪਦੇ ਤੰਦੂਰ ਤੋਂ ਮਿਲਦੀ ਸੀ।

ਜਿਸ ਤਰ੍ਹਾਂ ਪਿੰਡਾਂ ਵਿਚ ਤੰਦੂਰ ਸਾਂਝ ਦਾ ਪ੍ਰਤੀਕ ਬਣਿਆ, ਉਸੇ ਤਰ੍ਹਾਂ ਹੀ ਸ਼ਹਿਰੀ ਇਲਾਕਿਆਂ 'ਚ ਵੀ ਕਈ ਔਰਤਾਂ ਵਲੋਂ ਸ਼ਾਮ ਦੇ ਸਮੇਂ ਆਪਣੇ ਘਰ ਦੇ ਬਾਹਰ ਜਾਂ ਵਿਹੜੇ ਵਿਚ ਤੰਦੂਰ ਨੂੰ ਕਿੱਤੇ ਵਜੋਂ ਤਪਾਇਆ ਜਾਂਦਾ ਸੀ, ਜਿੱਥੇ ਰੋਟੀਆਂ ਦਾ ਪੂਰ ਲਾਉਣ ਲਈ ਪੈਸੇ ਜਾਂ ਰੋਟੀਆਂ ਲਈਆਂ ਜਾਂਦੀਆਂ ਸਨ।

ਸਾਡੀਆਂ ਲੋਕ-ਬੋਲੀਆਂ ਜਾਂ ਲੋਕ-ਗੀਤਾਂ 'ਚ ਵੀ ਤੰਦੂਰ ਦਾ ਬਹੁਤ ਗੂੜ੍ਹਾ ਰਿਸ਼ਤਾ ਰਿਹਾ ਹੈ ਜਿਵੇਂ :-


ਸੰਮੀ ਮੇਰੀ ਵਾਰ ਮੈਂ ਵਾਰੀ
ਮੈਂ ਵਾਰੀ ਮੇਰੀ ਸੰਮੀਏ
ਕੋਠੇ ਉੱਤੇ ਕੋਠੜਾ ਨੀਂ ਸੰਮੀਏ
ਕੋਠੇ ਤਪੇ ਤੰਦੂਰ ਮੇਰੀ ਸੰਮੀਏ
ਗਿਣ-ਗਿਣ ਲਾਵਾਂ ਪੂਰ ਨੀ ਸੰਮੀਏ
ਖਾਵਣ ਵਾਲਾ ਦੂਰ ਨੀ ਸੰਮੀਏ
ਸੰਮੀ ਮੇਰੀ ਵਾਰ.......

ਅਜੋਕੇ ਸਮੇਂ ਵਿਚ ਇਹ ਗੀਤ ਸਿਰਫ਼ ਉਸ ਸਭਿਆਚਾਰਕ ਜ਼ਮਾਨੇ ਦੀ ਨਿਸ਼ਾਨੀ ਬਣ ਕੇ ਰਹਿ ਗਿਆ ਜਦੋਂ ਤੰਦੂਰ ਪਿੰਡ ਦੀ ਰੀੜ੍ਹ ਦੀ ਹੱਡੀ ਹੁੰਦਾਂ ਸੀ। ਪਰ ਸਮੇਂ ਦੇ ਬਦਲਾਅ ਨੇ ਸਹਿਚਾਰ ਦੀ ਯਾਦਗਾਰ, ਤੰਦੂਰ ਵੀ ਸਾਡੀਆਂ ਅੱਖਾਂ ਤੋਂ ਦੂਰ ਕਰ ਦਿੱਤਾ ਹੈ।



ਹੁਣ ਘਰਾਂ ਦੇ ਕੋਠਿਆਂ 'ਤੇ ਨਾ ਤੰਦੂਰ ਤਪਦੇ ਦਿਸਦੇ ਹਨ ਅਤੇ ਨਾ ਹੀ ਪਰਾਤਾਂ ਵਾਲੀਆਂ ਔਰਤਾਂ ਸਾਂਝੇ ਤੰਦੂਰ ਤੇ ਰੋਟੀਆਂ ਪਕਾਉਂਦੀਆਂ ਨਜ਼ਰ ਆਉਂਦੀਆਂ ਹਨ।

ਅੱਜ ਤੰਦੂਰ ਸਿਰਫ਼ ਹੋਟਲਾਂ ਜਾਂ ਵਿਆਹਾਂ ਵਿੱਚ ਹੀ ਵੇਖਣ ਨੂੰ ਮਿਲਦੇ ਹਨ। "ਤੰਦੂਰੀ ਰੋਟੀ" ਹਰ ਰੈਸਟੋਰੈਂਟ ਦੀ ਮੀਨੂ 'ਚ ਹੈ, ਪਰ ਉਹ ਤੰਦੂਰ ਦੀ ਸਾਂਝ, ਉਹ ਗੱਲਾਂ ਤੇ ਹਾਸੇ ਕਿਤੇ ਵੀ ਨਹੀਂ। ਅੱਜ ਦੇ ਸਮੇਂ ਦੀਆਂ ਨੌਜਵਾਨ ਕੁੜੀਆਂ ਨੂੰ ਨਾ ਤਾਂ ਤੰਦੂਰ ਤੇ ਰੋਟੀ ਲਾਹੁਣੀ ਆਉਂਦੀ ਹੈ ਅਤੇ ਨਾ ਹੀ ਉਹ ਤਜਰਬਾ ਹੈ ਜੋ ਸਦੀਆਂ ਤੋਂ ਔਰਤਾਂ ਦੀ ਸਾਂਝ ਵਜੋਂ ਪੀੜ੍ਹੀ-ਦਰ-ਪੀੜ੍ਹੀ ਚਲਿਆ ਆ ਰਿਹਾ ਸੀ। ਸ਼ਾਇਦ ਇਹ ਹੀ ਕਾਰਨ ਹੈ ਕਿ ਅੱਜ ਤੰਦੂਰ ਸਾਡੇ ਘਰਾਂ 'ਚੋਂ ਅਲੋਪ ਹੁੰਦਾ ਨਜ਼ਰ ਆ ਰਿਹਾ ਹੈ।



ਬਲਦੇਵ ਸਿੰਘ ਬੇਦੀ
ਜਲੰਧਰ, 9041925181

# ਪੰਡਤਾਂ ਦਾ ਇੱਕ ਮੁੰਡਾ



ਛੇਵੀਂ ਜਮਾਤ ਵਿੱਚ ਨਾਲ ਪੜ੍ਹਦਾ ਪੰਡਤਾਂ ਦਾ ਇੱਕ ਮੁੰਡਾ ਹਿਸਾਬ ਤੋਂ ਪੂਰਾ ਚਾਲੂ..ਇੱਕ ਦਿਨ ਟੈਸਟ ਰੱਖ ਲਿਆ। ਆਖਣ ਲੱਗਾ ਯਾਰ ਆਉਂਦਾ ਜਾਂਦਾ ਤੇ ਕੁਝ ਹੈਨੀ..ਦੱਸ ਕਿੱਦਾਂ ਕਰੀਏ? ਆਖਿਆ ਇੱਕ ਸਕੀਮ ਹੈ। ਨਲਕੇ ਦੀ ਹੱਥੀ ਦਾ ਬੋਲਟ ਚੋਰੀ ਕਰ ਲੈਂਦੇ ਹਾਂ। ਤ੍ਰੇਹ ਲੱਗੂ ਤਾਂ ਮਾਸਟਰ ਜੀ ਪਾਣੀ ਲੈਣ ਨਹਿਰ ਵਾਲੇ ਨਲਕੇ ਤੇ ਤਾਂ ਸਾਨੂੰ ਹੀ ਘੱਲੇਗਾ। ਉਥੇ ਘੜੀ ਵੱਧ ਲਾ ਆਵਾਂਗੇ..ਟੈਸਟ ਮੁੱਕ ਜੂ ਓਦੋਂ ਮੁੜ ਜਾਵਾਂਗੇ।

ਹਾਮੀਂ ਭਰ ਦਿੱਤੀ..ਫੇਰ ਅਗਲੇ ਦਿਨ ਤੜਕੇ ਆ ਕੇ ਪਹਿਲੋਂ ਹੱਥੀ ਦਾ ਬੋਲਟ ਕੱਢ ਕਿਧਰੇ ਲੁਕਾ ਦਿੱਤਾ। ਫੇਰ ਦੁਪਹਿਰੇ ਨਹਿਰ ਤੇ ਪਾਣੀ ਲੈਣ ਗਏ ਓਥੇ ਗੋਲਗੱਪਿਆ ਦਾ ਰੱਜ ਮਾਰ ਕੋਲ ਬੋਹੜ ਹੇਠ ਹੀ ਪੈ ਗਏ। ਘੜੀ ਕੂ ਮਗਰੋਂ ਕਿੰਨੀ ਸਾਰੀ ਮੂੰਗਫਲੀ ਚੱਬ ਛੱਡੀ..ਸਣੇ ਰਿਓੜੀਆਂ। ਘੜੀ ਲੰਘਣ ਮਗਰੋਂ ਬਾਲਟੀ ਭਰ ਕੇ ਤੁਰਨ ਲੱਗੇ ਤਾਂ ਮੂੰਗਫਲੀ ਵਾਲਾ ਆਖਣ ਲੱਗਾ..ਓਏ ਆਹ ਛਿੱਕੜਾਂ ਦਾ ਪਾਇਆ ਖਲਾਰਾ ਤੇ ਸਾਂਭਦੇ ਜਾਓ..ਗ੍ਰਾਹਕੀ ਬੁਰਾ ਮੰਨਦੀ ਏ।

ਉਸ ਦੀ ਆਖੀ ਅਣਸੁਣੀ ਜਿਹੀ ਕਰ ਕੇ ਇਸ ਖੁਸ਼ੀ ਵਿੱਚ ਵਾਪਿਸ ਹੋ ਤੁਰੇ ਕੇ ਸਕੀਮ ਕਾਮਯਾਬ ਰਹੀ..ਅਗਲੇ ਦਿਨ ਸਾਰੀ ਕਲਾਸ ਨੂੰ ਨੰਬਰ ਦੱਸ ਸਾਨੂੰ ਦੋਹਾਂ ਨੂੰ ਵੱਖਰਿਆਂ ਕਰ ਲਿਆ..ਆਖਣ ਲੱਗੇ ਤੁਸੀਂ ਦੋਵੇਂ ਹਿਸਾਬ ਦਾ ਟੈਸਟ ਅੱਜ ਦੇਵੋਗੇ..ਤੇ ਨਾਲ ਹੀ ਪਾਸੇ ਰਖਿਆ ਮੋਮਜਾਮੇ ਦਾ ਇੱਕ ਵੱਡਾ ਸਾਰਾ ਲਫਾਫਾ ਮੇਜ ਤੇ ਰੱਖ ਦਿੱਤਾ..।

ਅੰਦਰ ਚੱਬੀ ਹੋਈ ਮੂੰਗਫਲੀ ਦੀ ਛਿੱਕੜ ਸਨ..ਖਾਲੀ ਪੇਪਰ ਵੇਖ ਮਾਸਟਰ ਰੋਸ਼ਨ ਲਾਲ ਨੇ ਬੈਂਤ ਵਾਲੀ ਸੋਟੀ ਚੁੱਕ ਲਈ..ਫਿਰ ਕਿੰਨੇ ਸਵਾਲ ਪੁੱਛੇ..ਕਿੰਨੇ ਪੈਸਿਆਂ ਦੀ ਚੱਬੀ ਸੀ..ਹੋਰ ਕੀ ਕੀ ਖਾਦਾ..ਨਲਕੇ ਦੇ ਚੋਰੀ ਕੀਤੇ ਕਾਬਲੇ ਅਤੇ ਬੋਲਟ ਕਿਥੇ ਲੁਕਾਏ..।

ਪੰਜ ਮਿੰਟਾ ਦੀ ਤਫਤੀਸ਼ ਮਗਰੋਂ ਸਾਰੇ ਖੁਲਾਸੇ ਕਰਵਾ ਫੇਰ ਜੋ ਹਸ਼ਰ ਸਾਡਾ ਹੋਇਆ ਉਹ ਉਸ ਵੇਲੇ ਦੇ ਪੜ੍ਹੇ ਹੋਇਆਂ ਨੂੰ ਤੇ ਦੱਸਣ ਦੀ ਲੋੜ ਨਹੀਂ ਪਰ ਟੈਸਟ ਵਿਚੋਂ ਘੱਟ ਨੰਬਰਾਂ ਕਰਕੇ ਜੋ ਵੱਖਰੀ ਕੁੱਟ ਸਾਨੂੰ ਘਰੋਂ ਪਈ ਉਹ ਸਾਨੂੰ ਕਿੰਨਾ ਚਿਰ ਖਟਕਦੀ ਰਹੀ..।

ਕਿੰਨੇ ਵਰ੍ਹਿਆਂ ਮਗਰੋਂ ਨਹਿਰੀ ਵਿਭਾਗ ਵਿੱਚ ਅਫਸਰ ਲੱਗ ਪਹਿਲੀ ਨਿਯੁਕਤੀ ਓਸੇ ਇਲਾਕੇ ਵਿੱਚ ਹੋਈ ਤਾਂ ਇੱਕ ਦਿਨ ਜੀਪ ਓਸੇ ਪੁਲ ਤੇ ਰੁਕਵਾ ਲਈ..।

ਏਧਰ ਉੱਧਰ ਵੇਖਦੇ ਹੋਏ ਨੂੰ ਕੋਲ ਢਾਬੇ ਵਾਲੇ ਨੇ ਪੁੱਛ ਲਿਆ..ਸਰਦਾਰ ਸਾਬ ਕਿਸਨੂੰ ਮਿਲਣਾ..?

ਆਖਿਆ ਇਥੇ ਇੱਕ ਰੇਹੜੀ ਹੋਇਆ ਕਰਦੀ ਸੀ..ਨਾਲ ਹੱਥ ਵਾਲਾ ਨਲਕਾ ਵੀ..ਕਿਥੇ ਗਏ?

ਆਖਣ ਲੱਗਾ ਜੀ ਮੂੰਗਫਲੀ ਵਾਲਾ ਬਾਬਾ ਤੇ ਕਦੇ ਦਾ ਪੂਰਾ ਹੋ ਗਿਆ ਤੇ ਉਸ ਨਲਕੇ ਦੀ ਹੱਥੀ ਆਏ ਦਿਨ ਨਸ਼ੇੜੀਆਂ ਕਰਕੇ ਚੋਰੀ ਹੋ ਜਾਇਆ ਕਰਦੀ ਸੀ..ਸੋ ਸਾਰਿਆਂ ਰਲ ਕੇ ਪਾਣੀ ਦੀ ਟੂਟੀ ਲਵਾ ਦਿੱਤੀ..।

ਬਿਨਾਂ ਹੱਥੀ ਦੇ ਬੇਰੌਣਕੇ ਜਿਹੇ ਹੋ ਗਏ ਨਲਕੇ ਵੱਲ ਵੇਖਦੇ ਹੋਏ ਨੇ ਜਦੋਂ ਨਵੀਂ ਟੂਟੀ ਦਾ ਪਾਣੀ ਪੀਤਾ ਤਾਂ ਬਿਲਕੁਲ ਵੀ ਸੁਆਦ ਨਾ ਲੱਗਾ..ਉਹ ਪੁਰਾਣੀ ਠੰਡਕ ਮਿਠਾਸ ਤੇ ਕਿਧਰੇ ਹੈ ਹੀ ਨਹੀਂ ਸੀ..।

ਅੱਧਾ ਗਿਲਾਸ ਉਂਝ ਦਾ ਉਂਝ ਹੀ ਛੱਡ ਜੀਪ ਵੱਲ ਨੂੰ ਜਾਣ ਲੱਗਾ ਤਾਂ ਕੋਲ ਸੁੱਕੀ ਨਹਿਰ ਕੰਢੇ ਬੈਠਾ ਬਾਬਾ ਹੱਸ ਪਿਆ..ਅਖ਼ੇ ਕੀ ਗੱਲ ਸਵਾਦ ਨੀ ਲੱਗਾ..?

ਇਸਤੋਂ ਪਹਿਲਾਂ ਕੇ ਮੂਹੋਂ ਹਾਂ ਨਾਂਹ ਨਿੱਕਲਦੀ ਆਪੇ ਬੋਲ ਪਿਆ..ਪੁੱਤਰ ਹੁਣ ਇਥੋਂ ਦੇ ਪਾਣੀ ਹੀ ਨਹੀਂ ਸਗੋਂ ਸਭ ਕੁਝ ਹੀ ਬੇਸੁਆਦੀ ਹੋ ਗਿਆ..ਦੋਸਤੀਆਂ ਰਿਸ਼ਤੇਦਾਰੀਆਂ ਪੜਾਈਆਂ ਰਿਸ਼ਤੇ ਨਾਤੇ ਅਤੇ ਇਥੋਂ ਤੱਕ ਕੇ ਕਦੇ ਇਥੇ ਵਿਕਦੀਆਂ ਗੁੜ ਦੀਆਂ ਰਿਓੜੀਆਂ ਵੀ..।

ਜਿੰਨੀ ਛੇਤੀ ਇਸ ਸਾਰੇ ਬੇਸੁਆਦੇ ਪਣ ਦੀ ਆਦਤ ਪਾ ਲਵੇਂਗਾ ਓਨਾ ਹੀ ਸੌਖਾ ਰਹੇਂਗਾ..। ਆਖਰੀ ਉਮਰੇ ਇਕਲਾਪੇ ਦੇ ਵਰਮੀਂ ਕੋਲ ਬੈਠਾ ਸ਼ਾਇਦ ਹਰ ਆਉਂਦੇ ਜਾਂਦੇ ਨੂੰ ਤੁਰੇ ਫਿਰਦੇ ਮਤਲਬਪ੍ਰਸਥ ਨਾਗਾਂ ਤੋਂ ਸਾਵਧਾਨ ਕਰ ਰਿਹਾ ਸੀ।

ਹਰਪ੍ਰੀਤ ਸਿੰਘ ਜਵੰਦਾ

# ਧਨ ਹੋਣਾ ਚਾਹੀਦਾ ਹੈ... !



ਮੇਰੇ ਹਿਸਾਬ ਨਾਲ ਧਨ ਹੋਣਾ ਚਾਹੀਦਾ ਹੈ, ਜ਼ਰੂਰ ਹੋਣਾ ਚਾਹੀਦਾ ਹੈ। ਪੂਰੀ ਮਿਹਨਤ ਕਰੋ ਧਨ ਕਮਾਉਣ ਲਈ। ਪਰ ਧਨ ਪਾਉਣ ਵਿੱਚ ਹੀ ਧਨ ਦਾ ਅੰਤ ਨਹੀਂ ਹੈ। ਜਦੋਂ ਧਨ ਮਿਲ ਜਾਵੇ, ਤਾਂ ਤੁਹਾਡੇ ਕੋਲ ਸਹੂਲਤ ਹੈ। ਹੁਣ ਸੰਗੀਤ ਦੀ ਭਾਲ ਕਰੋ, ਸਾਹਿਤ ਦੀ ਭਾਲ ਕਰੋ, ਧਰਮ ਦੀ ਭਾਲ ਕਰੋ। ਹੁਣ ਧਨ ਨੇ ਤੁਹਾਨੂੰ ਸਹੂਲਤ ਦੇ ਦਿੱਤੀ ਹੈ ਆਪਣੇ ਘਰ ਵਿੱਚ ਪ੍ਰਾਰਥਨਾ-ਘਰ ਬਣਾ ਸਕਦੇ ਹੋ, ਧਿਆਨ-ਘਰ ਬਣਾ ਸਕਦੇ ਹੋ। ਹੁਣ ਤੁਸੀਂ ਘੜੀ ਭਰ ਲਈ ਸ਼ਾਂਤ ਬੈਠ ਕੇ ਮੌਨ ਹੋ ਸਕਦੇ ਹੋ। ਤੁਸੀਂ ਘੜੀ ਭਰ ਲਈ ਨੱਚ ਸਕਦੇ ਹੋ। ਹੁਣ ਨੱਚੋ! ਗਾਓ! ਅਤੇ ਤੁਸੀਂ ਹੈਰਾਨ ਹੋ ਜਾਵੋਗੇ ਕਿ ਤੁਹਾਡੇ ਧਨ ਵਿੱਚ ਵੀ ਸਾਰਥਕਤਾ ਆ ਗਈ ਹੈ ਤੁਹਾਡੇ ਧਿਆਨ ਦੇ ਕਾਰਨ। ਤੁਹਾਡਾ ਧਨ ਵੀ ਕੰਮ ਆ ਗਿਆ।

ਇਸ ਸੰਸਾਰ ਵਿੱਚ ਬਾਹਰੋਂ ਸਾਨੂੰ ਜੋ ਵੀ ਮਿਲ ਸਕਦਾ ਹੈ ਉਹ ਸਭ ਸਾਧਨ ਹਨ, ਸਾਧਯ (ਟੀਚਾ) ਅੰਦਰ ਹੈ। ਅਤੇ ਧਿਆਨ ਰੱਖਿਓ, ਇਹ ਤਾਂ ਕਦੇ ਪੁੱਛਿਓ ਹੀ ਨਾ ਕਿ ਸਾਧਯ ਕਿਸ ਲਈ? ਕਿਉਂਕਿ ਸਾਧਯ ਦਾ ਅਰਥ ਹੀ ਹੁੰਦਾ ਹੈ, ਜੋ ਆਖਰੀ ਹੈ। ਉਹ ਚੀਜ਼ ਦਾ ਹੋਰ ਸਾਧਨ ਨਹੀਂ ਹੈ; ਜੋ ਆਖਰੀ ਹੈ।

ਪਰਮਾਤਮਾ ਆਖਰੀ ਹੈ। ਇਸ ਲਈ ਪਰਮਾਤਮਾ ਨੂੰ ਤੁਸੀਂ ਕਿਸੇ ਹੋਰ ਚੀਜ਼ ਦਾ ਸਾਧਨ ਨਹੀਂ ਬਣਾ ਸਕਦੇ। ਸਾਰੀਆਂ ਚੀਜ਼ਾਂ ਉਸਦੇ ਲਈ ਸਾਧਨ ਬਣਾ ਲੈਣੀਆਂ ਹਨ। ਸਰੀਰ ਵੀ ਉਸ ਨੂੰ ਹੀ ਸਾਧਨ ਵਿੱਚ ਲਗਾ ਦੇਣਾ ਹੈ, ਧਨ ਵੀ ਲਗਾ ਦੇਣਾ ਹੈ, ਜੀਵਨ ਵੀ ਲਗਾ ਦੇਣਾ ਹੈ, ਮਨ ਵੀ ਲਗਾ ਦੇਣਾ ਹੈ, ਦਿਲ ਵੀ ਲਗਾ ਦੇਣਾ ਹੈ। ਵਿਚਾਰ, ਭਾਵਨਾਵਾਂ, ਸਭ ਕੁਝ ਉਸਨੂੰ ਹੀ ਸਮਰਪਿਤ ਕਰ ਦੇਣਾ ਹੈ।

ਪਰ ਇਹ ਤਾਂ ਭੁੱਲ ਕੇ ਵੀ ਨਾ ਪੁੱਛਿਓ ਕਿ ਇਸਦਾ ਕੀ ਫਾਇਦਾ ਹੈ? ਕਿਉਂਕਿ ਉਹ ਜੋ ਆਖਰੀ ਹੈ, ਆਖਰੀ ਸਾਧਯ (ਟੀਚੇ) ਨੂੰ ਹੀ ਅਸੀਂ ਪਰਮਾਤਮਾ ਕਹਿੰਦੇ ਹਾਂ — ਜਿਸ ਲਈ ਸਭ ਕੁਝ ਕੀਤਾ ਜਾ ਸਕਦਾ ਹੈ ਅਤੇ ਜਿਸ ਵਿੱਚ ਅਸੀਂ ਅਨੰਦ ਦੀ ਡੁੱਬਕੀ ਲਗਾਉਂਦੇ ਹਾਂ।

ਤੁਸੀਂ ਕਦੇ ਪੁੱਛਿਆ ਹੈ, ਅਨੰਦ ਦਾ ਸਾਰ ਕੀ ਹੈ? ਅਨੰਦ ਦਾ ਸਾਰ ਅਨੰਦ ਹੈ। ਪ੍ਰੇਮ ਦਾ ਸਾਰ ਕੀ ਹੈ? ਪ੍ਰੇਮ ਦਾ ਸਾਰ ਪ੍ਰੇਮ ਹੈ। ਪਰ ਧਨ ਦਾ ਸਾਰ ਧਨ ਨਹੀਂ ਹੈ। ਧਨ ਦੀ ਤਾਂ ਕੁਝ ਵਰਤੋਂ ਕਰਨੀ ਪਵੇਗੀ ਤਾਂ ਸਾਰ ਹੈ, ਨਹੀਂ ਤਾਂ ਤੁਹਾਡੇ ਕੋਲ ਧਨ ਸੀ ਕਿ ਨਹੀਂ ਸੀ, ਇੱਕੋ ਗੱਲ ਹੈ।

ਓਸ਼ੋ

## ਹਾਕੀ ਚੈਂਪੀਅਨਸ਼ਿਪ:
# ਪੰਜਾਬ ਕੁਆਰਟਰ ਫਾਈਨਲ 'ਚ ਪੁੱਜਾ



ਪੰਜਾਬ ਨੇ ਮੱਧ ਪ੍ਰਦੇਸ਼ ਨੂੰ ਸਖਤ ਮੁਕਾਬਲੇ ਵਿੱਚ 3-2 ਨਾਲ ਹਰਾ ਕੇ 15ਵੀਂ ਹਾਕੀ ਇੰਡੀਆ ਜੂਨੀਅਰ ਰਾਸ਼ਟਰੀ (ਪੁਰਸ਼)ਹਾਕੀ ਚੈਂਪੀਅਨਸ਼ਿਪ ਦੇ ਕੁਆਰਟਰ ਫਾਈਨਲ ਵਿੱਚ ਪ੍ਰਵੇਸ਼ ਕਰ ਲਿਆ ਹੈ। ਓਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿੱਚ ਹਾਕੀ ਪੰਜਾਬ ਵੱਲੋਂ ਕਰਵਾਈ ਜਾ ਰਹੀ ਇਸ ਚੈਂਪੀਅਨਸ਼ਿਪ ਵਿੱਚ 'ਏ' ਡਿਵੀਜ਼ਨ ਵਿੱਚ ਉੜੀਸਾ ਅਤੇ ਹਰਿਆਣਾ ਨੇ ਆਪੋ-ਆਪਣੇ ਲੀਗ ਮੈਚ ਜਿੱਤ ਕੇ 3-3 ਅੰਕ ਹਾਸਲ ਕਰ ਲਏ। 'ਬੀ' ਡਿਵੀਜ਼ਨ ਵਿੱਚ ਬਿਹਾਰ ਤੇ ਬੰਗਾਲ ਨੇ ਵੀ ਆਪੋ-ਆਪਣੇ ਲੀਗ ਮੈਚ ਜਿੱਤ ਕੇ 3-3 ਅੰਕ ਹਾਸਲ ਕੀਤੇ ਹਨ। ਪੰਜਾਬ ਨੂੰ ਮੱਧ ਪ੍ਰਦੇਸ਼ ਨੇ ਸਖ਼ਤ ਚੁਣੌਤੀ ਦਿੱਤੀ। ਖੇਡ ਦੇ ਸ਼ੁਰੂਆਤੀ ਪਲਾਂ ਵਿੱਚ ਪੰਜਾਬ ਦੇ ਓਮ ਰਜਨੀਸ਼ ਸੈਣੀ ਨੇ ਖੇਡ ਦੇ ਤੀਜੇ ਮਿੰਟ ਵਿੱਚ ਮੈਦਾਨੀ ਗੋਲ ਕਰਕੇ ਸਕੋਰ 1-0 ਕੀਤਾ। ਖੇਡ ਦੇ 14ਵੇਂ ਮਿੰਟ ਵਿੱਚ ਪੰਜਾਬ ਦੇ ਲਵਨੂਰ ਸਿੰਘ ਨੇ ਗੋਲ ਕਰਕੇ ਸਕੋਰ 2-0 ਕੀਤਾ। ਮੱਧ ਪ੍ਰਦੇਸ਼ ਦੇ ਮੁਹੰਮਦ ਅਨਸ ਨੇ 19ਵੇਂ ਮਿੰਟ ਵਿਚ ਗੋਲ ਕਰਕੇ ਸਕੋਰ 1-2 ਕੀਤਾ। ਇਸ ਤੋਂ ਬਾਅਦ ਖੇਡ ਦੇ 39ਵੇਂ ਮਿੰਟ ਵਿੱਚ ਝਾਰਖੰਡ ਦੇ ਸੁਹੇਲ ਅਲੀ ਨੇ ਗੋਲ ਕਰਕੇ ਸਕੋਰ 2-2 ਕੀਤਾ। ਖੇਡ ਦੇ 41ਵੇਂ ਮਿੰਟ ਵਿੱਚ ਪੰਜਾਬ ਦੇ ਜਪਨੀਤ ਸਿੰਘ ਨੇ ਪੈਨਲਟੀ ਸਟਰੋਕ ਰਾਹੀਂ ਗੋਲ ਕਰਕੇ ਸਕੋਰ 3-2 ਕੀਤਾ। ਇਸ ਚੈਂਪੀਅਨਸ਼ਿਪ ਦੇ ਤੀਜੇ ਦਿਨ ਬਿਹਾਰ ਨੇ ਅਸਾਮ ਨੂੰ 4-3 ਨਾਲ ਹਰਾਇਆ। ਅੱਧੇ ਸਮੇਂ ਤੱਕ ਬਿਹਾਰ 3-2 ਨਾਲ ਅੱਗੇ ਸੀ। ਦੂਜੇ ਮੈਚ ਵਿਚ ਬੰਗਾਲ ਨੇ ਉਤਰਾਖੰਡ ਨੂੰ 4-1 ਨਾਲ ਹਰਾਇਆ। ਅੱਧੇ ਸਮੇਂ ਤੱਕ ਬੰਗਾਲ 2-0 ਨਾਲ ਅੱਗੇ ਸੀ। 'ਏ' ਡਿਵੀਜ਼ਨ ਵਿੱਚ ਉੜੀਸਾ ਨੂੰ ਕਰਨਾਟਕ ਨੇ ਸਖ਼ਤ ਟੱਕਰ ਦਿੱਤੀ। ਉੜੀਸਾ ਨੇ ਇਹ ਮੈਚ 2-1 ਨਾਲ ਜਿੱਤ ਲਿਆ। ਦੂਜੇ ਮੈਚ ਵਿੱਚ ਹਰਿਆਣਾ ਨੇ ਮਨੀਪੁਰ ਨੂੰ 5-0 ਨਾਲ ਹਰਾਇਆ। ਅੱਧੇ ਸਮੇਂ ਤੱਕ ਹਰਿਆਣਾ 2-0 ਨਾਲ ਅੱਗੇ ਸੀ।

ਅੱਜ ਦੇ ਮੈਚਾਂ ਦੇ ਮੁੱਖ ਮਹਿਮਾਨ ਓਲੰਪੀਅਨ ਸਮੀਰ ਦਾਦ, ਸਿਮਰਨਜੀਤ ਸਿੰਘ, ਅਮਨਦੀਪ ਕੌਰ, ਯੋਗਿਤਾ ਬਾਲੀ, ਅਮਨਪ੍ਰੀਤ ਸਿੰਘ, ਅਸ਼ਫਾਕਉੱਲਾ ਖਾਨ, ਓਲੰਪੀਅਨ ਕਰਨਲ ਬਲਬੀਰ ਸਿੰਘ ਅਤੇ ਓਲੰਪੀਅਨ ਗੁਰਜੰਟ ਸਿੰਘ ਨੇ ਟੀਮਾਂ ਨਾਲ ਜਾਣ ਪਛਾਣ ਕੀਤੀ। ਅੱਜ ਦੇ ਮੈਚਾਂ ਸਮੇਂ ਅਮਰੀਕ ਸਿੰਘ ਪੁਆਰ ਜਨਰਲ ਸਕੱਤਰ ਹਾਕੀ ਪੰਜਾਬ, ਓਲੰਪੀਅਨ ਸੰਜੀਵ ਕੁਮਾਰ, ਗੁਰਮੀਤ ਸਿੰਘ, ਸਤਿੰਦਰਜੀਤ ਸਿੰਘ, ਜਸਵਿੰਦਰ ਸਿੰਘ ਲਾਲੀ, ਸੰਦੀਪ ਕੋਹਲੀ, ਉਲੰਪੀਅਨ ਗੈਵਨ ਫਰੇਰਾ, ਸੰਦੀਪ ਸਿੰਘ, ਅਵਤਾਰ ਸਿੰਘ, ਰਜਿੰਦਰ ਸਿੰਘ ਸੀਨੀਅਰ ਓਲੰਪੀਅਨ, ਰਿਪੁਦਮਨ ਕੁਮਾਰ ਸਿੰਘ, ਰਾਮ ਸਰਨ, ਸੰਜੇ ਬੀਰ, ਦਲਜੀਤ ਸਿੰਘ ਢਿੱਲੋਂ ਅਤੇ ਹੋਰ ਖੇਡ ਪ੍ਰੇਮੀ ਹਾਜ਼ਰ ਸਨ।

# ਏਸ਼ੀਆ ਕੱਪ ਲਈ ਟੀਮ ਇੰਡੀਆ ਦਾ ਐਲਾਨ




ਏਸ਼ੀਆ ਕੱਪ ਲਈ ਟੀਮ ਇੰਡੀਆ ਦਾ ਐਲਾਨ ਕਰ ਦਿੱਤਾ ਗਿਆ ਹੈ। ਟੀਮ ਵਿੱਚ ਕੁੱਲ 15 ਖਿਡਾਰੀਆਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਦੇ ਕਪਤਾਨ ਸੂਰਿਆਕੁਮਾਰ ਯਾਦਵ ਹੋਣਗੇ। ਏਸ਼ੀਆ ਕੱਪ ਟੀਮ ਵਿੱਚ ਜ਼ਿਆਦਾਤਰ ਚਿਹਰੇ ਉਹ ਹਨ ਜਿਨ੍ਹਾਂ ਦੀ ਚੋਣ ਦੀ ਉਮੀਦ ਸੀ। ਹਾਲਾਂਕਿ, ਕੁਝ ਮਸ਼ਹੂਰ ਖਿਡਾਰੀਆਂ ਨੂੰ ਵੀ ਟੀਮ ਤੋਂ ਬਾਹਰ ਰੱਖਿਆ ਗਿਆ ਹੈ। ਸ਼ੁਭਮਨ ਗਿੱਲ ਦਾ ਨਾਮ ਸਭ ਤੋਂ ਵੱਧ ਚਰਚਾ ਵਿੱਚ ਸੀ। ਉਸਨੂੰ ਨਾ ਸਿਰਫ ਏਸ਼ੀਆ ਕੱਪ ਟੀਮ ਵਿੱਚ ਸ਼ਾਮਲ ਕੀਤਾ ਗਿਆ ਹੈ ਬਲਕਿ ਟੀਮ ਦਾ ਉਪ-ਕਪਤਾਨ ਵੀ ਬਣਾਇਆ ਗਿਆ ਹੈ।

**ਸ਼ੁਭਮਨ ਗਿੱਲ ਨੂੰ ਮੌਕਾ ਮਿਲਿਆ, ਇਨ੍ਹਾਂ ਖਿਡਾਰੀਆਂ ਨੂੰ ਵੀ ਚੁਣਿਆ ਗਿਆ**

ਭਾਰਤੀ ਚੋਣਕਾਰਾਂ ਨੇ ਏਸ਼ੀਆ ਕੱਪ ਲਈ ਅਭਿਸ਼ੇਕ ਸ਼ਰਮਾ ਅਤੇ ਸੰਜੂ ਸੈਮਸਨ ਵਾਲੀ ਟੀਮ ਇੰਡੀਆ ਦੀ ਓਪਨਿੰਗ ਜੋੜੀ 'ਤੇ ਆਪਣਾ ਵਿਸ਼ਵਾਸ ਰੱਖਿਆ ਹੈ। ਓਪਨਰ ਅਭਿਸ਼ੇਕ ਸ਼ਰਮਾ ਵੀ ਟੀ-20 ਰੈਂਕਿੰਗ ਵਿੱਚ ਦੁਨੀਆ ਦੇ ਨੰਬਰ 2 ਬੱਲੇਬਾਜ਼ ਹਨ। ਉਨ੍ਹਾਂ ਤੋਂ ਇਲਾਵਾ, ਟੀ-20 ਰੈਂਕਿੰਗ ਵਿੱਚ ਦੁਨੀਆ ਦੇ ਨੰਬਰ 2 ਬੱਲੇਬਾਜ਼ ਤਿਲਕ ਵਰਮਾ ਨੂੰ ਵੀ ਏਸ਼ੀਆ ਕੱਪ ਲਈ ਚੁਣਿਆ ਗਿਆ ਹੈ। ਸੰਜੂ, ਅਭਿਸ਼ੇਕ ਅਤੇ ਤਿਲਕ ਸਿਖਰਲੇ ਕ੍ਰਮ ਵਿੱਚ ਹਨ, ਜਦੋਂ ਕਿ ਮੱਧ ਕ੍ਰਮ ਵਿੱਚ, ਕਪਤਾਨ ਸੂਰਿਆਕੁਮਾਰ ਯਾਦਵ ਤੋਂ ਇਲਾਵਾ, ਹਾਰਦਿਕ ਪੰਡਯਾ, ਅਕਸ਼ਰ ਪਟੇਲ, ਰਿੰਕੂ ਸਿੰਘ ਵਰਗੇ ਖਿਡਾਰੀ ਜਗ੍ਹਾ ਪ੍ਰਾਪਤ ਕਰਦੇ ਦਿਖਾਈ ਦੇ ਰਹੇ ਹਨ। ਗੇਂਦਬਾਜ਼ੀ ਦੇ ਮੋਰਚੇ 'ਤੇ, ਬੁਮਰਾਹ ਅਤੇ ਅਰਸ਼ਦੀਪ ਤੇਜ਼ ਹਮਲੇ ਦਾ ਭਾਰ ਚੁੱਕਦੇ ਦਿਖਾਈ ਦੇਣਗੇ। ਇਸ ਦੇ ਨਾਲ ਹੀ, ਸਪਿਨ ਨੂੰ ਮਜ਼ਬੂਤ ਕਰਨ ਲਈ ਵਰੁਣ ਚੱਕਰਵਰਤੀ ਅਤੇ ਕੁਲਦੀਪ ਯਾਦਵ ਨੂੰ ਏਸ਼ੀਆ ਕੱਪ ਟੀਮ ਵਿੱਚ ਸ਼ਾਮਲ ਕੀਤਾ ਗਿਆ ਹੈ।

**ਏਸ਼ੀਆ ਕੱਪ ਲਈ ਟੀਮ ਇੰਡੀਆ**

ਸੂਰਿਆਕੁਮਾਰ ਯਾਦਵ (ਕਪਤਾਨ), ਸ਼ੁਭਮਨ ਗਿੱਲ (ਉਪ-ਕਪਤਾਨ), ਅਭਿਸ਼ੇਕ ਸ਼ਰਮਾ, ਤਿਲਕ ਵਰਮਾ, ਹਾਰਦਿਕ ਪੰਡਯਾ, ਸ਼ਿਵਮ ਦੂਬੇ, ਅਕਸ਼ਰ ਪਟੇਲ, ਜਿਤੇਸ਼ ਸ਼ਰਮਾ, ਜਸਪ੍ਰੀਤ ਬੁਮਰਾਹ, ਵਰੁਣ ਚੱਕਰਵਰਤੀ, ਅਰਸ਼ਦੀਪ ਸਿੰਘ, ਕੁਲਦੀਪ ਯਾਦਵ, ਸੰਜੂ ਸੈਮਸਨ, ਹਰਸ਼ਿਤ ਰਾਣਾ, ਰਿੰਕੂ ਸਿੰਘ।

**ਟੀਮ ਇੰਡੀਆ ਇੱਕ ਹੋਰ ਏਸ਼ੀਆ ਕੱਪ ਜਿੱਤਣ ਲਈ ਤਿਆਰ**

ਏਸ਼ੀਆ ਕੱਪ ਦਾ 17ਵਾਂ ਐਡੀਸ਼ਨ 9 ਸਤੰਬਰ ਤੋਂ ਯੂਏਈ ਵਿੱਚ ਹੋਣਾ ਹੈ। ਇਸ ਵਾਰ ਭਾਰਤ ਟੂਰਨਾਮੈਂਟ ਵਿੱਚ ਨਾ ਸਿਰਫ਼ ਜਿੱਤਣ ਦੇ ਇਰਾਦੇ ਨਾਲ ਪ੍ਰਵੇਸ਼ ਕਰੇਗਾ, ਸਗੋਂ ਆਪਣੇ ਖਿਤਾਬ ਦਾ ਬਚਾਅ ਵੀ ਕਰੇਗਾ। ਇਸਨੇ ਰੋਹਿਤ ਸ਼ਰਮਾ ਦੀ ਕਪਤਾਨੀ ਹੇਠ 2023 ਵਿੱਚ ਏਸ਼ੀਆ ਕੱਪ ਦਾ 16ਵਾਂ ਐਡੀਸ਼ਨ ਜਿੱਤਿਆ ਸੀ।

# ਯੁਵਰਾਜ ਸਿੰਘ ਦੀ ਭੈਣ ਐਮੀ ਦੀ ਟੀਮ ਇੰਡੀਆ 'ਚ ਹੋਈ ਚੋਣ



ਭਾਰਤ ਦੀ ਪੈਡਲ ਟੀਮ ਇਸ ਸਾਲ ਅਗਸਤ ਵਿੱਚ ਮਲੇਸ਼ੀਆ ਦੇ ਕੁਆਲਾਲੰਪੁਰ ਵਿੱਚ ਹੋਣ ਵਾਲੇ ਏਸ਼ੀਆ ਪੈਸੀਫਿਕ ਪੈਡਲ ਕੱਪ (APPC 2025) ਵਿੱਚ ਦੇਸ਼ ਦੀ ਨੁਮਾਇੰਦਗੀ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਦੇਸ਼ ਦੇ ਬਹੁਤ ਸਾਰੇ ਵਧੀਆ ਪੈਡਲ ਖਿਡਾਰੀ ਇਸ ਟੂਰਨਾਮੈਂਟ ਵਿੱਚ ਹਿੱਸਾ ਲੈਣਗੇ, ਪਰ ਟੀਮ ਇੰਡੀਆ ਵਿੱਚ ਸਭ ਤੋਂ ਖਾਸ ਨਾਮ ਅਮਰਜੋਤ ਕੌਰ ਉਰਫ਼ ਐਮੀ ਬੁੰਡੇਲ ਹੈ, ਜੋ ਸਾਬਕਾ ਭਾਰਤੀ ਕ੍ਰਿਕਟਰ ਅਤੇ ਵਿਸ਼ਵ ਕੱਪ ਦੇ ਹੀਰੋ ਯੁਵਰਾਜ ਸਿੰਘ ਦੀ ਭੈਣ ਹੈ।

ਭਾਰਤ ਦੀ ਪੈਡਲ ਟੀਮ ਅਗਸਤ 2025 ਵਿੱਚ ਮਲੇਸ਼ੀਆ ਦੇ ਕੁਆਲਾਲੰਪੁਰ ਵਿੱਚ ਹੋਣ ਵਾਲੇ ਏਸ਼ੀਆ ਪੈਸੀਫਿਕ ਪੈਡਲ ਕੱਪ (APPC 2025) ਵਿੱਚ ਹਿੱਸਾ ਲਵੇਗੀ। ਐਮੀ ਲਈ, ਇਹ ਟੂਰਨਾਮੈਂਟ ਉਸਦੇ ਪੈਡਲ ਕਰੀਅਰ ਦਾ ਸਭ ਤੋਂ ਵੱਡਾ ਪੜਾਅ ਹੋਵੇਗਾ। ਐਮੀ ਨੇ ਖੁਦ ਇਸ ਮੌਕੇ ਨੂੰ ਆਪਣੇ ਖੇਡ ਸਫ਼ਰ ਵਿੱਚ ਇੱਕ ਅਵਿਸ਼ਵਾਸ਼ਯੋਗ ਪਲ ਦੱਸਿਆ ਹੈ। ਟੀਮ ਇੰਡੀਆ ਇਸ ਟੂਰਨਾਮੈਂਟ ਵਿੱਚ ਤਜਰਬੇਕਾਰ ਅਤੇ ਨਵੇਂ ਖਿਡਾਰੀਆਂ ਦੇ ਸੰਤੁਲਨ ਨਾਲ ਪ੍ਰਵੇਸ਼ ਕਰ ਰਹੀ ਹੈ। ਸਾਰੇ ਖਿਡਾਰੀ ਆਪਣੀ ਸ਼ਾਨਦਾਰ ਸਰਵ, ਤੇਜ਼ ਰੈਲੀ ਅਤੇ ਰਣਨੀਤਕ ਸਮੇਸ਼ ਲਈ ਜਾਣੇ ਜਾਂਦੇ ਹਨ। ਪ੍ਰਬੰਧਕਾਂ ਦੇ ਅਨੁਸਾਰ, APPC 2025 ਏਸ਼ੀਆ-ਪ੍ਰਸ਼ਾਂਤ ਖੇਤਰ ਦਾ ਸਭ ਤੋਂ ਵੱਡਾ ਪੈਡਲ ਈਵੈਂਟ ਹੈ, ਜਿਸ ਵਿੱਚ ਚੋਟੀ ਦੇ ਦੇਸ਼ਾਂ ਦੀਆਂ ਟੀਮਾਂ ਹਿੱਸਾ ਲੈਣਗੀਆਂ।" "ਸਾਰੀਆਂ ਨਜ਼ਰਾਂ ਹੁਣ APPC 2025 'ਤੇ ਹਨ, ਜਿੱਥੇ ਅਮਰਜੋਤ ਕੌਰ ਅਤੇ ਉਸਦੀ ਟੀਮ ਕੁਆਲਾਲੰਪੁਰ ਦੇ ਕੋਰਟ 'ਤੇ ਆਪਣੀ ਤਾਕਤ, ਰਣਨੀਤੀ ਅਤੇ ਜਨੂੰਨ ਦਾ ਪ੍ਰਦਰਸ਼ਨ ਕਰੇਗੀ, ਅਤੇ ਅੰਤਰਰਾਸ਼ਟਰੀ ਮੰਚ 'ਤੇ ਭਾਰਤ ਨੂੰ ਮਾਣ ਦਿਵਾਉਣ ਦੀ ਕੋਸ਼ਿਸ਼ ਕਰੇਗੀ। ਇਸ ਦੇ ਨਾਲ ਹੀ, ਯੁਵਰਾਜ ਸਿੰਘ ਦੇ ਪ੍ਰਸ਼ੰਸਕਾਂ ਦੀਆਂ ਨਜ਼ਰਾਂ ਵੀ ਅਮਰਜੋਤ 'ਤੇ ਟਿਕੀਆਂ ਹਨ।

**"ਐਮੀ ਯੁਵਰਾਜ ਸਿੰਘ ਦੀ ਸੌਤੇਲੀ ਭੈਣ ਹੈ"**

ਅਮਰਜੋਤ ਕੌਰ ਸਾਬਕਾ ਭਾਰਤੀ ਕ੍ਰਿਕਟਰ ਯੁਵਰਾਜ ਸਿੰਘ ਦੀ ਸੌਤੇਲੀ ਭੈਣ ਹੈ। ਉਹ ਪੰਜਾਬੀ ਅਦਾਕਾਰਾ ਨੀਨਾ ਬੁੰਡੇਲ ਦੀ ਧੀ ਹੈ। ਅਮਰਜੋਤ ਇਸ ਸਮੇਂ ਚੰਡੀਗੜ੍ਹ ਵਿੱਚ ਰਹਿੰਦੀ ਹੈ ਅਤੇ ਟੈਨਿਸ ਵਿੱਚ ਕਰੀਅਰ ਬਣਾਉਣ ਵੱਲ ਵਧ ਰਹੀ ਹੈ। ਉਸਦੇ ਪਰਿਵਾਰ ਵਿੱਚ ਉਸਦਾ ਜੈਵਿਕ ਭਰਾ ਵਿਕਟਰ ਸਿੰਘ, ਨਾਲ ਹੀ ਸੌਤੇਲੇ ਭਰਾ ਯੁਵਰਾਜ ਸਿੰਘ ਅਤੇ ਜ਼ੋਰਾਵਰ ਸਿੰਘ ਸ਼ਾਮਲ ਹਨ।" "ਆਪਣੀ ਮਾਂ ਵਾਂਗ, ਅਮਰਜੋਤ ਵੀ ਬਹੁਤ ਗਲੈਮਰਸ ਹੈ ਅਤੇ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਪ੍ਰਸਿੱਧ ਹੋ ਰਹੀ ਹੈ। ਉਸਦੇ ਇੰਸਟਾਗ੍ਰਾਮ 'ਤੇ 32,500 ਤੋਂ ਵੱਧ ਫਾਲੋਅਰਜ਼ ਹਨ। ਖੇਡ ਪ੍ਰਤੀ ਉਸਦੇ ਜਨੂੰਨ ਅਤੇ ਡਿਜੀਟਲ ਦੁਨੀਆ ਵਿੱਚ ਵੱਧਦੀ ਮਾਨਤਾ ਦੇ ਨਾਲ, ਅਮਰਜੋਤ ਹੁਣ ਇੱਕ ਉੱਭਰਦੀ ਸ਼ਖਸੀਅਤ ਬਣ ਰਹੀ ਹੈ।"

ਪੈਡਲ ਇੱਕ ਰੈਕੇਟ ਗੇਮ ਹੈ, ਜਿਸਨੂੰ ਟੈਨਿਸ ਅਤੇ ਸਕੁਐਸ਼ ਦਾ ਮਿਸ਼ਰਣ ਮੰਨਿਆ ਜਾਂਦਾ ਹੈ ਅਤੇ ਮੁੱਖ ਤੌਰ 'ਤੇ ਡਬਲਜ਼ ਫਾਰਮੈਟ ਵਿੱਚ ਖੇਡਿਆ ਜਾਂਦਾ ਹੈ। ਇਸਦਾ ਕੋਰਟ ਟੈਨਿਸ ਕੋਰਟ ਨਾਲੋਂ ਛੋਟਾ ਹੈ, ਲਗਭਗ 20 ਮੀਟਰ ਲੰਬਾ ਅਤੇ 10 ਮੀਟਰ ਚੌੜਾ ਹੈ ਅਤੇ ਸਾਰੇ ਪਾਸਿਆਂ ਤੋਂ ਸ਼ੀਸ਼ੇ ਅਤੇ ਜਾਲੀ ਦੀਆਂ ਕੰਧਾਂ ਨਾਲ ਘਿਰਿਆ ਹੋਇਆ ਹੈ, ਤਾਂ ਜੋ ਗੇਂਦ ਕੰਧ ਨਾਲ ਟਕਰਾਉਣ ਤੋਂ ਬਾਅਦ ਵੀ ਖੇਡ ਵਿੱਚ ਰਹੇ, ਬਿਲਕੁਲ ਸਕੁਐਸ਼ ਵਾਂਗ।"

ਪੈਡਲ ਵਿੱਚ ਵਰਤਿਆ ਜਾਣ ਵਾਲਾ ਰੈਕੇਟ ਟੈਨਿਸ ਰੈਕੇਟ ਨਾਲੋਂ ਛੋਟਾ ਹੈ ਅਤੇ ਤਾਰਾਂ ਤੋਂ ਬਿਨਾਂ ਹੈ, ਜਿਸ ਵਿੱਚ ਛੇਕ ਹੁੰਦੇ ਹਨ, ਜਦੋਂ ਕਿ ਗੇਂਦ ਟੈਨਿਸ ਬਾਲ ਵਰਗੀ ਹੁੰਦੀ ਹੈ। ਪਰ ਇਸ ਵਿੱਚ ਦਬਾਅ ਥੋੜ੍ਹਾ ਘੱਟ ਹੁੰਦਾ ਹੈ, ਜਿਸ ਕਾਰਨ ਤੇਜ਼ ਹੋਣ ਦੇ ਬਾਵਜੂਦ ਖੇਡ ਕੰਟਰੋਲ ਵਿੱਚ ਰਹਿੰਦੀ ਹੈ।" "ਪੈਡਲ ਦੀ ਸ਼ੁਰੂਆਤ 1969 ਵਿੱਚ ਮੈਕਸੀਕੋ ਵਿੱਚ ਹੋਈ ਸੀ, ਪਰ ਅੱਜ ਇਹ ਸਪੇਨ, ਅਰਜਨਟੀਨਾ, ਯੂਏਈ ਅਤੇ ਯੂਰਪ ਦੇ ਕਈ ਦੇਸ਼ਾਂ ਵਿੱਚ ਬਹੁਤ ਮਸ਼ਹੂਰ ਹੈ। ਭਾਰਤ ਵਿੱਚ ਪੈਡਲ ਖੇਡ ਦੀ ਪ੍ਰਸਿੱਧੀ ਪਿਛਲੇ ਕੁਝ ਸਾਲਾਂ ਵਿੱਚ ਤੇਜ਼ੀ ਨਾਲ ਵਧੀ ਹੈ। ਇਹ ਖੇਡ ਭਾਰਤ ਵਿੱਚ ਅਜੇ ਵੀ ਨਵੀਂ ਹੈ, ਪਰ ਮੁੰਬਈ, ਦਿੱਲੀ ਅਤੇ ਪੰਜਾਬ ਵਰਗੇ ਸ਼ਹਿਰਾਂ ਵਿੱਚ ਕੋਰਟ ਤੇਜ਼ੀ ਨਾਲ ਬਣਾਏ ਜਾ ਰਹੇ ਹਨ ਅਤੇ ਇਹ ਖੇਡ ਪ੍ਰਸਿੱਧੀ ਪ੍ਰਾਪਤ ਕਰ ਰਹੀ ਹੈ।"

# ਮਹਾਨ ਫ਼ੁੱਟਬਾਲ ਖਿਡਾਰੀ ਲਿਓਨਲ ਮੈਸੀ

## ਫੁੱਟਬਾਲ ਦਾ ਪ੍ਰਚਾਰ ਕਰਨ ਲਈ 12 ਦਸੰਬਰ ਨੂੰ ਤਿੰਨ ਦਿਨਾਂ ਦੇ ਦੌਰੇ 'ਤੇ ਪਹੁੰਚਣਗੇ ਕੋਲਕਾਤਾ

ਕੋਲਕਾਤਾ : ਫ਼ੁੱਟਬਾਲ ਦੇ ਮਹਾਨ ਖਿਡਾਰੀ ਲਿਓਨਲ ਮੈਸੀ ਦੇ ਭਾਰਤ ਦੌਰੇ ਨੂੰ ਅੰਤਿਮ ਮਨਜ਼ੂਰੀ ਮਿਲ ਗਈ ਹੈ। ਅਰਜਨਟੀਨਾ ਦਾ ਇਹ ਸੁਪਰਸਟਾਰ ਤਿੰਨ ਭਾਰਤੀ ਸ਼ਹਿਰਾਂ ਦੇ ਦੌਰੇ ਦੀ ਸ਼ੁਰੂਆਤ 12 ਦਸੰਬਰ ਤੋਂ ਕੋਲਕਾਤਾ 'ਚ ਪਹੁੰਚ ਕੇ ਕਰਨਗੇ। ਉਨ੍ਹਾਂ ਦੇ ਦੌਰੇ ਦੇ ਪ੍ਰੋਮੋਟਰ ਸਤੇਂਦਰੂ ਦੱਤਾ ਨੇ ਇਹ ਜਾਣਕਾਰੀ ਦਿਤੀ।

ਫੁੱਟਬਾਲ ਦਾ ਦੀਵਾਨਾ ਸ਼ਹਿਰ ਕੋਲਕਾਤਾ ਮੈਸੀ ਦੀ ਤੂਫਾਨੀ ਯਾਤਰਾ ਦਾ ਪਹਿਲਾ ਸਟਾਪ ਹੋਵੇਗਾ, ਜਿਸ ਦਾ ਨਾਮ 'GOAT Tour of India 2025' ਹੋਵੇਗਾ, ਇਸ ਤੋਂ ਬਾਅਦ ਉਹ ਅਹਿਮਦਾਬਾਦ, ਮੁੰਬਈ ਅਤੇ ਨਵੀਂ ਦਿੱਲੀ ਵੀ ਜਾਣਗੇ। ਇਹ ਦੌਰਾ 15 ਦਸੰਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਉਨ੍ਹਾਂ ਦੀ ਰਿਹਾਇਸ਼ ਉਤੇ ਮੁਲਾਕਾਤ ਤੋਂ ਬਾਅਦ ਸਮਾਪਤ ਹੋਵੇਗਾ।

ਅਰਜਨਟੀਨਾ ਦੇ ਇਸ ਮਹਾਨ ਖਿਡਾਰੀ ਦੀ 2011 ਤੋਂ ਬਾਅਦ ਇਹ ਪਹਿਲੀ ਭਾਰਤ ਯਾਤਰਾ ਹੋਵੇਗੀ। ਉਦੋਂ ਉਹ ਕੋਲਕਾਤਾ ਦੇ ਸਾਲਟ ਲੇਕ ਸਟੇਡੀਅਮ ਵਿਚ ਵੈਨੇਜ਼ੁਏਲਾ ਵਿਰੁਧ ਫੀਫਾ ਦੋਸਤਾਨਾ ਮੈਚ ਖੇਡਣ ਲਈ ਅਪਣੇ ਨਾਗਰਿਕ ਨਾਲ ਭਾਰਤ ਆਏ ਸਨ।

ਦੱਤਾ ਨੇ ਕਿਹਾ, ''ਮੈਸੀ 28 ਅਗੱਸਤ ਤੋਂ 1 ਸਤੰਬਰ ਦੇ ਵਿਚਕਾਰ ਕਿਸੇ ਵੀ ਦਿਨ ਅਧਿਕਾਰਤ ਪੋਸਟਰ ਅਤੇ ਅਪਣੇ ਦੌਰੇ ਦੀ ਛੋਟੀ ਜਿਹੀ ਜਾਣ-ਪਛਾਣ ਸੋਸ਼ਲ ਮੀਡੀਆ ਉਦੇ ਪੋਸਟ ਕਰਨਗੇ।'' ਦੱਤਾ ਨੇ ਇਸ ਸਾਲ ਦੀ ਸ਼ੁਰੂਆਤ 'ਚ ਪ੍ਰਸਤਾਵ ਪੇਸ਼ ਕਰਨ ਲਈ ਮੈਸੀ ਦੇ ਪਿਤਾ ਨਾਲ ਮੁਲਾਕਾਤ ਕੀਤੀ ਸੀ ਅਤੇ 28 ਫ਼ਰਵਰੀ ਨੂੰ ਮੈਸੀ ਨੇ ਖੁਦ ਉਨ੍ਹਾਂ ਨਾਲ ਉਨ੍ਹਾਂ ਦੀ ਰਿਹਾਇਸ਼ ਉਤੇ 45 ਮਿੰਟ ਦੀ ਚਰਚਾ ਲਈ ਮੁਲਾਕਾਤ ਕੀਤੀ ਸੀ।

ਦੱਤਾ ਨੇ ਕਿਹਾ, ''ਮੈਂ ਯੋਜਨਾ ਬਾਰੇ ਦਸਿਆ ਅਤੇ ਅਸੀਂ ਕੀ ਕਰਨਾ ਚਾਹੁੰਦੇ ਸੀ। ਉਨ੍ਹਾਂ ਨੂੰ ਮੇਰੇ ਉਤੇ ਯਕੀਨ ਸੀ ਅਤੇ ਉਨ੍ਹਾਂ ਨੇ ਦੌਰੇ ਲਈ ਵਚਨਬੱਧਤਾ ਪ੍ਰਗਟਾਈ।''

ਮੈਸੀ ਦੇ ਵਫ਼ਦ ਵਿਚ ਇੰਟਰ ਮਿਆਮੀ ਦੇ ਸਾਥੀ ਰੋਡਰੀਗੋ ਡੀ ਪਾਲ, ਲੁਈਸ ਸੁਆਰੇਜ਼, ਜੋਰਡੀ ਅਲਬਾ ਅਤੇ ਸਰਜੀਓ ਬੁਸਕੇਟਸ ਵੀ ਸ਼ਾਮਲ ਹੋ ਸਕਦੇ ਹਨ ਪਰ ਦੱਤਾ ਨੇ ਕਿਸੇ ਦਾ ਨਾਮ ਦੱਸਣ ਤੋਂ ਇਨਕਾਰ ਕਰ ਦਿਤਾ। ਮੈਸੀ ਦੀ ਯਾਤਰਾ ਵਿਚ ਹਰ ਸ਼ਹਿਰ ਵਿਚ ਬੱਚਿਆਂ ਨਾਲ ਮਾਸਟਰ ਕਲਾਸ ਹੋਵੇਗੀ, ਜਿਸ ਦਾ ਉਦੇਸ਼ ਭਾਰਤੀ ਫੁੱਟਬਾਲਰਾਂ ਦੀ ਅਗਲੀ ਪੀੜ੍ਹੀ ਨੂੰ ਪ੍ਰੇਰਿਤ ਕਰਨਾ ਹੈ।

ਉਹ 12 ਦਸੰਬਰ ਦੀ ਰਾਤ ਨੂੰ ਕੋਲਕਾਤਾ ਪਹੁੰਚਣਗੇ ਅਤੇ ਇਥੇ ਹੀ ਦੋ ਦਿਨ ਅਤੇ ਇਕ ਰਾਤ ਬਿਤਾਉਣਗੇ। ਅਗਲੇ ਦਿਨ ਈਡਨ ਗਾਰਡਨ ਜਾਂ ਸਾਲਟ ਲੇਕ ਸਟੇਡੀਅਮ 'ਚ 'GOAT ਕੰਸਰਟ' ਅਤੇ 'GOAT ਕੱਪ' ਦਾ ਉਦਘਾਟਨ ਕੀਤਾ ਜਾਵੇਗਾ।

ਇਥੇ ਉਹ ਅਪਣੀ ਹੁਣ ਤੱਕ ਦੀ ਸੱਭ ਤੋਂ ਵੱਡੀ ਮੂਰਤੀ ਦਾ ਉਦਘਾਟਨ ਕਰਨਗੇ, ਜੋ 25 ਫੁੱਟ ਦੀ ਉਚਾਈ ਅਤੇ 20 ਫੁੱਟ ਚੌੜਾਈ ਵਾਲੀ ਹੋਵੇਗੀ। ਉਹ ਈਡਨ ਗਾਰਡਨ 'ਚ GOAT ਕੱਪ ਵੀ ਖੇਡਣਗੇ ਜਿਸ ਵਿਚ ਹਰ ਟੀਮ ਦੇ 7-7 ਖਿਡਾਰੀ ਹੋਣਗੇ। ਮੈਸੀ ਸੌਰਵ ਗਾਂਗੁਲੀ, ਲਿਏਂਡਰ ਪੇਸ, ਜਾਨ ਅਬਰਾਹਮ ਅਤੇ ਬਾਈਚੁੰਗ ਭੂਟੀਆ ਦੇ ਨਾਲ ਹੋਣਗੇ। ਆਯੋਜਕਾਂ ਨੂੰ ਉਮੀਦ ਹੈ ਕਿ ਟਿਕਟਾਂ ਦੀ ਕੀਮਤ 3,500 ਰੁਪਏ ਤੋਂ ਸ਼ੁਰੂ ਹੋ ਸਕਦੀ ਹੈ। ਪਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਪ੍ਰੋਗਰਾਮ ਦੌਰਾਨ ਮੈਸੀ ਨੂੰ ਸਨਮਾਨਿਤ ਕਰ ਸਕਦੇ ਹਨ। ਸੁਰੱਖਿਆ ਸਭ ਤੋਂ ਵੱਡੀ ਤਰਜੀਹ ਹੋਵੇਗੀ।

13 ਦਸੰਬਰ ਦੀ ਸ਼ਾਮ ਨੂੰ ਮੈਸੀ ਅਡਾਨੀ ਫਾਊਂਡੇਸ਼ਨ ਵਲੋਂ ਇਕ ਨਿੱਜੀ ਪ੍ਰੋਗਰਾਮ ਲਈ ਅਹਿਮਦਾਬਾਦ ਜਾਣਗੇ। ਮੁੰਬਈ ਪੜਾਅ 'ਚ 14 ਦਸੰਬਰ ਨੂੰ ਸੀ.ਸੀ.ਆਈ. ਬ੍ਰੇਬੋਰਨ 'ਚ ਮੁਲਾਕਾਤ ਹੋਵੇਗੀ, ਜਿਸ ਤੋਂ ਬਾਅਦ ਵਾਨਖੇੜੇ ਸਟੇਡੀਅਮ 'ਚ ਗੋਟ ਕੰਸਰਟ ਅਤੇ GOAT ਕੱਪ ਹੋਵੇਗਾ। ਨਵੀਂ ਚੀਜ਼ ਸੀ.ਸੀ.ਆਈ., ਬ੍ਰੇਬੋਰਨ ਵਿਖੇ ਮੁੰਬਈ ਪੈਡਲ ਘੋਅਠ ਕੱਪ ਹੋਵੇਗਾ। ਦੱਤਾ ਨੇ ਕਿਹਾ, ''ਮੈਸੀ ਰੈਕੇਟ ਖੇਡ ਦਾ ਬਹੁਤ ਵੱਡਾ ਪ੍ਰਸ਼ੰਸਕ ਹੈ। ਉਹ ਮੁੰਬਈ ਦੇ ਸੀ.ਸੀ.ਆਈ. ਬ੍ਰੇਬੋਰਨ ਵਿਚ ਮਸ਼ਹੂਰ ਹਸਤੀਆਂ ਦੇ ਨਾਲ ਪੈਡਲ ਖੇਡੇਗਾ।''

ਸੂਤਰਾਂ ਨੇ ਦਸਿਆ ਕਿ ਇਸ ਵਿਚ ਸ਼ਾਹਰੁਖ ਖਾਨ ਅਤੇ ਲਿਏਂਡਰ ਪੇਸ ਦੇ ਹਿੱਸਾ ਲੈਣ ਦੀ ਉਮੀਦ ਹੈ, ਜਿਸ ਵਿਚ ਮੈਸੀ ਪੰਜ ਤੋਂ 10 ਮਿੰਟ ਤਕ ਖੇਡ ਸਕਦਾ ਹੈ। ਮਹਾਰਾਸ਼ਟਰ ਕ੍ਰਿਕਟ ਐਸੋਸੀਏਸ਼ਨ (ਐੱਮ.ਸੀ.ਏ.) ਸਚਿਨ ਤੇਂਦੁਲਕਰ, ਮਹਿੰਦਰ ਸਿੰਘ ਧੋਨੀ ਅਤੇ ਰੋਹਿਤ ਸ਼ਰਮਾ ਦੇ ਨਾਲ ਮੈਸੀ ਅਤੇ ਰਣਵੀਰ ਸਿੰਘ, ਆਮਿਰ ਖਾਨ ਅਤੇ ਟਾਈਗਰ ਸ਼ਰਾਫ ਦੀ ਬਾਲੀਵੁੱਡ ਲਾਈਨ-ਅਪ 'GOAT ਮੋਮੈਂਟ' ਦੀ ਜੋੜੀ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ।



ਮੈਸੀ 15 ਦਸੰਬਰ ਨੂੰ ਦਿੱਲੀ 'ਚ ਪ੍ਰਧਾਨ ਮੰਤਰੀ ਮੋਦੀ ਨਾਲ ਉਨ੍ਹਾਂ ਦੀ ਰਿਹਾਇਸ਼ ਉਤੇ ਮੁਲਾਕਾਤ ਕਰਨਗੇ ਅਤੇ ਫਿਰ ਫਿਰੋਜ਼ ਸ਼ਾਹ ਕੋਟਲਾ 'ਚ GOAT ਕੰਸਰਟ ਅਤੇ GOAT ਕੱਪ 'ਚ ਹਿੱਸਾ ਲੈਣਗੇ। ਸੂਤਰਾਂ ਨੇ ਪ੍ਰਗਟਾਵਾ ਕੀਤਾ ਕਿ ਦਿੱਲੀ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਵਿਰਾਟ ਕੋਹਲੀ ਅਤੇ ਸ਼ੁਭਮਨ ਗਿੱਲ ਨੂੰ ਵੀ ਸੱਦਾ ਦੇ ਰਹੀ ਹੈ, ਜੋ ਧਰਮਸ਼ਾਲਾ ਵਿਚ ਦਖਣੀ ਅਫਰੀਕਾ ਵਿਰੁਧ ਭਾਰਤ ਦਾ ਤੀਜਾ ਟੀ-20 ਮੈਚ ਖੇਡਣ ਤੋਂ ਇਕ ਦਿਨ ਬਾਅਦ 'ਮੈਸੀ ਦੇ ਬਹੁਤ ਵੱਡੇ ਪ੍ਰਸ਼ੰਸਕ' ਹਨ।

KATARIA TOURS & TRAVEL
LOW AIR FARE | LOW AIR FARE | LOW AIR FARE | LOW AIR FARE
ਸਸਤੀਆਂ ਹਵਾਈ ਟਿਕਟਾਂ
We Provide visa for INDIA, UK, USA EUROPE, DUBAI & Other Countries and PR Card Application
Ph: 905.678.1200
Fax: 905.678.1201
Toll Free: 1.888.678.1201
Passport & I.D. Photo
Email: katariatravels@gmail.com
Web: www.katariatravels.com
Avtar Kataria
416.871.3676
2883 Derry Road East, Mississauga, ON. L4T 1A6

MANN TRAVELS & TOURS
IATA
Thai, Royal Airlines, British Airways, Air Arabia, Qatar, Jet Airways, Emirates, Gulf Air, Air China, Korean Air, Etihad, Cathay Pacific, Alitalia, Malaysia, Air France, Drukair, Austrian, Turkish Airlines, JAL, Air Canada, United, American Airlines, Qantas, Lufthansa, KLM, British Airways
Amarjit S. Mann
ਮਾਨ ਟ੍ਰੈਵਲਜ਼ ਤੋਂ ਤੁਹਾਨੂੰ ਸਸਤੀਆਂ ਟਿਕਟਾਂ ਅਤੇ ਵਧੀਆ ਸੇਵਾਵਾਂ ਮਿਲਣਗੀਆਂ।
ਵਧੇਰੇ ਜਾਣਕਾਰੀ ਲਈ ਅਮਰਜੀਤ ਸਿੰਘ ਮਾਨ ਨਾਲ ਸੰਪਰਕ ਕਰੋ।
Springdale: 905-497-6300, 1098 Peter Robertson Blvd., #3 (Springdale) Brampton
Hamilton: 905-930-7700, 06-141 Highway 8, Stoney Creek
Brampton: 905-595-2000, 499 Raylawson Blvd., Unit #32, Brampton, ON
Markham: 416-603-1800, 45 Karachi Dr., Unit 45 Markham
Airport Rd.: 905-595-1700, 60 Cottrelle Blvd. Unit 12C, Brampton
India: 01624-22315-16-17, opp Union Bank of India Tehsil Rd, Jograon

SKYDOME GROUP OF COMPANIES
Ontario Ministry of Transportation Approved Repair Centre
www.skydomeauto.ca
FLEET DISCOUNTS
Towing Across North America
Drive Clean Test & Repair Facility
Specialize In:
• Paint, Collision
• Mechanical Work
• Fleet Paint & Body Work
• Insurance Claims Welcome
FCA, MOPAR Certified Collision Repair Facility
Daljit Singh Gaidhu
www.skydomeauto.ca
http://skydomeauto.goldbook.ca
TIRES
Satnam Singh, Satbir Singh, Inderpal Singh, InderJit Singh
4 Locations To Serve You! Head Office: 905-874-9878
SKYDOME AUTO & BODY CENTRE, 308 Rutherford Rd. Brampton, ON L6W 3K7, Office: 905-874-9878 | Fax: 905-874-9747, skydome_auto@hotmail.com
SKYDOME EMISSION & ALIGNMENT CENTRE, 210 RUTHERFORD RD SOUTH, OFFICE: 9054509878, FAX: 905-450-9808
SKYDOME TRUCK CENTRE, 30 STAFFORD DR BRAMPTON, OFFICE: 905-460-1414, FAX: 905-460-9451
SKYDOME AUTO SALES, 30 STAFFORD DR BRAMPTON, ON, L6W 1L4, DILJIT: 416-305-9878
ONTARIO'S DRIVE CLEAN

ASIAN FOOD CENTER
www.asianfoodcentre.ca
WHOLESALER & RETAILER
ਤਾਜ਼ੀਆਂ ਸਬਜ਼ੀਆਂ ਅਤੇ ਫ਼ਲਾਂ ਦੀ ਮੰਡੀ, ਸਸਤੀ ਗਰੋਸਰੀ
ਸੱਤ ਸਟੋਰਾਂ ਨਾਲ ਤੁਹਾਡੀ ਸੇਵਾ ਵਿੱਚ
10 Westmore Dr. Etobicoke, ON 416-740-3262
308 Eddystone Ave. North York, ON 416-740-3360
1075 Ceremonial Drive Mississauga, ON 905-502-1600
284 Orenda Road Unit#13 Brampton, ON 905-450-9167
621 Wanless Drive Brampton, ON 905-495-3336
80 Pertosa Drive Brampton, ON 905-460-0009
2120 North Park Dr Unit#106 Brampton, ON 905-793-1338